ੴ ਵਾਹਿਗੁਰੂ ਜੀ ਕੀ ਫ਼ਤਹਿ

# ਚੌਵੀ ਅਵਤਾਰ ਤੇ ਅਵਤਾਰਵਾਦ

# ਰੱਬ ਨੂੰ ਬਿਪਤਾ


**ਲੇਖਕ**

**ਮਹਿੰਦਰ ਸਿੰਘ ਜੋਸ਼**

**(ਆਫ਼ ਸ਼੍ਰੋਮਣੀ ਸਿੱਖ ਸਮਾਜ)**

535, ਸੈਕਟਰ 55

**ਸਾਹਿਬਜ਼ਾਦਾ ਅਜੀਤ ਸਿੰਘ ਨਗਰ - 160055**

ਫ਼ੋਨ : **0172-2226255**



**ਪ੍ਰਕਾਸ਼ਕ**

ਜਗਮੋਹਣ ਸਿੰਘ ਗਿਆਨੀ

ਦੁਰਮਤ ਸੋਧਕ ਗੁਰਮਤਿ ਲਹਿਰ

ਮੋਚਪੁਰਾ, ਲੁਧਿਆਣਾ

ਪਹਿਲੀ ਵਾਰ : ਮਾਰਚ, 2006

ਮੁੱਲ : ਰੁ: 60.00
Price : Rs. 60
Deluxe : Rs 70
$ 7 ; £ 5

ਮਿਲਣ ਦੇ ਪਤੇ:

(1) **Mahinder Singh Josh**
535, Sector 55
Sahibzada Ajit Singh Nagar,
(Pb) (India) - Pin : 160055
Phone: **0172-2226255**

(2) **Jagmohan Singh Giani**
Durmat Sodhak Gurmat Lehar
Mochpura, Ludhiana.
Phone : 98729-53367

(3) **S.K. Publications**
Booth No. 94, Sector-71
S.A.S. Nagar
Phone : 0172 - 5013694

*Copy rights with the author*
*ਸਭ ਹੱਕ ਕਰਤਾ ਦੇ ਰਾਖਵੇਂ ਹਨ*



*Printed at : Printline Offset Printers, Mohali (Tel:) 0172-5091500*

########################################

# ਸਮੱਰਪਣ

**ਅਤੀ ਪਿਆਰੇ ਵੀਰ,**

## ਸ: ਜੋਗਿੰਦਰ ਸਿੰਘ ਜੀ

**ਆਫ਼**

## ਸਪੌਕਸਮੈਨ ਮਾਸਕ

**ਅਤੇ**

## ਰੋਜ਼ਾਨਾ ਸਪੋਕਸਮੈਨ

**ਚੰਡੀਗੜ੍ਹ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ**

**ਨੂੰ**

*ਜਿਹਨਾਂ ਦੀਆਂ ਦਲੇਰੀ ਭਰੀਆਂ, ਸਪੱਸ਼ਟ, ਬੇਬਾਕ ਅਤੇ ਨਿਰੋਲ ਪੰਥਕ ਜਜ਼ਬੇ ਨਾਲ ਭਰੀਆਂ ਲਿਖਤਾਂ ਅਤੇ ਨਿੱਘੇ ਪਿਆਰ ਵਾਲੀ ਸੰਗਤ ਤੇ ਨਿਰਮਲ ਪ੍ਰੇਰਨਾ ਨੇ ਦਾਸ ਨੂੰ ਅਤਿ ਦੇ ਰੁਝੇਵਿਆਂ ਅਤੇ ਅਣ-ਸੁਖਾਵੇਂ ਪਰਵਾਰਕ ਹਾਲਾਤ ਵਿੱਚ ਵੀ ਇਹ ਪੁਸਤਕ ਪੰਥ ਦੇ ਚਰਨਾਂ ਵਿੱਚ ਅਰਪਿਤ ਕਰਨ ਦੇ ਯੋਗ ਬਣਾਇਆ ਹੈ।*

**ਮਹਿੰਦਰ ਸਿੰਘ ਜੋਸ਼**

########################################

# ਤਤਕਰਾ


| | | |
|---|---|---|
| ੧. | ਪ੍ਰਕਾਸ਼ਕ ਦਾ ਮਨੋਰਥ ਅਤੇ ਜੋਦੜੀ | 5 |
| ੨. | ਦੋ ਸ਼ਬਦ     ਲੈਃ ਕਰਨਲ ਗੁਰਦੀਪ ਸਿੰਘ ਤੇ ਸਃ ਸੁਖਦੇਵ ਸਿੰਘ | 6 |
| ੩. | ਪੇਸ਼ਕਾਰੀ     ਡਾਃ ਹਰਜਿੰਦਰ ਸਿੰਘ ਦਿਲਗੀਰ | 8 |
| ੪. | ਰੱਬ ਨੂੰ ਪਾਈ ਗਈ ਬਿਪਤਾ ਅਤੇ ਗੁਰਮਤਿ ਸਿਧਾਂਤ | 9 |
| ੫. | ਗ਼ਲਤ-ਫ਼ਹਿਮੀਆਂ ਦੇ ਕਾਰਨ | 26 |
| ੬. | ਅਵਤਾਰ ਕਥਾਵਾਂ ਦੀ ਵਿਸ਼ਾ-ਵਸਤੂ | 28 |
| ੭. | ਮੱਛ, ਕਛੂ, ਨਰ, ਨਾਰਾਇਣ, ਮਹਾਂ ਮੋਹਨੀ ਤੇ ਵਰਾਹ ਅਵਤਾਰ | 33 |
| ੮. | ਨਰਸਿੰਘ, ਬਾਵਨ ਅਤੇ ਪਰਸਰਾਮ ਅਵਤਾਰ | 40 |
| ੯. | ਬ੍ਰਹਮਾ, ਰੁਦ੍ਰ, ਜਲੰਧਰ, ਵਿਸ਼ਨੂੰ[੧], ਵਿਸ਼ਨੂੰ[੨] | 46 |
| ੧੦. | ਅਰਿਹੰਤ, ਮਨੂ, ਧਨੰਤਰ, ਸੂਰਜ ਅਤੇ ਚੰਦ੍ਰ ਅਵਤਾਰ | 54 |
| ੧੧. | ਰਾਮਾਵਤਾਰ | 63 |
| ੧੨. | ਸ੍ਰੀ ਕ੍ਰਿਸ਼ਨਾਵਤਾਰ | 74 |
| ੧੩. | ਅਰਜਨ, ਬੌਧ ਅਤੇ ਨਿਹਕਲੰਕੀ ਅਵਤਾਰ | 96 |

# ਪ੍ਰਕਾਸ਼ਕ ਦਾ ਮਨੋਰਥ ਅਤੇ ਜੋਦੜੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸਤਿਗੁਰੂ ਅਮਰਦਾਸ ਸਾਹਿਬ ਦੇ ਹੇਠ ਲਿਖੇ ਪਾਵਨ ਬਚਨ ਨਾ ਤਾਂ ਕਿਸੇ ਵਿਆਖਿਆ ਦੇ ਮੁਹਤਾਜ ਹਨ ਅਤੇ ਨਾ ਹੀ ਕਿਸੇ ਸਪੱਸ਼ਟਤਾ ਦੇ। ਇਹਨਾਂ ਪਾਵਨ ਬਚਨਾਂ ਬਾਰੇ ਕਿੰਤੂ-ਪ੍ਰੰਤੂ ਕਰਨੀ ਸਾਡੀ ਡੋਲ ਚੁੱਕੀ ਅਕੀਦਤ ਅਤੇ ਸ਼ਰਧਾ ਉਤੇ ਕੇਵਲ ਸੁਆਲੀਆ ਨਿਸ਼ਾਨ ਹੀ ਲਗਾਉਂਦੀ ਹੈ :-

**ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥**
**ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ, ਕਚੀ ਬਾਣੀ॥**
**ਕਹਦੇ ਕਚੇ ਸੁਣਦੇ ਕਚੇ, ਕਚੀਂ ਆਖਿ ਵਖਾਣੀ॥** (ਮ: ੩ ੯੨੦)

ਹਰ ਸਿਖ ਲਈ ਅਜ " ਸਤਿਗੁਰੂ" ਤੋਂ ਮੁਰਾਦ "ਸ੍ਰੀ ਗੁਰੂ ਗ੍ਰੰਥ ਸਾਹਿਬ" ਜੀ ਹੈ ਅਤੇ ਹੋਰ ਕੁੱਝ ਹੋਣਾ ਕੁਫ਼ਰ ਤੋਂ ਘੱਟ ਨਹੀਂ ਮੰਨਿਆ ਜਾਣਾ ਚਾਹੀਦਾ। ਹਥਲੀ ਪੁਸਤਕ ਦੇ ਲਿਖਾਰੀ ਸ: ਮਹਿੰਦਰ ਸਿੰਘ ਜੋਸ਼ ਦੀ ਗੁਰੂ ਪ੍ਰਤੀ ਭਾਵਨਾ ਅਤੇ ਸ਼ਰਧਾ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਉੱਤੇ ਹੈ। ਇਸ ਬਾਰੇ ਉਹ ਕਿਸੇ ਵਿਅਕਤੀ ਦੀ ਕਿਸੇ ਵੀ ਕਿੰਤੂ-ਪ੍ਰੰਤੂ ਨੂੰ ਗੁਰਬਾਣੀ ਦਲੀਲਾਂ ਦੀ ਬੌਛਾਰ ਨਾਲ ਧੂਏਂ ਦੇ ਪਹਾੜ ਨੂੰ ਉਡਾਉਣ ਦੀ ਤਰ੍ਹਾਂ ਨਿਤ ਹੀ ਉਡਾ ਕੇ ਤਹਿਸ-ਨਹਿਸ ਕਰਦੇ ਰਹਿੰਦੇ ਹਨ। ਉਹਨਾਂ ਵਲੋਂ ਲਿਖੀਆਂ " ਖੱਸ਼ਟ ਰਾਗ ਕਿਨ ਗਾਏ ?", "ਬਚਿਤ੍ਰ ਨਾਟਕ ਦੀਆਂ ਬਚਿੱਤਰ ਬਾਤਾਂ", "ਗੁਰਬਾਣੀ ਬਨਾਮ ਪਖਯਾਨ ਚਰਿਤ੍ਰ" "ਸੋ ਦਰੁ ਬਾਰੇ ਵਿਚਾਰ" ਆਦਿਕ ਰਚਨਾਵਾਂ ਸਿੱਖ ਸਿਧਾਂਤਾਂ ਦੀ ਨਿਰੋਲਤਾ ਅਤੇ ਅਖੰਡਤਾ ਨੂੰ ਹੀ ਨਹੀਂ ਨਿਖਾਰਦੀਆਂ, ਸਗੋਂ ਗੁਰਮਤਿ ਦੇ ਪ੍ਰਚਾਰਕਾਂ ਨੂੰ ਬੇਬਾਕੀ ਤੇ ਦਲੇਰੀ ਨਾਲ ਉਹਨਾਂ ਨੂੰ ਬੜੀ ਜ਼ੋਰਦਾਰ ਅਤੇ ਦਲੀਲ–ਭਰੀ ਸ਼ੈਲੀ ਸਹਿਤ ਪੇਸ਼ ਕਰਨ ਦੀ ਸੰਜੋਅ ਨਾਲ ਸਨਦਬਧ ਕਰਦੀਆਂ ਹਨ।

ਖ਼ੁੱਦ ਸਿਹਤ ਵਲੋਂ ਠੀਕ ਤਰ੍ਹਾਂ ਸਾਥ ਨਾ ਦੇ ਸਕਣ ਅਤੇ ਹੋਰ ਕਈ ਔਕੜਾਂ ਵਿੱਚ ਫਸੇ ਹੋਣ ਦੇ ਬਾਵਜੂਦ ਦਾਸਰੇ ਨੇ ਜੋਸ਼ ਜੀ ਵਲੋਂ ਗੁਰਮਤਿ ਪ੍ਰਚਾਰ ਦੇ ਨਿਖਾਰ ਅਤੇ ਸਿਧਾਂਤਕ ਸਪੱਸ਼ਟਤਾ ਵਿਚ ਪਾਏ ਨਾਯਾਬ ਯੋਗਦਾਨ ਨੂੰ ਸਵੀਕਾਰਦਿਆਂ ਹੋਰ ਪੁਸਤਕਾਂ ਦੀ ਤਰ੍ਹਾਂ ਇਹ ਹਥਲੀ ਪੁਸਤਕ ਵੀ ਥੋੜੇ ਜਿਹੇ ਸਮੇਂ ਵਿਚ ਹੀ ਪ੍ਰਕਾਸ਼ਤ ਕਰ ਦੇਣ ਦਾ ਹੀਆ ਕੀਤਾ ਹੈ । ਇਸਦੇ ਨਾਲ–ਨਾਲ ਦਾਸਰੇ ਨੇ ਅਕਾਲ ਪੁਰਖ ਵਲੋਂ ਤਾਜ਼ੇ ਤੌਰ ਤੇ ਹੋਏ ਨਵੇਂ ਹੁਕਮ ਨੂੰ ਵੀ ਆਪਣੇ ਵੀਰ, ਜੋਸ਼ ਜੀ ਵਲ ਘਲ ਦਿੱਤਾ ਹੈ ਕਿ ਉਹ ਭੱਟਾਂ ਦੇ ਸਵੱਈਆਂ ਸਬੰਧੀ ਸਵੱਈਆਂ ਦੀ ਵਿਸ਼ਾ–ਵਸਤੂ ਤੇ ਲਿਖਣ ਸ਼ੈਲੀ ਬਾਰੇ ਸਭ ਸਿੱਖ ਪ੍ਰਚਾਰਕਾਂ ਲਈ ਭਰੋਸੇਯੋਗ ਲੋੜੀਂਦਾ ਮਸੌਦਾ ਪੇਸ਼ ਕਰਨ ਵਾਲੀ ਪੁਸਤਕ ਲਿਖਣ ਵਿਚ ਹੋਰ ਦੇਰੀ ਨਾ ਕਰਨ ਤਾਂ ਕਿ ਇਹਨਾਂ ਬਾਰੇ ਪੈਦਾ ਕੀਤੇ ਜਾ ਰਹੇ ਜਾਂ ਉਠਾਏ ਜਾ ਰਹੇ ਨਿਰਮੂਲ ਸ਼ੰਕਿਆਂ ਅਤੇ ਇਤਰਾਜ਼ਾਂ ਸਬੰਧੀ ਫੈਸਲਾ-ਕੁੰਨ ਹੱਲ ਕੱਢ ਦਿੱਤਾ ਜਾਏ। ਇਸ ਸੇਵਾ ਲਈ ਸ਼੍ਰੋਮਣੀ ਸਿੱਖ ਸਮਾਜ (ਇੰਟਰਨੇਸ਼ਨਲ) ਦੇ ਸੇਵਾਦਾਰਾਂ ਵਲੋਂ ਦਾਸਰੇ ਰਾਹੀਂ ਆਪ ਨੂੰ ਦੋ ਮਹੀਨਿਆਂ ਦਾ ਸਮਾਂ ਦੇਣ ਦੀ ਖੁਲ੍ਹ ਦਿਲੀ ਜ਼ਾਹਿਰ ਕਰ ਦਿੱਤੀ ਗਈ ਹੈ।

ਜਗਮੋਹਣ ਸਿੰਘ ਗਿਆਨੀ

20-2-2006 ਪ੍ਰਕਾਸ਼ਕ

# ਦੋ ਸ਼ਬਦ ਪੰਥ ਦਰਦੀਆਂ ਦੀ ਸੇਵਾ ਵਿੱਚ

*ਮਾਰਿਆ ਸਿੱਕਾ ਜਗਤ ਵਿੱਚ, ਨਾਨਕ ਨਿਰਮਲ ਪੰਥ ਚਲਾਇਆ।*
*(ਭਾਈ ਗੁਰਦਾਸ ਜੀ)*

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਛੋਟੀ ਉਮਰੇ ਹੀ ਇਹ ਸਪੱਸ਼ਟ ਸੰਕੇਤ ਦੇ ਦਿੱਤੇ ਸਨ ਕਿ ਉਹ ਲੋਕਾਈ ਨੂੰ ਵਾਹਿਦ ਪਰਮੇਸ਼ਰ ਦੇ ਲੜ ਲਾ ਕੇ ਸਰਬੱਤ ਦੇ ਭਲੇ ਵਾਲਾ ਨਿਰਮਲ ਪੰਥ ਅਕਾਲ ਪੁਰਖ ਦੀ ਆਗਿਆ ਅਨੁਸਾਰ ਚਲਾਉਣ ਆਏ ਹਨ ਜਿਸਦੀ ਰੂਹਾਨੀਅਤ ਦਾ ਧੁਰਾ ਮਨੁੱਖਤਾ ਦੀ ਬਰਾਬਰਤਾ ਦੇ ਸਿਧਾਂਤ ਤੇ ਆਧਾਰਤ ਨੇਕ ਭਾਈਚਾਰਾ (Brotherhood of mankind, unity and fatherhood of God) ਹੀ ਹੋਵੇਗਾ। ਪਰੰਤੂ, ਮਨੁੱਖੀ ਸਮਾਜ ਦੀ ਪਿੱਠ ਉੱਤੇ ਕਾਠੀ ਪਾ ਕੇ ਪੱਕੇ ਤੌਰ ਤੇ ਸਵਾਰ ਹੋਏ ਬਾਹਮਣ, ਕਾਜ਼ੀ, ਮੁੱਲਾਂ, ਜੋਗੀ, ਚੌਧਰੀ ਅਤੇ ਸਿਕਦਾਰਾਂ ਦੇ ਸਮਾਜ-ਵਿਰੋਧੀ ਟੋਲੇ ਨੂੰ ਇਹ ਸਿਧਾਂਤ ਕਿਸੇ ਤਰ੍ਹਾਂ ਵੀ ਰਾਸ ਨਹੀਂ ਸੀ ਆ ਸਕਦਾ ਕਿਉਂਕਿ ਉਹ ਸਮਾਜ ਵਿੱਚ ਜਾਤ-ਪਾਤ, ਊਚ-ਨੀਚ ਅਤੇ ਵਹਿਮਾਂ-ਭਰਮਾਂ ਦੇ ਝੂਠੇ ਅਸੂਲਾਂ ਦਾ ਸਹਾਰਾ ਲੈ ਕੇ ਪੁਸ਼ਤੋ-ਪੁਸ਼ਤੀ ਕਾਇਮ ਕੀਤਾ ਹੋਇਆ ਆਪਣਾ ਰੋਹਬ ਅਤੇ ਮਾਣ-ਸਤਿਕਾਰ ਤਿਆਗਣ ਲਈ ਕਿਸੇ ਵੀ ਕੀਮਤ ਤੇ ਤਿਆਰ ਨਹੀਂ ਸਨ। ਇਹੋ ਹੀ ਇੱਕੋ ਵੱਡਾ ਕਾਰਨ ਸੀ ਕਿ ਕਿ ਇਸ ਵਿਹਲੜ, ਸੁਆਰਥੀ ਅਤੇ ਮਨੁੱਖਤਾ ਦੀ ਰੱਤ ਨੂੰ ਪੀਣੇ ਲਾਣੇ ਵਿੱਚੋਂ ਬਾਹਮਣ ਨੇ ਸਭ ਤੋਂ ਮੂਹਰਲੀ ਕਤਾਰ ਵਿੱਚ ਆ ਕੇ ਸਤਿਗੁਰਾਂ ਦੇ ਇਸ ਰੱਬੀ-ਮਿਸ਼ਨ ਦੀ ਹਰ ਪਖੋਂ ਅਤੇ ਹਰ ਢੰਗ ਨਾਲ ਵਿਰੋਧਤਾ ਕਰਨੀ ਆਰੰਭ ਕਰ ਦਿੱਤੀ। ਵਿਰੋਧਤਾ ਦੇ ਇਹਨਾਂ ਢੰਗਾਂ ਤਰੀਕਿਆਂ ਵਿੱਚ ਇੱਕ ਢੰਗ ਉਸਨੇ ਗੁਰੂ ਨਾਨਕ ਸਾਹਿਬ ਜੀ ਦੇ ਦਸਾਂ ਹੀ ਜਾਮਿਆਂ ਵਲੋਂ ਬਖ਼ਸ਼ੀ ਗੁਰਮਤਿ ਵਿਚਾਰਧਾਰਾ ਵਿੱਚ ਰੋਲ-ਘਚੋਲਾ ਪਾ ਕੇ ਗੁਰੂ ਨਾਨਕ ਨਾਮ ਲੇਵਾ ਲੋਕਾਂ ਨੂੰ ਗੁਮਰਾਹ ਕਰਨ ਦੇ ਯਤਨਾਂ ਵਜੋਂ ਅਪਣਾਇਆ।

ਅਠ੍ਹਾਰਵੀਂ ਸਦੀ ਦੇ ਪਹਿਲੇ ਅੱਧ ਵਿੱਚ, ਬ੍ਰਾਹਮਣ ਆਦਿਕ ਅਨਮਤੀਆਂ ਨੇ ਅਨੇਕਾਂ ਹੀ ਗੁਰਮਤਿ-ਵਿਰੋਧੀ ਰਚਨਾਵਾਂ ਰਚ ਕੇ ਇਹਨਾਂ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਅੱਡ-ਅੱਡ ਜਾਮਿਆਂ ਨਾਲ ਜੋੜਨ ਦੇ ਕੁਹਝੇ ਅਤੇ ਨਾ-ਬਖ਼ਸ਼ਣ ਯੋਗ ਯਤਨ ਕੀਤੇ। ਇਹਨਾਂ ਨਾਕਸ ਅਤੇ ਗੁਰੂ ਨਿੰਦਿਆ ਨਾਲ ਭਰਪੂਰ ਰਚਨਾਵਾਂ ਵਿੱਚ 'ਗੁਰਬਿਲਾਸ ਪਾਤਸ਼ਾਹੀ ੬ਵੀਂ' ਅਤੇ "ਬਚਿਤ੍ਰ ਨਾਟਕ" (ਅਖੌਤੀ ਦਸਮ ਗ੍ਰੰਥ) ਖ਼ਾਸ ਕਰਕੇ ਜ਼ਿੱਕਰਯੋਗ ਹਨ। ਸਿੱਖ ਕੌਮ ਲਈ ਇਹ ਅਤਿ-ਕਠਿਨਾਈਆਂ ਵਾਲਾ ਸਮਾਂ ਸੀ ਜਦੋਂ ਕਿ ਸਮੁੱਚੀ ਕੌਮ ਇੱਕ ਪਾਸੇ ਤਾਂ ਜ਼ਾਲਮ ਮੁਗ਼ਲ ਰਾਜ ਦੀਆਂ ਹਿੰਦੁਸਤਾਨ ਵਿੱਚੋਂ ਜੜ੍ਹਾਂ ਪੁੱਟਣ ਲਈ ਹਥਿਆਰ-ਬੰਦ ਜਦੋ-ਜਹਿਦ ਵਿੱਚ ਉਲਝੀ ਹੋਈ ਸੀ ਅਤੇ ਦੂਜੇ ਪਾਸੇ ਬਾਹਰਲੇ ਅਫ਼ਗਾਨ ਹਮਲਾਵਰਾਂ ਦੇ ਹਮਲਿਆਂ ਨੂੰ ਪਛਾੜਨ ਅਤੇ ਆਪਣੀ ਵਿਲੱਖਣ ਹੋਂਦ ਨੂੰ ਬਚਾਉਣ ਲਈ ਜ਼ਿੰਦਗੀ-ਮੌਤ ਦੇ ਕਰੜੇ ਸੰਘਰਸ਼ ਵਿੱਚ ਵੀ ਰੁੱਝੀ ਹੋਈ ਸੀ। ਇਹ ਸਮਾਂ ਸ਼ਾਤਰ ਬ੍ਰਾਹਮਣ ਅਤੇ ਪੰਥ-ਦੋਖੀ ਸ਼ਕਤੀਆਂ ਨੂੰ ਗੁਰਮਤਿ ਵਿਚਾਰਧਾਰਾ ਵਿੱਚ ਲਿਖਤੀ ਤੌਰ ਤੇ ਮਿਲਾਵਟ ਕਰਨ ਲਈ ਬਹੁਤ ਹੀ ਫਬਵਾਂ ਲਗਿਆ ਸੀ।

੧੪੨੮ ਪੰਨਿਆਂ ਵਾਲੀ ਇੱਕ ਵੱਡ-ਆਕਾਰੀ ਸਾਕਤਮਤੀ ਸਮੁੱਚੀ ਰਚਨਾ ਦਾ ਮੁਢਲਾ ਨਾਮ ਤਾਂ ਬਚਿਤ੍ਰ ਨਾਟਕ ਹੀ ਪ੍ਰਸਿੱਧ ਸੀ ਜੋ ਕਿ ਬਾਅਦ ਵਿੱਚ ਬਦ-ਦਿਆਨਤੀ ਅਤੇ ਸ਼ਰਾਰਤੀ ਨੀਤੀ ਅਤੇ ਸਾਜਿਸ਼ਾਂ ਨਾਲ ਬਦਲਕੇ 'ਦਸਮ ਗ੍ਰੰਥ' ਕਰ ਦਿੱਤਾ ਗਿਆ ਅਤੇ ਹੁਣ ਇਸੇ ਨੂੰ 'ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਨਾਮ ਦੇ ਕੇ ਜੁਗੋ ਜੁਗ ਅਟੱਲ ਸਾਹਿਬ ਸ੍ਰੀ ਗੁਰੂ

ਗ੍ਰੰਥ ਸਾਹਿਬ ਜੀ ਦੇ ਸ਼ਰੀਕ ਵਜੋਂ ਉਭਾਰਨ ਦੇ ਕੁਹਝੇ ਅਤੇ ਨਾ-ਬਖ਼ਸ਼ਣ ਯੋਗ ਅਪਰਾਧ ਕੀਤੇ ਜਾ ਰਹੇ ਹਨ। ਸਮੁੱਚੀ ਸਿੱਖ ਕੌਮ ਲਈ ਖ਼ਾਸ ਕਰਕੇ ਅਤੇ ਨੇਕ-ਨੀਅਤ ਅਤੇ ਨਿਰਪੱਖ ਖੋਜੀ ਸਮਾਜ ਲਈ ਆਮ ਕਰਕੇ ਇਹ ਇੱਕ ਅਤਿ ਨਾਜ਼ਕ ਦੌਰ ਹੈ।

ਸਮੇਂ ਸਮੇਂ ਸਿਰ ਕੁੱਝ ਸੂਝਵਾਨ ਪੰਥ-ਦਰਦੀਆਂ ਨੇ ਪੰਥ-ਵਿਰੋਧੀ ਸ਼ਰਾਰਤੀ ਅਨਸਰਾਂ ਦੇ ਇਹਨਾਂ ਗੁਰਮਤਿ-ਵਿਰੋਧੀ ਕੁ-ਕਰਮਾਂ ਨੂੰ ਨੰਗਾ ਕਰਕੇ ਗੁਰਮਤਿ ਵਿਚਾਰਧਾਰਾ ਦੀ ਨਿਰੋਲਤਾ ਅਤੇ ਸਿਰਮੌਰਤਾ ਨੂੰ ਕਾਇਮ ਰੱਖਣ ਲਈ ਸ਼ਲਾਘਾ ਯੋਗ ਯਤਨ ਜਾਰੀ ਰਖੇ ਹਨ। ਸਾਡੇ ਪਰਮ ਮਿੱਤਰ ਅਤੇ ਪੰਥਕ ਵਿਦਵਾਨਾਂ ਦੀ ਜ਼ਿਕਰਯੋਗ ਕਤਾਰ ਵਿੱਚ ਖੜੇ ਇੱਕ ਹੋਰ ਵੀਰ ਮਹਿੰਦਰ ਸਿੰਘ 'ਜੋਸ਼' ਨੇ ਇਸ ਅਖੌਤੀ ਦਸਮ ਗ੍ਰੰਥ ਵਿੱਚੋਂ 'ਚਉਬੀਸ ਅਵਤਾਰ' ਵਾਲੇ ਹਿੱਸੇ ਦਾ ਗੁਰਬਾਣੀ ਦੇ ਅਟੱਲ ਸਿਧਾਂਤਾਂ ਦੀ ਕਸਵੱਟੀ ਲਾ ਕੇ ਇਸ ਹਥਲੀ ਪੁਸਤਕ ਰਾਹੀਂ ਬਾ-ਦਲੀਲ ਢੰਗ ਨਾਲ ਪਰਦਾ ਫ਼ਾਸ਼ ਕਰਕੇ ਅਤਿ ਸ਼ਲਾਘਾ ਯੋਗ ਅਤੇ ਮਾਅਰਕੇ ਦਾ ਉਦਮ ਕੀਤਾ ਹੈ। ਅਕਾਲ ਪੁਰਖ ਇਸ ਵੀਰ ਨੂੰ ਸਿੱਖ ਸਿਧਾਂਤਾਂ ਦੀ ਨਿਰਮਲਤਾ ਅਤੇ ਨਿਰੋਲਤਾ ਕਾਇਮ ਰਖਣ ਦੀ ਸੇਵਾ ਕਰਨ ਲਈ ਹੋਰ ਵਧੇਰੇ ਬਲ ਬਖਸ਼ੇ।

**ਅਪੀਲ:**

**ਅਰਸ਼ੀ ਦਾਤੇ, ਜੋਤਿ ਨਿਰੰਜਨੀ, ਨਿਰੰਕਾਰ ਪਰਮੇਸ਼ਰ ਦੇ ਸਾਕਾਰ-ਸਰੂਪ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਦਸ ਜਾਮੇ ਧਾਰਕੇ, ਅਨੇਕਾਂ ਅਕਹਿ ਅਤੇ ਅਸਹਿ ਕਸ਼ਟ ਸਹਾਰ ਕੇ ਦਿੱਤੀਆਂ ਅਦੁੱਤੀ ਸ਼ਹਾਦਤਾਂ ਅਤੇ ਕੁਰਬਾਨੀਆਂ ਦੇ ਫਲ-ਸਰੂਪ ਹੋਂਦ ਵਿੱਚ ਆਏ ਖ਼ਾਲਸਾ ਪੰਥ ਦੇ ਵਾਰਸ ਮੇਰੇ ਸਤਿਕਾਰ ਯੋਗ ਬਜ਼ੁਰਗੋ, ਭੈਣੋਂ ਅਤੇ ਵੀਰੋ ਅਜੇ ਹੋਰ ਕਿੰਨੀ ਕੁ ਦੇਰ ਤਕ ਆਪਣੇ ਅਮੋਲਕ ਵਿਰਸੇ ਦੀ ਸੰਭਾਲ ਵਲੋਂ ਗਾਫ਼ਲ ਹੋ ਕੇ ਕੁੰਭ-ਕਰਨੀ ਨੀਂਦ ਵਿੱਚ ਸੁੱਤੇ ਹੋਏ ਘੁਰਾੜੇ ਮਾਰਦੇ ਰਹੋਗੇ? ਪੰਥਕ ਘਰ ਨੂੰ ਪੰਥ-ਦੋਖੀਆਂ ਨੇ ਅੱਗਾਂ ਲਾਈਆਂ ਹੋਈਆਂ ਹਨ। ਤੁਸੀਂ ਕਦੋਂ ਜਾਗੋਗੇ? ਸਮਾਂ ਬੜਾ ਨਾਜ਼ਕ ਹੈ। ਪੰਥ-ਦੋਖੀ ਸਿੱਖੀ ਸਰੂਪ ਧਾਰ ਕੇ ਵੀ ਸਾਡੀਆਂ ਸਫ਼ਾਂ ਅੰਦਰ ਬੁੱਕਲ 'ਦੇ ਸੱਪ ਬਣਕੇ ਵੜ ਆਏ ਹਨ ਅਤੇ ਪੰਥਕ ਖੇਤ ਦੀ ਵਾੜ ਦੇ ਬਹਾਨੇ ਇਸ ਖੇਤ ਨੂੰ ਉਜਾੜਨ ਦੇ ਆਹਰ ਲਗੇ ਪਏ ਹਨ। ਗੁਰੂ ਦਾ ਵਾਸਤਾ ਹੈ ਤੁਹਾਨੂੰ, ਜਾਗੋ, ਸਾਵਧਾਨ ਹੋਵੋ ਅਤੇ ਆਪਣੇ ਘਰ ਨੂੰ ਬਰਬਾਦ ਹੋਣ ਤੋਂ ਬਚਾਉਣ ਲਈ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਟੱਲ ਸਿਧਾਂਤਾਂ ਦੀ ਛਤਰ-ਛਾਇਆ ਹੇਠ ਲਾਮਬੰਦ ਹੋਵੋ। ਚੌਧਰ, ਲੀਡਰੀ ਅਤੇ ਸੁਆਰਥ ਨੂੰ ਤਿਆਗ ਕੇ ਆਪੋ ਆਪਣੀਆਂ ਵੰਨ-ਸੁਵੰਨੀਆਂ ਪਾਰਟੀਆਂ ਅਤੇ ਧੜਿਆਂ ਦੇ ਹਿੱਤਾਂ ਤੋਂ ਉੱਪਰ ਉਠੋ! ਸਮੇਂ ਦੀ ਨਜ਼ਾਕਤ ਨੂੰ ਸਮਝੋ ਅਤੇ ਪਛਾਣੋ। ਜੇਕਰ ਅਸੀਂ ਹੋਰ ਲਾਪਰਵਾਹੀ ਵਿਖਾਈ ਤਾਂ ਪਛਤਾਵੇ ਤੋਂ ਇਲਾਵਾ ਹੋਰ ਕੁੱਝ ਹੱਥ ਪੱਲੇ ਨਹੀਂ ਪੈਣਾ ਅਤੇ ਸਾਡੀਆਂ ਆਉਣ ਵਾਲੀਆਂ ਨਸਲਾਂ ਅਤੇ ਨੇਕ-ਨੀਅਤ ਮਨੁੱਖਤਾ ਨੇ ਸਾਨੂੰ ਕਦੇ ਮੁਆਫ਼ ਨਹੀਂ ਕਰ ਸਕਣਾ।**

ਮਿਤੀ: 20-02-2006

**ਲੈਫ਼-ਕਰਨਲ ਗੁਰਦੀਪ ਸਿੰਘ**
**ਸੁਖਦੇਵ ਸਿੰਘ ਤੇ ਪ੍ਰਿੰ. ਕਰਮ ਸਿੰਘ**
**ਅਜੀਤਗੜ੍ਹ**

# ਪੇਸ਼ਕਾਰੀ

ਕਿਸੇ ਧਰਮ ਦੀ ਤ੍ਵਾਰੀਖ਼ ਜਾਂ ਫ਼ਲਸਫ਼ੇ ਵਿਚ ਖੋਟ ਸ਼ਾਮਿਲ ਕਰਨ ਵਾਸਤੇ ਉਸ ਧਰਮ ਦੇ ਦੋਖੀ ਅਕਸਰ ਕੋਸ਼ਿਸ਼ਾਂ ਕਰਦੇ ਰਹੇ ਹਨ ਤੇ ਕਰਦੇ ਰਹਿਣਗੇ। ਪਰ ਕਿਸੇ ਧਰਮ ਦੇ ਅਸਲੇ ਦੇ ਹੀ ਮੂਲੋਂ ਉਲਟ ਕਿਸੇ ਸਾਹਤਿਕ ਕਿਤਾਬ ਨੂੰ ਉਸ ਧਰਮ ਦਾ ਅਖੌਤੀ-ਗ੍ਰੰਥ ਬਣਾ ਕੇ ਪੇਸ਼ ਕਰਨ ਦੀ ਸਾਜਿਸ਼ ਸਿਰਫ਼ ਸਿੱਖ ਧਰਮ ਦੇ ਖ਼ਿਲਾਫ ਹੀ ਹੋਈ ਹੈ। ਅਠਾਰਵੀਂ ਸਦੀ ਦੀਆਂ ਕੁਝ ਮਿਥਹਾਸਕ ਰਚਨਾਵਾਂ, ਜਿਨ੍ਹਾਂ 'ਚੋਂ ਕੁਝ ਦੇ ਲਿਖਾਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਬਾਰੀ ਕਵੀ ਸਨ, ਨੂੰ ਕਿਸੇ ਨੇ ਇੱਕਠਿਆਂ ਇਕ ਜਿਲਦ ਵਿਚ ਸ਼ਾਮਿਲ ਕਰ ਕੇ ਸੰਭਾਲਣ ਦੀ ਕੋਸ਼ਿਸ਼ ਕੀਤੀ। ਮਗਰੋਂ ਇਹ ਹਰਕਤ ਅਖੌਤੀ ਦਸਮ ਗ੍ਰੰਥ ਵਜੋਂ ਕਾਇਮ ਕਰਨ ਦਾ ਸਬਬ ਬਣ ਗਈ।

ਮੁਖ਼ਾਲਿਫ਼ਾਂ ਦਾ ਤਾਂ ਧਰਮ ਹੀ ਹੈ ਕਿ ਉਹ ਸਾਜਿਸ਼ਾਂ ਘੜਦੇ ਰਹਿੰਦੇ ਹਨ, ਪਰ ਕਮਾਲ ਹੈ ਕਮਜ਼ਰਫ਼ੀ ਅਤੇ ਬੇਵਕੂਫ਼ੀ ਉਨ੍ਹਾਂ ਲੋਕਾਂ ਦੀ, ਜੋ ਅਗਿਆਨਤਾ ਦੇ ਹਨੇਰੇ ਦੀ ਕਾਲਖ਼ ਕਾਰਨ ਇਹੋ ਜਿਹੀਆਂ ਸਾਜਿਸ਼ਾਂ ਨੂੰ ਕਬੂਲ ਕਰ ਕੇ ਆਪਣੇ ਫ਼ਲਸਫ਼ੇ ਨੂੰ ਵਿਗਾੜਨ ਵਿਚ ਭਾਈਵਾਲ ਬਣਦੇ ਹਨ। ਇਹੋ ਜਿਹੀ ਅਹਿਮਕਾਨਾ ਸ਼ਰਧਾ ਦਾ ਕੋਈ ਲਾਭ ਨਹੀਂ ਹੁੰਦਾ। ਨਮਰੂਦ, ਯਜ਼ੀਦ ਜਾਂ ਹਰਨਾਖ਼ਸ ਦੀ ਭਗਤੀ ਕਰਨ ਵਾਲਾ ਜੇ ਇਹ ਆਖੇ ਕਿ ਮੈਂ ਰੱਬ ਦਾ ਨਾਂ ਲੈਂਦਾ ਹਾਂ ਤਾਂ ਉਸ ਦਾ ਕੋਈ ਇਲਾਜ ਨਹੀਂ ਕੀਤਾ ਜਾ ਸਕਦਾ।

ਰਾਮ, ਕ੍ਰਿਸ਼ਨ, ਜਨਕ, ਹਨੂਮਾਨ ਵਰਗੇ ਮਿਥਹਾਸਕ ਤੇ ਕਾਲਪਨਿਕ ਹੀਰੋ ਹਰ ਮੁਲਕ ਵਿਚ ਮਿਲ ਜਾਂਦੇ ਹਨ। ਪੰਚਤੰਤਰ ਵੀਹਵੀਂ ਸਦੀ ਵਿਚ "ਹੈਰੀ ਪੌਟਰ" ਵਾਂਗ ਵੀ ਮਕਬੂਲ ਹੋ ਸਕਦਾ ਹੈ। ਪਰ ਇਨ੍ਹਾਂ ਨੂੰ ਰੂਹਾਨੀਅਤ ਜਾਂ ਖ਼ੁਦਾਈ ਤਾਕਤਾਂ ਮੰਨਣ ਵਾਲੇ ਨੂੰ ਮਹਾਂਮੂਰਖ ਆਖ ਕੇ ਸਨਮਾਨ ਕਰਨਾ ਪਵੇਗਾ। ਅਖੌਤੀ ਦਸਮ ਗ੍ਰੰਥ ਦੀਆਂ ਰਾਮਅਵਤਾਰ, ਕ੍ਰਿਸ਼ਨ ਅਵਤਾਰ, ਚੌਵੀ ਅਵਤਾਰ ਆਦਿਕ ਬਚਿਤਰ ਨਾਟਕ ਹੀ ਹਨ। ਕੇਵਲ ਬੇਸਮਝ ਸਿੱਖ ਇਨ੍ਹਾਂ ਗਪੌੜ ਕਹਾਣੀਆਂ ਨੂੰ ਗੁਰੂ ਰਚਨਾ ਸਮਝਣ ਦਾ ਗੁਨਾਹ ਕਰਦੇ ਰਹੇ ਹਨ।

ਵਾਹਿਗੁਰੂ ਨੇ ਇਹ ਸੇਵਾ ਸ: ਮਹਿੰਦਰ ਸਿੰਘ ਜੋਸ਼ ਤੋਂ ਲਈ ਹੈ ਕਿ ਉਹ ਸਿੱਖ ਦੁਸ਼ਮਣ ਸਾਜਿਸ਼ਾਂ ਦੇ ਨਕਾਬ ਲਾਹ ਕੇ ਇਹਨਾਂ ਨੂੰ ਸੱਚੋ-ਸਚ ਸ਼ਕਲ ਵਿੱਚ ਪੇਸ਼ ਕਰਨ । ਰਾਗਮਾਲਾ, ਬਚਿਤਰ ਨਾਟਕ, ਚਰਿਤਰੋ ਪਾਖਯਾਨ ਤੋਂ ਮਗਰੋਂ ਹੁਣ ਉਨ੍ਹਾਂ ਨੇ ਇਕ ਹੋਰ ਸਿਖ-ਵਿਰੋਧੀ ਲਿਖਤ ਦੀ ਤਹਿਆਂ ਖੋਲ੍ਹ ਕੇ ਸਿੱਖ ਪੰਥ ਦੇ ਫ਼ਲਸਫ਼ੇ ਨੂੰ ਗੰਧਲਾ ਕਰਨ ਦੀ ਸਾਜਿਸ਼ ਦਾ ਭਾਂਡਾ ਚੁਰਾਹੇ ਵਿਚ ਭੰਨਿਆ ਹੈ।

ਸ. ਮਹਿੰਦਰ ਸਿੰਘ ਜੋਸ਼, ਜਿਹੜੇ ਅਜੋਕੀ ਸਿੱਖ ਮਿਸ਼ਨਰੀ ਲਹਿਰ ਦੇ ਮੋਢੀਆਂ ਵਿਚੋਂ ਇਕ ਹਨ, ਨੇ ਹਮੇਸ਼ਾ ਹੀ ਪੰਥਕ ਫ਼ਲਸਫ਼ੇ ਦੀ ਰੱਖਿਆ ਵਾਸਤੇ ਪਹਿਰਾ ਦਿਤਾ ਹੈ। ਸਿੱਖ ਵਿਦਵਾਨ, ਸਿੱਖ ਸੰਗਤਾਂ ਤੇ ਸਿੱਖ ਤਵਾਰੀਖ਼ ਉਨ੍ਹਾਂ ਦੇ ਸਦਾ ਸ਼ੁਕਰਗੁਜ਼ਾਰ ਰਹਿਣਗੇ। ਜਿਵੇਂ ਸਿੰਘ ਸਭਾ ਲਹਿਰ ਵੇਲੇ ਪ੍ਰੋ. ਗੁਰਮੁਖ ਸਿੰਘ ਨੇ ਦੰਭੀ ਸਾਜਿਸ਼ਾਂ ਨੂੰ ਬੇਨਕਾਬ ਕਰਨ ਵਾਸਤੇ ਬੀੜਾ ਚੁਕਿਆ ਸੀ, ਇਕ ਸਦੀ ਮਗਰੋਂ ਉਸ ਜੱਦੋਜਹਿਦ ਵਾਸਤੇ ਜੋ ਸਿਰੜ ਸ. ਮਹਿੰਦਰ ਸਿੰਘ ਜੋਸ਼ ਵਿਚ ਨਜ਼ਰ ਆਉਂਦਾ ਹੈ, ਉਹ ਲਾਸਾਨੀ ਹੈ। ਇਸ ਕੁਰਬਾਨੀ ਵਾਲੀ ਕਲਮ ਅੱਗੇ ਸਾਡਾ ਸਿਰ ਝੁਕਦਾ ਹੈ।

ਡਾ: ਹਰਜਿੰਦਰ ਸਿੰਘ ਦਿਲਗੀਰ
ਸਾਬਕਾ ਡਾਇਰੈਕਟਰ ਸਿੱਖ ਇਤਿਹਾਸ ਰੀਸਰਚ ਬੋਰਡ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
hsdilgeer@ yahoo.com

ਮਿਤੀ : 20-2-2006

## (੪) ਬ੍ਰਾਹਮਣਵਾਦ ਦੁਆਰਾ

# 'ਰੱਬ' ਨੂੰ ਪਾਈ ਗਈ ਬਿਪਤਾ ਅਤੇ ਗੁਰਮਤਿ ਸਿਧਾਂਤ

ਕੀ ਰੱਬ ਨੂੰ ਕਦੀ ਬਿਪਤਾ ਪਾਈ ਜਾ ਸਕਦੀ ਹੈ ? ਜੀ ਹਾਂ ਬਿਲਕੁਲ ਪਾਈ ਜਾ ਸਕਦੀ ਹੈ। ਕਿਵੇਂ ? ਠੀਕ ਜੁਆਬ ਲਈ ਜ਼ਰੂਰੀ ਹੈ ਕਿ ਰੱਬ ਸਭ ਤੋਂ ਪਹਿਲਾਂ "ਬ੍ਰਾਹਮਣੀ ਰੱਬ" ਹੋਵੇ। ਇਸ ਪਿਛੋਂ ਬਿਨਾ ਦਿਕੱਤ ਦੇ ਬ੍ਰਾਹਮਣਵਾਦ ਆਪਣੇ ਰੱਬ ਉੱਤੇ ਆਪਣਿਆਂ ਤਰੀਕਿਆਂ ਨਾਲ ਅਸਾਨੀ ਨਾਲ ਬਿਪਤਾ ਪਾ ਸਕਦਾ ਹੈ ਜਾਂ ਉਹ ਆਪਣੀਆਂ ਬਿਧੀਆਂ ਨਾਲ ਆਪਣੇ ਰੱਬ ਨੂੰ ਬਿਪਤਾ ਦੇ ਮੂੰਹ ਵਿੱਚ ਸੁੱਟ ਸਕਦਾ ਹੈ। ਉਂਝ, ਇਹ ਗੱਲ ਸਾਰੀ ਸ੍ਰਿਸ਼ਟੀ ਜਾਂ ਸੰਸਾਰ ਦੇ ਸਰਬ ਸਾਂਝੇ ਆਦਿ, ਅਜੋਨੀ, ਅਜੱਨਮੇ ਅਤੇ ਸਰਬ-ਕਲਾ-ਸਮਰੱਥ ਰੱਬ ਬਾਰੇ ਨਹੀਂ।

ਅਜੇ ਅਸੀਂ ਰੱਬ ਦੇ ਇੱਕ ਤੋਂ ਵਧੀਕ ਹੋਣ ਬਾਰੇ ਚਰਚਾ ਇੱਥੇ ਨਹੀਂ ਕਰਾਂਗੇ।"ਬ੍ਰਾਹਮਣਵਾਦ ਰੱਬ ਨੂੰ ਬਿਪਤਾ ਕਿਵੇਂ ਪਾਉਂਦਾ ਹੈ ?" ਵਾਲੇ ਸੁਆਲ ਦਾ ਸਰਲ ਢੰਗ ਨਾਲ ਸਹੀ ਉੱਤਰ ਜਾਣਨ ਲਈ ਅਸੀਂ ਲਘੂ ਲੋਕ-ਕਥਾਵਾਂ ਵਿੱਚੋਂ ਅਕਬਰ ਬੀਰਬਲ ਦੇ ਦਰਮਿਆਨ ਹੋਈ ਇੱਕ ਵਾਰਤਾ ਨੂੰ ਮਿਸਾਲ ਦੇ ਤੌਰ ਤੇ ਲੈਣਾ ਚਾਹਵਾਂਗੇ। ਸੰਨ 1528 ਵਿੱਚ ਜਨਮੇ ਬੀਰਬਲ ਨਾਮ ਦੇ ਇਸ ਵਿਅਕਤੀ ਦਾ ਅਸਲ ਨਾਮ ਮਹੇਸ਼ਦਾਸ ਸੀ ਜੋ ਜਾਤ ਅਰ ਨਸਲ ਦਾ ਬ੍ਰਾਹਮਣ ਸੀ ਅਤੇ ਅਨੇਕਾਂ ਬ੍ਰਾਹਮਣੀ ਖਸਲਤਾਂ ਨਾਲ ਭਰਿਆ ਪਿਆ ਸੀ। ਜਦ ਸੰਨ 1562 ਵਿੱਚ ਜੈਪੁਰ ਦੇ ਰਾਜਪੂਤ ਰਾਜੇ ਭਗਵਾਨ ਦਾਸ ਦੀ ਵੱਡੀ ਭਤੀਜੀ ਅਕਬਰ ਨਾਲ ਵਿਆਹੀ ਗਈ ਸੀ ਤਦ ਬੀਰਬਲ ਨੂੰ ਇਸ ਦੇ ਮਸਖਰੇਪੁਣੇ, ਹਾਜ਼ਰ-ਜੁਆਬੀ, ਨਿਪੁੰਣਤਾ ਅਤੇ ਦਿਲ-ਪਰਚਾਵੇ ਲਈ ਸਰਬ-ਗੁਣ-ਸੰਪੰਨ ਹੋਣ ਕਾਰਨ ਦਾਜ ਦੇ ਬਾਕੀ ਸਾਜ਼ੋ-ਸਾਮਾਨ ਸਮੇਤ ਹੀ ਜੈਪੁਰ ਤੋਂ ਅਕਬਰ ਦੇ ਸ਼ਾਹੀ ਮਹਿਲਾਂ ਵਿੱਚ ਭੇਜ ਦਿੱਤਾ ਗਿਆ ਸੀ। ਅਕਬਰ ਤੇ ਬੀਰਬਲ ਦੇ ਕਈ ਛੋਟੇ ਵੱਡੇ ਕਿੱਸੇ, ਚੁਟਕਲੇ ਅਤੇ ਵਾਰਤਾਵਾਂ ਲੋਕਾਂ ਵਿੱਚ ਬਹੁਤ ਪ੍ਰਚਲਿਤ ਹਨ।

ਅਕਬਰ ਮੁਸਲਮਾਣ ਹੋਣ ਨਾਤੇ ਅਜੋਨੀ, ਅਜੱਨਮੇ ਅਤੇ ਸਰਬ-ਕਲਾ-ਸਮਰੱਥ ਰੱਬ ਦਾ ਵਿਸ਼ਵਾਸੀ ਸੀ ਪਰ ਬੀਰਬਲ ਇੱਕ ਵਿਦਵਾਨ ਬ੍ਰਾਹਮਣ ਹੋਣ ਕਾਰਨ ਆਪਣੇ ਬ੍ਰਾਹਮਣੀ ਵਿਸ਼ਵਾਸਾਂ ਦਾ ਪੱਕਾ ਧਾਰਨੀ ਸੀ ਅਤੇ ਬਾਰ-ਬਾਰ ਅਵਤਾਰ ਲੈਣ 'ਤੇ ਮਜਬੂਰ ਹੋ ਜਾਣ ਵਾਲੇ ਰੱਬ ਨੂੰ ਮੰਨਦਾ ਸੀ। ਵਾਰਤਾ ਬਹੁਤ ਪ੍ਰਸਿੱਧ ਅਤੇ ਪ੍ਰਚਲਿਤ ਹੋਣ ਕਾਰਨ ਅਸੀਂ ਸੰਖੇਪ ਵਿੱਚ ਹੀ ਗੱਲ ਮੁਕਾਉਣ ਦੇ ਜਤਨ ਵਿੱਚ ਹਾਂ। ਅਕਬਰ ਨੇ ਬੀਰਬਲ ਉੱਤੇ ਸਿੱਧਾ

ਸੁਆਲ ਕੀਤਾ ਕਿ ਰੱਬ ਸਰਬ-ਕਲਾ-ਸਮਰੱਥ ਹੈ ਅਤੇ ਕਿਸੇ ਵੇਲੇ ਵੀ ਆਪਣੇ ਹੁਕਮ ਜਾਂ ਫੁਰਨੇ ਮਾਤਰ ਨਾਲ ਕੋਈ ਚੀਜ਼ ਵੀ ਕਰ ਸਕਦਾ ਹੈ ਕਿਉਂਕਿ ਸ੍ਰਿਸ਼ਟੀ ਦਾ ਕੁਲ ਕਿਰਿਆ-ਕਲਾਪ ਉਸ ਦੇ ਹੀ ਹੱਥ ਵੱਸ ਹੈ ਅਤੇ ਇਸ ਕਾਰਨ ਉਸ ਨੂੰ ਜਨਮ ਲੈ ਕੇ ਅਵਤਾਰ ਧਾਰਨ ਦੀ ਕੀ ਲੋੜ ਹੈ ? ਬੀਰਬਲ ਨੇ ਯੋਗ ਸਮਾਂ ਆਉਣ ਉੱਤੇ ਬਾਦਸ਼ਾਹ ਨੂੰ ਇਸ ਸੁਆਲ ਦਾ ਉੱਤਰ ਦੇਣ ਦਾ ਬਚਨ ਕੀਤਾ।

ਕੁੱਝ ਦਿਨਾਂ ਪਿਛੋਂ ਇੱਕ ਮੌਕੇ ਅਕਬਰ ਤੇ ਬੀਰਬਲ ਆਪਣੇ ਅਮਲੇ ਸਮੇਤ ਦਰਿਆ ਦੇ ਕੰਢੇ 'ਤੇ ਵਿਚਰ ਰਹੇ ਸਨ। ਪਹਿਲਾਂ ਤੋਂ ਸੋਚੀ ਹੋਈ ਸਕੀਮ ਅਧੀਨ ਬੀਰਬਲ ਦਰਿਆ ਦੇ ਕੰਢੇ ਤੋਂ ਵਾਹੋ-ਦਾਹੀ ਹਫ਼ਿਆ ਹੋਇਆ ਸ਼ਾਹੀ ਟੈਂਟ ਵਿਖੇ ਪੁੱਜਿਆ ਅਤੇ ਰੋਂਦਿਆਂ-ਕੁਰਲਾਉਂਦਿਆਂ ਬਾਦਸ਼ਾਹ ਨੂੰ ਸੂਚਿਤ ਕੀਤਾ ਕਿ ਬਾਦਸ਼ਾਹ ਦਾ ਛੋਟੀ ਉਮਰ ਦਾ ਸ਼ਾਹਜ਼ਾਦਾ ਦਰਿਆ ਵਿੱਚ ਨਹਾਉਣ ਸਮੇਂ ਪਾਣੀ ਦੇ ਤੇਜ਼ ਵੇਗ ਨਾਲ ਲਹਿਰਾਂ ਦੀ ਲਪੇਟ ਵਿੱਚ ਆ ਕੇ ਰੁੜ੍ਹ ਗਿਆ ਹੈ। ਬਸ ਫ਼ਿਰ ਕੀ ਸੀ ? ਬਾਦਸ਼ਾਹ ਨੇ ਨਾ ਆ ਦੇਖਿਆ ਨਾ ਤਾ; ਉਹ ਦੌੜ ਕੇ ਦਰਿਆ ਦੇ ਕੰਢੇ ਤੇ ਆ ਪੁੱਜਿਆ ਅਤੇ ਆਪਣੇ ਸ਼ਾਹਜ਼ਾਦੇ ਨੂੰ ਬਚਾਉਣ ਲਈ ਉਸ ਨੇ ਦਰਿਆ ਵਿੱਚ ਛਾਲ ਕੱਢ ਮਾਰੀ। ਉਹ ਦਰਿਆ ਵਿੱਚੋਂ ਆਪਣੇ ਰੁੜ੍ਹਦੇ ਜਾ ਰਹੇ ਬੱਚੇ ਨੂੰ ਬਚਾਉਣ ਲਈ ਪਾਣੀ ਵਿੱਚ ਠਿਲ੍ਹਦਾ ਗਿਆ। ਇਹ ਲੋਕ-ਕਥਾ ਭਾਵੇਂ ਬਨਾਵਟੀ ਹੀ ਹੈ ਪਰ ਲੋਕ-ਕਥਾ ਵਾਲੇ ਦਰਿਆ ਵਿੱਚ ਰੁੜ੍ਹਦਾ ਜਾਂਦਾ ਸ਼ਾਹਜ਼ਾਦਾ ਨਿਰਾ-ਪੁਰਾ ਹੀ ਬਨਾਵਟੀ ਸੀ ਭਾਵ ਉਹ ਸ਼ਾਹਜ਼ਾਦੇ ਦੇ ਸਰੀਰ ਦੀ ਨਕਲ ਵਾਲਾ ਬਨਾਵਟੀ ਕਲਬੂਤ ਹੀ ਸੀ।

ਬੀਰਬਲ ਨੇ ਦੌੜ ਕੇ ਪਿੱਛਾ ਕਰਦਿਆਂ ਅਕਬਰ ਨੂੰ ਪੂਰੀ ਗੱਲ ਖੋਲ੍ਹ ਦਿੱਤੀ ਅਤੇ ਇਸ ਪਿੱਛੋਂ ਉਸ ਨੇ ਅਕਬਰ ਨੂੰ ਆਪਣੇ ਟੈਂਟ ਵਿੱਚ ਵਾਪਸ ਲੈ ਆਂਦਾ। ਅਚਨਚੇਤ ਵਾਲੀ ਘਬਰਾਹਟ ਪਿਛੋਂ ਢੁਕਵਾਂ ਟਿਕਾਉ ਆ ਜਾਣ 'ਤੇ ਬੀਰਬਲ ਨੇ ਅਕਬਰ ਤੇ ਸੁਆਲ ਕੀਤਾ ਕਿ ਅਕਬਰ ਇਤਨੇ ਵੱਡੇ ਮੁਲਕ, ਹਿੰਦੋਸਤਾਨ ਦਾ ਇਤਨਾ ਵੱਡਾ ਸ਼ਹਿਨਸ਼ਾਹ ਹੈ ਜੋ ਬੇਅੰਤ ਫ਼ੌਜਾਂ, ਨੌਕਰਾਂ-ਚਾਕਰਾਂ ਅਤੇ ਅਮਲੇ-ਫ਼ੈਲੇ ਦਾ ਮਾਲਕ ਹੈ। ਉਸ ਨੇ ਆਪਣੇ ਅਹਿਲਕਾਰਾਂ ਵਿੱਚੋਂ ਯੋਗ ਬੰਦਿਆਂ ਨੂੰ ਹੁਕਮ ਦੇ ਕੇ ਦਰਿਆ ਵਿੱਚੋਂ ਸ਼ਾਹਜ਼ਾਦੇ ਨੂੰ ਬਚਾਉਣ ਦੀ ਥਾਂ ਖ਼ੁੱਦ ਆਪ ਪਾਣੀ ਵਿੱਚ ਕੁੱਦ ਜਾਣਾ ਕਿਵੇਂ ਠੀਕ ਸਮਝਿਆ ? ਬੀਰਬਲ ਨੇ ਆਪਣੇ ਅਤਿਅੰਤ ਚਤੁਰਾਈ ਭਰੇ ਢੰਗ ਨਾਲ ਅਕਬਰ ਨੂੰ ਬ੍ਰਾਹਮਣੀ ਵਿਸ਼ਵਾਸਾਂ ਵਾਲੇ ਰੱਬ ਦੀ ਸਾਰਥਕਤਾ ਦਾ ਕਾਇਲ ਕਰਨਾ ਚਾਹਿਆ।

**ਬੀਰਬਲ ਤੇ ਹੋਰ ਬ੍ਰਾਹਮਣਾਂ ਦੀ ਵਿਚਾਰਧਾਰਾ ਦਾ ਆਧਾਰ ਗੀਤਾ ਹੈ ਜੋ ਕਈ ਸਦੀਆਂ ਤੋਂ ਇਹ ਪ੍ਰਚਾਰਦੀ ਰਹੀ ਹੈ ਕਿ ਜਦੋਂ-**

**ਜਦੋਂ ਧਰਮ ਦੀਆਂ ਮਾਨਤਾਵਾਂ ਦਾ ਨਾਸ ਹੋ ਕੇ ਪਾਪ ਵੱਧ ਜਾਂਦੇ ਹਨ ਤਦ-ਤਦ ਰੱਬ ਨੂੰ ਜਨਮ ਜਾਂ ਅਵਤਾਰ ਲੈ ਕੇ ਕਿਸੇ ਨਾ ਕਿਸੇ ਸਰੀਰ ਰਾਹੀਂ ਕਾਰਵਾਈ ਪਾਉਣੀ ਪੈਂਦੀ ਹੈ।**

## ਗੀਤਾ ਦਾ ਅਵਤਾਰਵਾਦ ਬਾਰੇ ਵਿਚਾਰ

ਗੀਤਾ ਦੇ ਚੌਥੇ ਅਧਿਆਇ ਦੇ ਸਤਵੇਂ ਤੇ ਅਠਵੇਂ ਸਲੋਕ ਵਿੱਚ ਇਹੋ ਗੱਲ ਦਸੀ ਗਈ ਹੈ ਕਿ ਜਦੋਂ ਜਦੋਂ ਧਰਮ ਦੀਆਂ ਮਾਨਤਾਵਾਂ ਨੂੰ ਖੋਰਾ ਲਗਦਾ ਹੈ ਅਤੇ ਅਧਰਮ ਪ੍ਰਫੁਲਿਤ ਹੋਣ ਲਗਦਾ ਹੈ ਤਦ ਤਦ ਮੈਂ (ਭਗਵਾਨ) ਜਨਮ (ਅਵਤਾਰ) ਲੈ ਕੇ ਦੁਨੀਆਂ ਵਿੱਚ ਧਰਮ ਦੀ ਸਥਾਪਤੀ ਕਰਨ ਲਈ ਆਉਂਦਾ ਹਾਂ, ਯਥਾ :-

**ਯਦਾਯਦਾਹਿ ਧੱਰਮਸਯ ਗਲਾਨੀਰਭਵਤਿ ਭਾਰਤ।**
**ਅਭਿਯੁਤ੍ਥਾਨਮ ਧੱਰਮਸਯ ਤਦਾਤਮਾਨੰ ਸ੍ਰਿਜਾਮਿਆਹਮ੍ ।੭।**
**ਪਰਿਤ੍ਰਾਣਾਯ ਸਾਧੂਨਾਂ ਵਿਨਾਸ਼ਾਯ ਚ ਦੁਸ਼ਕ੍ਰਿਤਾਮ੍ ।**
**ਧਰਮ ਸੰਸਥਾਪਨਾਰਥਾਯ ਸੰਭਵਾਮਿ ਯੁਗੇ ਯੁਗੇ।੮।**

ਗੀਤਾ ਅਤੇ ਮਗਰਲੇ ਪੁਰਾਣਕ ਸਾਹਿਤ ਅਤੇ ਬ੍ਰਾਹਮਣੀ ਗ੍ਰੰਥਾਂ ਵਿੱਚ ਹੀ ਨਹੀਂ, ਢੇਰ ਚਿਰ ਪਿਛੋਂ ਹੋਏ ਬ੍ਰਾਹਮਣੀ ਮੱਤ ਦੇ ਸਭ ਹਮਾਇਤੀ ਤੇ ਪ੍ਰਚਾਰਕ ਇਸੇ ਸੋਚਣੀ ਦੇ ਮਾਲਕ ਸਨ। ਮਗਰਲੇ ਸਮੇਂ ਵਿੱਚ ਰਾਮ ਅਤੇ ਸੀਤਾ ਦੀ ਲੋਕ-ਕਹਾਣੀ ਨੂੰ ਬਹੁਤ ਹੀ ਦਿਲਕਸ਼ ਅਰ ਲੱਛੇਦਾਰ ਢੰਗ ਨਾਲ ਬਿਆਨ ਕਰ ਕੇ ਹਿੰਦੂ ਅਥਵਾ ਬ੍ਰਾਹਮਣੀ ਮੱਤ ਦੇ ਮੰਨਣਹਾਰਿਆਂ ਨੇ ਰੱਬ ਬਾਰੇ ਇਸ ਵਿਚਾਰ ਨੂੰ ਆਪਣੇ ਮਨਾਂ ਵਿੱਚ ਦ੍ਰਿੜਤਾ ਨਾਲ ਬੈਠਾ ਲਿਆ ਸੀ ਅਤੇ ਇਸੇ ਦਾ ਹੀ ਪ੍ਰਚਾਰ ਕੀਤਾ ਸੀ।

## ਰਾਮ ਚਰਿਤ ਮਾਨਸ ਦਾ ਅਵਤਾਰਵਾਦ ਬਾਰੇ ਵਿਚਾਰ

"ਰਾਮ ਚਰਿਤ ਮਾਨਸ" ਦੇ ਕਰਤਾ ਗੋਸਵਾਮੀ ਤੁਲਸੀਦਾਸ ਨੇ ਵੀ ਅਧਿਆਇ ੧ ਦੀ ੧੨੧ਵੀਂ ਚੌਪਈ ਵਿੱਚ ਗੀਤਾ ਦੇ ਉਪਰੋਕਤ ਪ੍ਰਚਾਰੇ ਗਏ ਸਿਧਾਂਤ ਦੀ ਲੋਕ ਬੋਲੀ ਵਿੱਚ ਕੇਵਲ ਪੁਸ਼ਟੀ ਹੀ ਨਹੀਂ ਕੀਤੀ ਬਲਕਿ ਉਸਦਾ ਵੱਡੀ ਪੱਧਰ ਤੇ ਪ੍ਰਚਾਰ ਵੀ ਕੀਤਾ ਹੈ, ਯਥਾ:-

**ਜਬ ਜਬ ਹੋਇ ਧਰਮ ਕੈ ਹਾਨੀ।**
**ਬਾਢਹਿੰ ਅਸੁਰ, ਅਧਮ ਅਭਿਮਾਨੀ।**
**ਕਰਹਿੰ ਅਨੀਤਿ ਜਾਇ ਨਹਿ ਬਰਨੀ।**

**ਸੀਦਹਿਂ ਵਿਪ੍ਰ, ਧੇਨੁ ਸੁਰ ਧਰਨੀ।**
**ਤਬ ਤਬ ਪ੍ਰਭ ਧਰਿ ਵਿਵਿਧ ਸਰੀਰਾ।**
**ਹਰਹਿਂ ਕ੍ਰਿਪਾਨਿਧਿ, ਸੱਜਨ ਪੀਰਾ।**

## ਗੁਰਮਤਿ ਦਾ ਅਵਤਾਰਵਾਦ ਬਾਰੇ ਸਟੈਂਡ

ਗੁਰਮਤਿ ਰੱਬ ਨੂੰ ਅਜੋਨੀ, ਅਜੱਨਮਾ, ਸਰਬ-ਸ਼ਕਤੀਮਾਨ ਅਰ ਘਟ-ਘਟ ਵਿਆਪਕ ਹਸਤੀ ਮੰਨਦੀ ਹੈ। ਰੱਬ ਵਲੋਂ ਜੋਨੀਆਂ ਵਿੱਚ ਪੈ ਕੇ ਜਨਮ ਲੈਣ ਦੀ ਗੱਲ ਨਾਲ ਗੁਰਮਤਿ ਕਿਸੇ ਤਰ੍ਹਾਂ ਵੀ ਸਹਿਮਤ ਨਹੀਂ।

ਗੁਰਮਤਿ ਨੇ ਪਰਮੇਸ਼ਰ ਦਾ ਸਰੂਪ ਸਦਾ ਹੀ ਸਤਿ, ਸਰਬ ਸ਼ਕਤੀਮਾਨ-ਸਰਬ-ਵਿਆਪਕ, ਕਾਲ ਦੇ ਪ੍ਰਭਾਵ ਤੋਂ ਬਿਲਕੁਲ ਰਹਿਤ, ਅਜੋਨੀ ਅਤੇ ਅਜੱਨਮਾ ਕਰਕੇ ਪ੍ਰਚਾਰਿਆ ਹੈ। ਗੁਰਮਤਿ ਨੇ ਵਾਹਿਗੁਰੂ ਦੀ ਸਰਬ-ਸ਼ਕਤੀਮਾਨਤਾ ਨੂੰ ਇਉਂ ਦਰਸਾਇਆ ਤੇ ਪ੍ਰਚਾਰਿਆ ਹੈਃ-

**ਕੀਤਾ ਪਸਾਉ ਏਕੋ ਕਵਾਉ॥**
**ਤਿਸ ਤੇ ਹੋਏ ਲਖ ਦਰੀਆਉ॥**

( ਮਃ੧, ੩)

**ਜਲ ਤੇ ਥਲ ਕਰਿ ਥਲ ਤੇ ਕੂਆ, ਕੂਪ ਤੇ ਮੇਰੁ ਕਰਾਵੈ॥**
**ਧਰਤੀ ਤੇ ਆਕਾਸਿ ਚਢਾਵੈ,ਚਢੇ ਅਕਾਸਿ ਗਿਰਾਵੈ॥**

( ਕਬੀਰ ਜੀ, ੧੨੫੨)

ਗੁਰਮਤਿ ਅਨੁਸਾਰ ਪਰਮੇਸ਼ਰ ਨਿਸਚੇ ਤੌਰ ਤੇ ਅਜੋਨੀ ਅਰ ਅਜੱਨਮਾ ਹੈ, ਯਥਾਃ-

**ਧਨੁ ਧਰਣੀਧਰੁ ਆਪਿ ਅਜੋਨੀ, ਤੋਲਿ ਬੋਲਿ ਸਚੁ ਪੂਰਾ॥**
**ਕਰਤੇ ਕੀ ਮਿਤਿ ਕਰਤਾ ਜਾਣੈ, ਕੈ ਜਾਣੈ ਗੁਰ ਸੂਰਾ ॥**

( ਮਃ ੧, ੬੩੦)

ਪਾਰਬ੍ਰਹਮ ਪਰਮੇਸ਼ਰ ਅਜੋਨੀ ਤੇ ਸਰਬ-ਕਾਲੀ ਹੈ; ਹੁਣ ਵੀ ਕਾਇਮ ਹੈ, ਪਹਿਲਾਂ ਵੀ ਕਾਇਮ ਸੀ ਤੇ ਆਉਣ ਵਾਲੇ ਸਮੇਂ ਵਿੱਚ ਵੀ ਕਾਇਮ ਰਹੇਗਾ ਅਤੇ ਸਾਨੂੰ ਆਪਣੇ ਹਿਰਦੇ ਵਿੱਚ ਹੀ ਉਸਦੇ ਦੀਦਾਰ ਕਰਨੇ ਸਿਖਣੇ ਚਾਹੀਦੇ ਹਨ, ਯਥਾਃ-

**ਮਰਤ ਪਇਆਲ ਅਕਾਸੁ ਦਿਖਾਇਓ,**
**ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ॥**

**ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ,**
**ਘਟ ਭੀਤਰਿ ਦੇਖਿ ਮੁਰਾਰੀ ਜੀਉ ॥**

(ਮ: ੧, ੫੯੭)

ਗੁਰਮਤਿ ਨੇ ਰੱਬ ਦੇ ਕਿਸੇ ਸੂਰਤ ਵਿੱਚ ਵੀ ਜੂਨਾਂ ਵਿੱਚ ਪੈਣ ਦੀ ਗੱਲ ਨਾਲ ਕਦੀ ਵੀ ਤੇ ਕਿਤੇ ਵੀ ਸੰਮਤੀ ਨਹੀਂ ਪਰਗਟ ਕੀਤੀ ਅਤੇ ਜਿਨ੍ਹਾਂ ਮੱਤ-ਮਤਾਂਤਰਾਂ ਅਥਵਾ ਬੰਦਿਆਂ ਨੇ ਰੱਬ ਨੂੰ ਜੋਨੀਆਂ ਵਿੱਚ ਪੈ ਕੇ ਜਨਮਦਾ ਦੱਸਣ ਦੀ ਥੋੜ੍ਹੀ ਬਹੁਤ ਵੀ ਚਰਚਾ ਕੀਤੀ ਹੈ, ਗੁਰਮਤਿ ਨੇ ਉਹਨਾਂ ਵਾਸਤੇ ਬਹੁਤ ਸਖ਼ਤ ਸ਼ਬਦ ਵਰਤੇ ਹਨ ਅਤੇ ਉਹਨਾਂ ਨੂੰ ਬਹੁਤ ਕਰੜਾਈ ਨਾਲ ਇਸ ਸੋਚਣੀ ਤੋਂ ਵਰਜਿਆ ਹੈ, ਯਥਾ:-

**ਤੂੰ ਪਾਰਬ੍ਰਹਮ ਪਰਮੇਸਰੁ ਜੋਨਿ ਨ ਆਵਹੀ॥**
**ਤੂ ਹੁਕਮੀ ਸਾਜਹਿ ਸਿਸਟਿ,ਸਾਜਿ ਸਮਾਵਹੀ॥**

(ਮ: ੫, ੧੦੯੫)

ਪਾਰਬ੍ਰਹਮ ਪਰਮੇਸ਼ਰ ਜੂਨੀਆਂ ਜਨਮਾਂ ਵਿੱਚ ਪੈਣ ਵਾਲੀ ਹਸਤੀ ਨਹੀਂ। ਉਹ ਤਾਂ ਸਾਰੀ ਸ੍ਰਿਸ਼ਟੀ ਸਾਜ ਕੇ ਉਸ ਦੇ ਸਭ ਕੰਮਾਂ ਨੂੰ ਨਿਰਜਤਨ ਹੀ ਕਾਬੂ ਵਿੱਚ ਰੱਖ ਸਕਦਾ ਹੈ।

ਸਤਿਗੁਰੂ ਅਰਜਨ ਪਾਤਿਸ਼ਾਹ ਨੇ ਤਾਂ ਆਪਣੀ ਬਾਣੀ ਵਿੱਚ ਅਕਾਲ ਪੁਰਖ ਨੂੰ ਅਵਤਾਰ ਰੂਪ ਵਿੱਚ ਦੱਸਣ ਜਾਂ ਉਸ ਨੂੰ ਜਨਮਦਾ-ਮਰਦਾ ਦੱਸਣ ਦੀ ਕਿਰਿਆ ਨੂੰ ਹੀ ਵੱਡਾ ਅਪਰਾਧ ਮੰਨਿਆ ਹੈ, ਯਥਾ:-

**ਸਗਲ ਪਰਾਧ ਦੇਹਿ ਲੋਰੋਨੀ ॥**
**ਸੋ ਮੁਖ ਜਲਉ ਜਿਤੁ ਕਹਹਿ ਠਾਕੁਰ ਜੋਨੀ ॥**
**ਜਨਮਿ ਨ ਮਰੈ, ਨ ਆਵੈ ਨ ਜਾਇ ॥**
**ਨਾਨਕ ਕਾ ਪ੍ਰਭ ਰਹਿਓ ਸਮਾਇ ॥**

(ਮ: ੫, ੧੧੩੬)

## ਗੁਰਮਤਿ ਵਿਚਾਰਧਾਰਾ ਵਿੱਚ ਬ੍ਰਾਹਮਣੀ ਮੱਤ ਵਾਲੇ ਆਪਾ-ਵਿਰੋਧ ਨਹੀਂ

ਹਿੰਦੂ ਅਥਵਾ ਬ੍ਰਾਹਮਣੀ ਮੱਤ ਦੀਆਂ ਪੁਸਤਕਾਂ ਵਿੱਚ ਵਿਚਾਰਧਾਰਾ ਸਬੰਧੀ ਅਨੇਕਾਂ ਭ੍ਰਾਂਤੀਆਂ ਅਤੇ ਆਪਾ-ਵਿਰੋਧ (Paradoxes) ਆਮ ਹੀ ਦੇਖਣ ਨੂੰ ਮਿਲ ਜਾਂਦੇ ਹਨ ਅਤੇ ਬ੍ਰਾਹਮਣ ਪ੍ਰਚਾਰਕ ਤੇ ਵਿਦਵਾਨ ਇਹਨਾਂ ਆਪਾ-ਵਿਰੋਧਾਂ ਨੂੰ ਜਾਂ ਤਾਂ ਨਜ਼ਰ-ਅੰਦਾਜ਼ ਕਰ ਦਿੰਦੇ ਹਨ ਜਾਂ ਫ਼ਿਰ ਉਹਨਾਂ

ਦੀ ਅਜੀਬ ਜਿਹੀ ਦੂਰ-ਵਿਆਖਿਆ (misinterpretation) ਕਰ ਕੇ ਜਾਨ ਛੁਡਾਉਣ ਦਾ ਜਤਨ ਕਰਦੇ ਹਨ। ਜਿਵੇਂ ਕਿ ਗੀਤਾ ਦੇ ਚੌਥੇ ਅਧਿਆਇ ਵਾਲੇ ਉੱਪਰ ਬਿਆਨੇ ਸਲੋਕਾਂ ਵਿੱਚ ਆਈ ਵਿਚਾਰਧਾਰਾ ਦਾ ਭਰਵਾਂ ਵਿਰੋਧ ਗੀਤਾ ਦੇ ਹੀ ਇੱਕ ਅਡਰੇ ਅਧਿਆਇ ਵਿੱਚ ਅਣਜਾਣੇ ਵਿੱਚ ਹੀ ਹਿੰਦੂ ਪੰਡਿਤਾਂ ਕੋਲੋਂ ਹੋ ਗਿਆ ਹੈ। ਗੀਤਾ ਦੇ ਦਸਵੇਂ ਅਧਿਆਇ ਦਾ ਤੀਜਾ ਸਲੋਕ ਇਸ ਵਿਚਾਰਧਾਰਾ ਦੇ ਬਿਲਕੁਲ ਉੱਲਟ ਸਿਧਾਂਤ ਦੀ ਸਥਾਪਨਾ ਕਰਦਾ ਪ੍ਰਤੀਤ ਹੁੰਦਾ ਹੈ, ਯਥਾ:-

**ਯ: ਮਾਮ ਅਜਮ ਅਨਾਦਿਮ ਚ ਵੇਤੀ ਲੋਕ ਮਹੇਸ਼ਵਰਮ।**
**ਅਸੰਮੂੜ੍ਹ: ਸ: ਮਤਰਯੇਸ਼ੁ ਸੱਰਵ ਪਾਪੈ ਪ੍ਰਮੁਚਜਤੇ।੩।**

ਉਪਰੋਕਤ ਸਲੋਕ ਦਾ ਭਾਵਾਤਮਕ ਅਨੁਵਾਦ ਇਹੋ ਨਜ਼ਰ ਆਉਂਦਾ ਹੈ ਕਿ ਜੋ ਜੀਵ ਮੈਨੂੰ ਅਜੱਨਮਾ ਕਰਕੇ ਸਮਝ ਲੈਂਦੇ ਹਨ; ਜੋ ਮੈਨੂੰ ਆਦਿ ਤੋਂ ਰਹਿਤ ਕਰਕੇ ਜਾਣ ਲੈਂਦੇ ਹਨ ਅਤੇ ਜੋ ਮੈਨੂੰ ਦਿਲੋਂ-ਮਨੋਂ ਸਦੀਵ-ਕਾਲੀ ਤੇ ਸਭ ਅਸਥਾਨਾਂ ਵਿੱਚ ਰਮਿਆ ਸਮਝ ਲੈਂਦੇ ਹਨ; ਕੇਵਲ ਅਜਿਹੇ ਗਿਆਨਵਾਨ ਪੁਰਖ ਹੀ ਸਭ ਪਾਪਾਂ ਤੋਂ ਮੁਕਤੀ ਪ੍ਰਾਪਤ ਕਰਦੇ ਹਨ।

ਬ੍ਰਾਹਮਣੀ ਗ੍ਰੰਥਾਂ ਨੇ ਰਾਮ ਚੰਦਰ ਜੀ, ਕ੍ਰਿਸ਼ਨ ਜੀ ਅਤੇ ਅਨੇਕਾਂ ਦੇਵੀਆਂ ਤੇ ਦੇਵਤਿਆਂ ਦੀਆਂ ਕਹਾਣੀਆਂ ਦਾ ਜ਼ਿਕਰ ਰੱਬ ਰੂਪ ਵਿੱਚ ਹੀ ਕੀਤਾ ਹੈ। ਰਾਮ ਜੀ ਵਲੋਂ ਰਾਵਣ ਦਾ ਸਿਰ ਕੱਟਣ ਅਤੇ ਕ੍ਰਿਸ਼ਨ ਜੀ ਵਲੋਂ ਕਾਲੀ ਨਾਗ ਨੂੰ ਨੱਥਣ ਆਦਿਕ ਦੀਆਂ ਕਹਾਣੀਆਂ ਬਹੁਤ ਵਿਸਥਾਰ ਨਾਲ ਬ੍ਰਾਹਮਣੀ ਗ੍ਰੰਥਾਂ ਵਿੱਚ ਦਿੱਤੀਆਂ ਗਈਆਂ ਹਨ। ਗੁਰਮਤਿ ਰਾਵਣ ਨੂੰ ਮਾਰ ਦੇਣ ਅਤੇ ਕਾਲੀ ਨਾਗ ਨੂੰ ਨੱਥ ਕੇ ਕਾਬੂ ਕਰ ਲੈਣ ਦੇ ਕਰਮਾਂ ਨੂੰ ਰੱਬ ਦੇ ਕਰਮ ਕਰ ਕੇ ਦੱਸਣ ਵਾਲਿਆਂ ਦਾ ਇੱਕ ਤਰ੍ਹਾਂ ਠੱਠਾ ਹੀ ਉਡਾਉਂਦੀ ਹੈ। ਸਤਿਗੁਰੂ ਤਾਂ ਇੱਥੋਂ ਤੱਕ ਸੁਆਲ ਜਾ ਉਠਾਉਂਦੇ ਹਨ ਕਿ ਜਦ ਕ੍ਰਿਸ਼ਨ ਜੀ ਜਾਂ ਉਹਨਾਂ ਦੇ ਹੇਤੂ (ਮੂਲ ਆਧਾਰ) ਵਿਸ਼ਨੂੰ ਜੀ ਨਿੱਤ ਜਨਮ ਅਥਵਾ ਅਵਤਾਰ ਲੈਣ ਅਤੇ ਫ਼ਿਰ ਕਾਲ-ਗ੍ਰਾਸ ਹੋ ਜਾਣ ਵਿੱਚ ਹੀ ਉਲਝੇ ਹੋਏ ਹਨ ਤਾਂ ਇਸ ਹਾਲਤ ਵਿੱਚ ਸੰਸਾਰੀ ਜੀਵਾਂ ਦਾ ਕਲਿਆਣ ਕਿਵੇਂ ਹੋ ਸਕੇਗਾ? ਅਜਿਹੀ ਹਾਲਤ ਵਿੱਚ ਫ਼ਿਰ ਸੰਸਾਰ ਦੇ ਜੀਵ ਕਿਸਦੇ ਲੜ ਲਗ ਕੇ ਪਾਰ ਪੈਣਗੇ? ਸਪੱਸ਼ਟ ਹੈ ਕਿ ਗੁਰਮਤਿ ਅਵਤਾਰ ਲੈਂਦੀਆਂ ਦਸੀਆਂ ਗਈਆਂ ਹਸਤੀਆਂ ਨੂੰ ਪਰਮੇਸ਼ਰ ਨਹੀਂ ਮੰਨਦੀ, ਯਥਾ :-

**ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ॥**

(ਮ: ੩, ੫੫੯)

ਗੁਰਮਤਿ ਵਿਚਾਧਾਰਾ ਨੇ ਬਹੁਤ ਸਪੱਸ਼ਟ ਰੂਪ ਵਿੱਚ ਗੀਤਾ ਵਲੋਂ ਪ੍ਰਚਾਰੇ ਗਏ ਉਪਰੋਕਤ ਸਿਧਾਂਤ ਦਾ ਨਿਰਵਿਵਾਦ ਅਤੇ ਬੇਬਾਕ ਲਫ਼ਜਾਂ

ਰਾਹੀਂ ਭਰਵਾਂ ਵਿਰੋਧ ਕੀਤਾ ਹੈ, ਯਥਾ:-

**ਨਾਨਕ ਨਿਰਭਉ ਨਿਰੰਕਾਰੁ,ਹੋਰਿ ਕੇਤੇ ਰਾਮ ਰਵਾਲ ॥**
**ਕੇਤੀਆਂ ਕੰਨ੍ਹ ਕਹਾਣੀਆਂ, ਕੇਤੇ ਬੇਦ ਬੀਚਾਰ ॥**

(ਮ: ੧, ੪੬੪)

ਪ੍ਰਭੂ ਨਿਰਭਉ ਤੇ ਨਿਰਾਕਾਰ ਹੈ ਅਤੇ ਅਵਤਾਰੀ ਰਾਮ ਜੀ ਵਰਗੀਆਂ ਅਨੇਕਾਂ ਹਸਤੀਆਂ ਉਸ ਦੀ ਕਾਇਨਾਤ ਵਿੱਚ ਹੇਚ ਰੂਪ ਵਿੱਚ ਹੀ ਹਨ; ਉਸਦੀ ਕਾਇਨਾਤ ਵਿੱਚ ਅਵਤਾਰੀ ਕ੍ਰਿਸ਼ਨ ਜੀ ਵਰਗੀਆਂ ਹਸਤੀਆਂ ਤੇ ਉਹਨਾਂ ਦੀਆਂ ਕਹਾਣੀਆਂ ਵੀ ਅਨੇਕਾਂ ਹੀ ਹਨ ਅਤੇ ਇਹਨਾਂ ਧਰਮ ਪੁਸਤਕਾਂ ਵਲੋਂ ਅਨੇਕਾਂ ਪ੍ਰਕਾਰ ਦੇ ਵਿਚਾਰ ਪੇਸ਼ ਕੀਤੇ ਗਏ ਹਨ।

**ਦੇਵੀ ਦੇਵਾ ਪੂਜੀਐ ਭਾਈ, ਕਿਆ ਮਾਂਗਉ ਕਿਆ ਦੇਹਿ॥**
**ਪਾਹਣੁ ਨੀਰਿ ਪਖਾਲੀਐ ਭਾਈ, ਜਲ ਮਹਿਂ ਬੂਡਹਿਂ ਤੇਹਿ॥**

(ਮ: ੧, ੬੩੭)

ਖ਼ੁੱਦ ਜਨਮ-ਮਰਨ ਦੇ ਗੇੜਾਂ ਵਿੱਚ ਪਏ ਦੇਵੀ-ਦੇਵਤਿਆਂ ਤੋਂ ਕੀ ਮੰਗਣਾ ਹੋਇਆ ਅਤੇ ਓਹਨਾਂ ਨੇ ਮਨੁੱਖਾਂ ਨੂੰ ਦੇਣਾ ਵੀ ਕੀ ਹੈ ?

**ਪਉਣੁ ਉਪਾਇ ਧਰੀ ਸਭ ਧਰਤੀ, ਜਲ ਅਗਨੀ ਕਾ ਬੰਧੁ ਕੀਆ॥**
**ਅੰਧੁਲੈ ਦਹਿਸਿਰਿ ਮੂੰਡੁ ਕਟਾਇਆ,**
**ਰਾਵਣੁ ਮਾਰਿ ਕਿਆ ਵਡਾ ਭਇਆ॥**

( ਮ: ੧, ੩੫੦)

ਮੂਰਖ ਤੇ ਅੰਨੇ ਰਾਵਣ ਨੇ ਆਪਣੀਆਂ ਹਰਕਤਾਂ ਕਾਰਨ ਆਪਣਾ ਸਿਰ ਰਾਮ ਹੱਥੋਂ ਕਟਵਾ ਲਿਆ ਸੀ। ਪਰ ਫ਼ਿਰ ਵੀ ਰਾਮ ਜੀ ਆਪਣੇ ਇਸ ਕਰਤਬ ਮਾਤਰ ਨਾਲ ਰੱਬ ਕਿਵੇਂ ਮੰਨੇ ਜਾ ਸਕਦੇ ਹਨ ?

**ਜੀਅ ਉਪਾਇ ਜੁਗਤਿ ਹਥਿ ਕੀਨੀ,**
**ਕਾਲੀ ਨਥਿ ਕਿਆ ਵਡਾ ਭਇਆ॥**

( ਮ: ੧, ੩੫੦)

ਪਰਮੇਸ਼ਰ ਨੇ ਸਾਰੇ ਜੀਅ ਜੰਤ ਪੈਦਾ ਕਰਕੇ ਉਹਨਾਂ ਦੀ ਜੀਵਨ ਜੁਗਤੀ ਤੇ ਸਭ ਕਿਰਿਆ-ਕਲਾਪ ਆਪਣੇ ਹੱਥ ਵਿੱਚ ਹੀ ਰੱਖੇ ਹੋਏ ਹਨ। ਕਾਲੀ (ਨਾਗ) ਨੂੰ ਮਾਰਨ ਮਾਤਰ ਨਾਲ ਅਵਤਾਰੀ ਕ੍ਰਿਸ਼ਨ ਜੀ ਨੂੰ ਰੱਬ ਕਿਵੇਂ ਸਮਝਿਆ ਜਾ ਸਕਦਾ ਹੈ ?

ਉਪਰੋਕਤ ਦਿੱਤੇ ਗਏ ਗੁਰਬਾਣੀ ਦੇ ਬੇਅੰਤ ਸ਼ਬਦਾਂਸ਼ਾਂ (ਹਵਾਲਿਆਂ)

ਤੋਂ ਤਾਂ ਸਪਸ਼ੱਟ ਹੀ ਹੈ ਕਿ ਗੁਰਮਤਿ ਅੰਦਰ ਰੱਬ ਨੂੰ ਅਜੋਨੀ, ਅਜੱਨਮਾ, ਅਕਾਲ ਅਤੇ ਸਰਬ-ਸਮਰੱਥ ਰੂਪ ਵਿੱਚ ਦਰਸਾਇਆ ਗਿਆ ਹੈ ਪਰ ਕੀ ਗੀਤਾ ਤੇ ਕੀ ਰਾਮਾਇਣ; ਕੀ ਪੁਰਾਣ ਤੇ ਕੀ ਮਗਰਲੇ ਸਮਿਆਂ ਅੰਦਰ ਪੁਰਾਣਕ ਆਧਾਰਾਂ ਉੱਤੇ ਹਿੰਦੀ, ਬ੍ਰਿਜ ਭਾਸ਼ਾ, ਸਾਧ ਭਾਸ਼ਾ, ਅਵਧੀ, ਰਾਜਸਥਾਨੀ ਆਦਿ ਬੋਲੀਆਂ ਵਿੱਚ ਪੰਜਾਬ ਜਾਂ ਇਸਦੇ ਨੇੜੇ ਤੇੜੇ ਵਾਲੇ ਸੂਬਿਆਂ ਵਿੱਚ ਲਿਖਿਆ ਗਿਆ ਬ੍ਰਾਹਮਣੀ ਲਿਟਰੇਚਰ ਹੈ, ਉਸ ਵਿੱਚ ਮੂਲ ਰੂਪ ਵਿੱਚ ਬ੍ਰਾਹਮਣੀ ਪ੍ਰਭਾਵਾਂ ਹੇਠ ਲਿਖਾਰੀ ਇਹ ਮੰਨ ਕੇ ਹੀ ਚਲੇ ਆ ਰਹੇ ਹਨ ਕਿ ਜਦ-ਜਦ ਵੀ ਧਰਮ ਦੀਆਂ ਮਾਨਤਾਵਾਂ ਨੂੰ ਖੋਰਾ ਲਗਦਾ ਹੈ ਤੇ ਉਹ ਕਮਜ਼ੋਰ ਹੁੰਦੀਆਂ ਹਨ ਅਤੇ ਜਦੋਂ-ਜਦੋਂ ਧਰਤੀ ’ਤੇ ਪਾਪ ਵੱਧ ਜਾਂਦੇ ਹਨ, ਪਾਪੀ ਤੇ ਦੁਰਾਚਾਰੀ ਪ੍ਰਫੁਲਿਤ ਹੋ ਜਾਂਦੇ ਹਨ, ਤਦ-ਤਦ ਰੱਬ ਧਰਤੀ ਉੱਤੇ ਦੇਹ ਧਾਰ ਕੇ ਅਵਤਾਰ (ਜਨਮ) ਲੈਂਦਾ ਰਿਹਾ ਹੈ ਅਤੇ ਪਾਪੀਆਂ ਅਤੇ ਦੁਰਾਚਾਰੀਆਂ ਨੂੰ ਖ਼ਤਮ ਕਰਦਾ ਤੇ ਭਾਂਜ ਦਿੰਦਾ ਰਿਹਾ ਹੈ। ਰੱਬ ਦਾ ਸਬੰਧਤ ਅਵਤਾਰ ਧਰਮੀ ਮਨੁੱਖਾਂ ਦੀ ਕੇਵਲ ਰਾਖੀ ਹੀ ਨਹੀਂ ਕਰਦਾ ਰਿਹਾ ਬਲਕਿ ਉਹਨਾਂ ਦੀ ਸੰਭਾਲਤਾ ਕਰਨ ਦੇ ਨਾਲ-ਨਾਲ ਉਹਨਾਂ ਨੂੰ ਰਾਜ-ਭਾਗ ਅਤੇ ਦੁਨਿਆਵੀ ਪ੍ਰਭਤਾ ਵੀ ਦਿੰਦਾ ਰਿਹਾ ਹੈ। **ਬ੍ਰਾਹਮਣੀ ਵਿਸ਼ਵਾਸਾਂ ਅਨੁਸਾਰ ਰੱਬ ਅਥਵਾ ਵਿਸ਼ਨੂੰ ਨੂੰ ਚੌਵੀ ਵਾਰ ਅੱਡ-ਅੱਡ ਰੂਪਾਂ ਵਿੱਚ ਅਵਤਾਰ (ਜਨਮ) ਲੈਣਾ ਪਿਆ ਸੀ।**

## ਵੱਡ-ਆਕਾਰੀ ਬਚਿੱਤ੍ਰ ਨਾਟਕ ਦਾ “ਦਸਮ ਗ੍ਰੰਥ” ਨਾਮਕਰਨ ਇੱਕ ਵੱਡਾ ਧ੍ਰੋਹ ਤੇ ਸਾਜਿਸ਼

ਸਾਕਤੀ ਬ੍ਰਾਹਮਣਾਂ ਦੀ ਇੱਕ ਵੱਡ-ਆਕਾਰੀ ਪੁਸਤਕ, ਬਚਿਤ੍ਰ ਨਾਟਕ ਅਠਾਰ੍ਹਵੀਂ ਸਦੀ ਵਿੱਚ ਬਹੁਤ ਹੀ ਵਿਲੱਖਣ ਢੰਗ ਨਾਲ ਬਿਹਾਰ ਤੋਂ ਤੁਰ ਕੇ ਚੱਕਰ ਲਗਾਉਂਦਿਆਂ ਪੰਜਾਬ ਦੇ ਕੁੱਝ ਇਲਾਕਿਆਂ ਵਿੱਚ ਕੀ ਆ ਗਈ, ਕਿ ਉਹ ਪੰਜਾਬ ਦੇ ਜ਼ਿੰਦਗੀ-ਮੌਤ ਵਾਲੇ ਸੰਘਰਸ਼ ਵਿੱਚ ਰੁੱਝੇ ਹੋਏ ਅਠਾਰ੍ਹਵੀਂ ਸਦੀ ਦੇ ਉਹਨਾਂ ਇਨਕਲਾਬੀ ਸਿੱਖਾਂ ਦੇ ਗਲ ਆ ਪਈ ਜੋ ਇੱਕੋ ਸਮੇਂ ਦਿੱਲੀ ਅਤੇ ਪੰਜਾਬ ਦੀ ਮੁਗ਼ਲੀਆ ਹਕੂਮਤ ਅਰ ਕਾਬਲ ਦੇ ਲਗਾਤਾਰੀ ਤੌਰ ਤੇ ਚਲੇ ਆ ਰਹੇ ਪਠਾਣ ਹਮਾਆਵਰਾਂ ਨਾਲ ਜੂਝ ਰਹੇ ਸਨ। ਜ਼ਿੰਦਗੀ-ਮੌਤ (survival) ਦੇ ਸੰਘਰਸ਼ ਵਿੱਚ ਉਲਝੇ ਹੋਏ ਇਹਨਾਂ ਜੰਗੀ ਸਿੱਖਾਂ ਪਾਸ ਨਾ ਤਾਂ ਸਮਾਂ ਸੀ ਅਤੇ ਸ਼ਾਇਦ ਨਾ ਹੀ ਰੁਚੀ ਹੀ ਸੀ ਕਿ ਉਹ ਇਸ ਵੱਡ-ਆਕਾਰੀ ਤੇ ਗੁਰਮੁਖੀ ਲਿਪੀ ਵਿੱਚ ਲਿਖ ਕੇ ਹੋਂਦ ਵਿੱਚ ਲਿਆਂਦੀ ਗਈ ਪੁਸਤਕ ਦੀ ਵਿਸ਼ਾ-ਵਸਤੂ ਦੀ ਪਰਖ ਕਰਦੇ ਅਤੇ ਨਾ ਹੀ ਉਹ ਇਸ ਦੇ ਪ੍ਰਮੁੱਖ ਸਾਕਤ-ਮਤੀ ਬ੍ਰਾਹਮਣ ਲਿਖਾਰੀ, ਸ਼ਯਾਮ ਦੀ ਚਾਲ ਅਤੇ ਜਾਅਲਸਾਜ਼ੀ ਨੂੰ

ਸਮਝ ਸਕਦੇ ਸਨ। ਪ੍ਰਤੀਤ ਹੁੰਦਾ ਹੈ ਕਿ ਇਸ ਜਾਅਲਸਾਜ਼ੀ ਵਿੱਚ ਸਿੱਖ ਮੱਤ ਦੇ ਕੁੱਝ ਕਦੀਮੀ ਸ਼ਤਰੂ, ਬ੍ਰਾਹਮਣ ਪ੍ਰਚਾਰਕ, ਜੋ ਬਹੁਤ ਚਤੁਰ, ਸ਼ਾਤਰ ਤੇ ਪੁੱਜੇ ਹੋਏ ਜਾਅਲਸਾਜ਼ ਵਿਅਕਤੀ ਸਨ, ਵੀ ਉਸਦੇ ਨਾਲ ਸਨ। ਇਸ ਜਾਅਲਸਾਜ਼ੀ ਦੀ ਆਮ ਸਿੱਖਾਂ ਨੂੰ ਜ਼ਰਾ ਵੀ ਭਿਣਕ ਨਾ ਪੈ ਸਕੀ। ਇਸਦੇ ਕਈ ਕਾਰਨ ਸਨ ਜਿਵੇਂ ਕਿ :-

੧. ਸਿੱਖਾਂ ਦਾ ਜ਼ਿੰਦਗੀ ਮੌਤ ਦੇ ਘੋਲ ਵਿੱਚ ਉਲਝਿਆ ਹੋਣਾ;

੨. ਸਿੱਖਾਂ ਵਿੱਚ ਪੜ੍ਹਾਈ ਲਿਖਾਈ ਤੇ ਡੂੰਘੇ ਅਧਿਅਨ ਦੀ ਕਮੀ ਦਾ ਹੋਣਾ ਜੋ ਦੇਸ਼ ਦੇ ਰਾਜਸੀ ਅਤੇ ਸਮਾਜਕ ਹਾਲਾਤ ਕਾਰਨ ਹੀ ਸੀ;

੩. ਸ਼ਯਾਮ ਕਵੀ ਨੇ ਸ਼ਰਾਰਤ (mischief) ਅਤੇ ਜਾਅਲਸਾਜ਼ੀ ਦੀ ਹੱਦ ਮੁਕਾਉਂਦਿਆਂ ਆਪਣੇ ਇਸ ਵੱਡ-ਆਕਾਰੀ ਗ੍ਰੰਥ ਦੀਆਂ ਅਨੇਕਾਂ ਰਚਨਾਵਾਂ ਨੂੰ ਗੁਰੂ ਦਸਮੇਸ਼ ਵਲੋਂ ਲਿਖੀਆਂ ਪ੍ਰਗਟ ਕੀਤਾ ਹੈ ਅਤੇ ਕਈਆਂ ਦੇ ਆਰੰਭ ਵਿੱਚ ਉਹ ਸਿੱਖਾਂ ਨਾਲ ਸ਼ਰੀਅਨ ਧੋਖਾ ਕਰਦਿਆਂ "ਪਾਤਿਸ਼ਾਹੀ ੧੦" ਵਾਲੇ ਲਫ਼ਜ਼ ਲਿਖ ਕੇ ਆਮ ਸਿੱਖ ਨੂੰ ਸ਼ਸ਼ੋਪੰਜੇ ਵਿੱਚ ਪਾਉਣ ਵਿੱਚ ਕਾਮਯਾਬ ਹੋ ਗਿਆ ਹੈ। ਇਸ ਜਾਅਲਸਾਜ਼ੀ ਵਿੱਚ ਪੂਰੀ ਤਰ੍ਹਾਂ ਕਾਮਯਾਬ ਹੋਣ ਲਈ ਉਸਨੇ ਕਈ ਰਚਨਾਵਾਂ ਦੀ ਵਿਸ਼ਾ-ਵਸਤੂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਬਿਲਕੁਲ ਅਨੁਕੂਲ ਬਣਾ ਕੇ ਪੇਸ਼ ਕਰ ਦਿੱਤੀ ਸੀ ਜੋ ਭਾਵੇਂ ਆਟੇ ਵਿੱਚ ਲੂਣ ਵਰਗੀ ਮਾਤਰਾ ਵਿੱਚ ਹੀ ਸਨ। ਭਾਈ ਕਾਹਨ ਸਿੰਘ ਨਾਭਾ ਦੇ ਸਮੇਂ ਤੋਂ ਲੈ ਕੇ ਹੀ ਗੁਰਬਾਣੀ ਦੀ ਕਸਵਟੀ ਨਾਲ ਪਰਖ ਪਰਖ ਕੇ ਪੰਥ-ਦਰਦੀ ਤੇ ਗੁਰਬਾਣੀ ਗੁਰਮਤਿ ਦੇ ਗਿਆਤਾ ਅਨੇਕਾਂ ਵਿਦਵਾਨ ਇਸ ਸਾਕਤੀ ਪੁਸਤਕ ਦੀਆਂ ਅਨੇਕਾਂ ਰਚਨਾਵਾਂ ਦੀ ਪੜਚੋਲ-ਪੜਤਾਲ ਕਰਦੇ ਆਏ ਹਨ ਅਤੇ ਐਲਾਨਦੇ ਰਹੇ ਹਨ ਕਿ ਇਸ ਸਾਕਤੀ ਸੈਂਚੇ ਦੀ ਅਮਕੀ-ਅਮਕੀ ਰਚਨਾ ਪੂਰੀ ਤਰ੍ਹਾਂ ਗੁਰਮਤਿ ਵਿਰੁੱਧ ਹੈ ਅਤੇ ਗੁਰੂ ਦਸਮੇਸ਼-ਕ੍ਰਿਤ ਕਦਾਚਿਤ ਨਹੀਂ। ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ (ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਚਲਾਇਆ ਜਾ ਰਿਹਾ ਅਦਾਰਾ) ਵਿਖੇ ਕਈ ਸਾਲ ਪ੍ਰਿੰਸੀਪਲ ਦੀ ਸੇਵਾ ਨਿਭਾਉਣ ਵਾਲੇ ਅਤੇ ਅਰਸੇ ਤਕ ਗੁਰਮਤਿ ਪ੍ਰਕਾਸ਼ ਦੀ ਸੰਪਾਦਨਾ ਕਰਨ ਵਾਲੇ ਪੰਥਕ ਵਿਦਵਾਨ, ਪ੍ਰਿ: ਹਰਭਜਨ ਸਿੰਘ ਨੇ ਆਪਣੇ ਜੀਵਨ ਦੇ ਅੰਤਲੇ ਸਾਲਾਂ ਵਿੱਚ ਇਸ ਸਾਕਤ-ਮੱਤੀ ਗ੍ਰੰਥ ਦੀ ਡੂੰਘੀ ਪਰਖ ਕਰਕੇ ਉਸ ਦੇ ਕੇਵਲ 73 ਸਫ਼ਿਆਂ ਨੂੰ ਛੱਡ ਕੇ ਬਾਕੀ ਸਾਰੀ ਰਚਨਾ ਨੂੰ ਗੁਰਮਤਿ ਅਤੇ ਗੁਰਬਾਣੀ ਆਸ਼ਿਆਂ ਦੇ ਵਿਰੁੱਧ ਐਲਾਨਿਆ ਸੀ ਅਰ ਇਹ ਸੱਚਾਈ ਆਪਣੀ ਲਿਖਤ ਵਿੱਚ ਬੇਬਾਕੀ ਨਾਲ ਪ੍ਰਗਟ ਕਰ ਦਿੱਤੀ ਸੀ। ਉਂਞ, ਲਗਪਗ ਮਿਲਦੇ-ਜੁਲਦੇ ਸਿਟੇ ਅਨੇਕਾਂ ਹੋਰ ਹੋਰ ਲਿਖਾਰੀ ਆਮ ਕਰਕੇ ਅਤੇ ਪੰਚ ਖ਼ਾਲਸਾ ਦੀਵਾਨ ਦੇ ਕਈ ਲਿਖਾਰੀ ਖ਼ਾਸ ਕਰਕੇ ਪਹਿਲਾਂ ਵੀ ਕੱਢ ਚੁੱਕੇ ਹਨ।

'ਚਉਬੀਸ ਅਉਤਾਰ' ਵਿੱਚੋਂ ਜਦੋਂ ਅਸੀਂ ਹੇਠ ਲਿਖੀਆਂ ਪੰਗਤੀਆਂ

ਆਰੰਭ ਵਿੱਚ ਹੀ ਪੜ੍ਹਦੇ ਹਾਂ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਦੇ ਲਿਖਾਰੀ, ਸ਼ਯਾਮ ਦੇ ਦਿਲ-ਦਿਮਾਗ ਉੱਤੇ 'ਗੀਤਾ' ਅਤੇ 'ਰਾਮ ਚਰਿਤ ਮਾਨਸ' ਵਿੱਚ ਪ੍ਰਚਾਰੀ ਹੋਈ ਵਿਚਾਰਧਾਰਾ ਹੀ ਡੂੰਘੇ ਤੌਰ ਤੇ ਛਾਈ ਹੋਈ ਹੈ :-

**ਜਬ ਜਬ ਹੋਤ ਅਰਿਸ਼ਟ ਅਪਾਰਾ।**
**ਤਬ ਤਬ ਦੇਹ ਧਰਤ ਅਵਤਾਰਾ।**
**ਕਾਲ ਸਭਨ ਕੋ ਪੇਖਿ ਤਮਾਸ਼ਾ ।**
**ਅੰਤਹਿ ਕਾਲ ਕਰਤ ਹੈ ਨਾਸ਼ਾ।**

**(ਮੱਛ ਅਵਤਾਰ, ੧੫੫-੫੬)**

ਬ੍ਰਾਹਮਣੀ ਮੱਤ ਅਨੁਸਾਰ ਜਨਮ ਲੈ-ਲੈ ਕੇ ਕਾਰਵਾਈਆਂ ਪਾਉਣ ਵਾਲੇ ਇਹ ਅਵਤਾਰ ਜਾਂ ਤਾਂ ਰੱਬ ਦੇ ਦਸੇ ਜਾਂਦੇ ਰਹੇ ਹਨ ਜਾਂ ਫ਼ਿਰ ਇਹ ਤ੍ਰੈ-ਮੂਰਤੀ (ਬ੍ਰਹਮਾ, ਵਿਸ਼ਨੂੰ ਤੇ ਸ਼ੰਕਰ ਜੀ ) ਜਾਂ ਤਿਕੜੀ ਤੇ ਦੇਵਤਿਆਂ ਵਿੱਚੋਂ ਕਿਸੇ ਇੱਕ ਦੇ ਅਵਤਾਰ ਹੁੰਦੇ ਸਨ। **ਮਨੁੱਖਾਂ ਦੇ ਘਰ ਜਨਮ ਲੈਣ ਵਾਲੇ ਇਹਨਾਂ ਸਭ ਅਵਤਾਰਾਂ ਦੀਆਂ ਸਾਰੀਆਂ ਕਹਾਣੀਆਂ ਇਹੋ ਦਰਸਾਉਂਦੀਆਂ ਹਨ ਕਿ ਇਹ ਸਭ ਅਵਤਾਰ ਆਪਣੇ-ਆਪਣੇ ਸਮੇਂ ਅੰਦਰ ਮਾਇਆ ਦੇ ਅੱਡ-ਅੱਡ ਪ੍ਰਭਾਵਾਂ ਹੇਠ ਹੀ ਵਿਚਰੇ ਸਨ ਅਤੇ ਮਨੁੱਖਾਂ ਦੀ ਤਰ੍ਹਾਂ ਹੀ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਕੀਨੇ, ਸਾੜੇ, ਨਿੰਦਿਆ, ਉਸਤਤਿ ਆਦਿਕਾਂ ਦੀਆਂ ਲਹਿਰਾਂ ਦੀ ਮਾਰ ਹੀ ਖਾਂਦੇ ਰਹੇ ਸਨ।**

## ਗੁਰਮਤਿ ਦਰਸਾਏ ਪਰਮੇਸ਼ਰ ਦਾ ਰੂਪ

ਸਤਿਗੁਰੂ ਨਾਨਕ ਪਾਤਿਸ਼ਾਹ ਨੇ ਪਰਮ ਪਿਤਾ ਪਰਮੇਸ਼ਰ ਦਾ ਸਰੂਪ ਬਹੁਤ ਹੀ ਸਪਸ਼ੱਟਤਾ ਨਾਲ ਹੇਠ ਲਿਖੇ ਅਨੁਸਾਰ ਬਿਆਨਿਆ ਹੈ ਜਿਸਨੂੰ ਅੱਡ-ਅੱਡ ਸਮਿਆਂ ਦੇ ਅਨੇਕਾਂ ਮੱਤਾਂ ਦੇ ਅੱਡ-ਅੱਡ ਪਰ ਨਿਰਪਖ ਵਿਦਵਾਨ ਕਿਸੇ ਨਾ ਕਿਸੇ ਰੂਪ ਵਿੱਚ ਮੰਨਦੇ ਚਲੇ ਆ ਰਹੇ ਹਨ :-

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥**

ਵਾਹਿਗੁਰੂ ਦਾ ਸਰੂਪ ਨਿਰੂਪਣ ਕਰਨ ਵਾਲੇ ਇਸ ਮੰਗਲਾਚਰਨ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਸੰਪੂਰਨ ਅਤੇ ਸੰਖੇਪ ਰੂਪਾਂ ਵਿੱਚ ੫੬੭ ਵਾਰ ਦੁਹਰਾਇਆ ਗਿਆ ਹੈ।

ਗੁਰਮਤਿ ਨੇ ਪਰਮੇਸ਼ਰ ਦੀ ਹਸਤੀ ਲਈ **"੧"** (ਏਕਾ) ਪਾ ਕੇ

ਸਿੱਖੀ ਦੇ ਮੂਲਕ ਸਿਧਾਂਤ ਦੇ ਤੌਰ ਤੇ ਪਰਮੇਸ਼ਰ ਦੇ ਇੱਕ ਅਤੇ ਕੇਵਲ ਇੱਕ ਹੋਣ ਦੇ ਰੂਪ ਨੂੰ ਮੰਨਿਆ ਅਤੇ ਪ੍ਰਚਾਰਿਆ ਹੈ ਜੋ ਦ੍ਰਿਸ਼ਟਮਾਨ ਅਰ ਅਦ੍ਰਿੱਸ਼ਟ ਦੋਹਾਂ ਸਰੂਪਾਂ ਵਿਚ ਪਸਰੀ ਹੋਈ ਇੱਕ, ਰਸ-ਰੂਪ ਵਾਲੀ ਸਰਬ-ਵਿਆਪਕ ਅਤੇ ਅਦੁੱਤੀ ਹਸਤੀ ਹੈ, ਯਥਾ :-

**ਸਾਹਿਬੁ ਮੇਰਾ ਏਕੋ ਹੈ, ਏਕੋ ਹੈ ਭਾਈ ਏਕੋ ਹੈ॥**

(ਮ: ੧, ੩੫੦)

**ਗੁਣੁ ਏਹੋ ਹੋਰੁ ਨਾਹੀਂ ਕੋਇ॥**
**ਨਾ ਕੋ ਹੋਆ ਨਾ ਕੋ ਹੋਇ॥** (ਮ: ੧, ੯)

ਗੁਰਮਤਿ ਵਿਚ ਕੇਵਲ ਮਾਤਰ ਪਰਮੇਸ਼ਰ ਦੀ ਹਸਤੀ ਨੂੰ ਹੀ ਵਾਹਿਗੁਰੂ ਦਾ ਸਰਗੁਣ ਸਰੂਪ ਮੰਨਿਆ ਜਾਂਦਾ ਹੈ। ਕਿਸੇ ਵੀ ਹੋਰ ਕਿਰਤਮ ਹਸਤੀ ਨੂੰ, ਜਿਸ ਨੂੰ ਵਾਹਿਗੁਰੂ ਆਪਣੇ ਹੁਕਮ ਵਿੱਚ ਕਦੀ ਲਿਖੇ ਜਾਂ ਰਚੇ ਅਤੇ ਕਦੀ ਰਚ ਕੇ ਨਾਸ ਕਰ ਦੇਵੇ, ਰੱਬ ਕਰ ਕੇ ਗੁਰਮਤਿ ਮਾਣਤਾ ਨਹੀਂ ਦਿੰਦੀ। ਜੇ ਕੋਈ ਮਨੁੱਖ ਅਜਿਹੇ ਵਾਹਿਦ ਪਰਮੇਸ਼ਰ ਨੂੰ ਬੁਝ ਜਾਂ ਲਖ ਲਏ ਤਾਂ ਉਸ ਨੂੰ ਸਪੱਸ਼ਟ ਹੋ ਜਾਂਦਾ ਹੈ ਕਿ ਪਰਮੇਸ਼ਰ ਆਦਿ ਅਤੇ ਅੰਤ ਤੋਂ ਰਹਿਤ ਇੱਕ ਮਾਤਰ ਵਾਹਿਦ ਹਸਤੀ ਹੈ, ਯਥਾ :-

**ਓਅੰਕਾਰ ਆਦਿ ਮੈਂ ਜਾਨਾ॥**
**ਲਿਖਿ ਅਰ ਮੇਟੈ, ਤਾਹਿ ਨ ਮਾਨਾ॥**
**ਓਅੰਕਾਰ ਲਖੈ ਜਉ ਕੋਈ॥**
**ਸੋਈ ਲਖਿ ਮੇਟਣਾ ਨ ਹੋਈ॥** (ਕਬੀਰ ਜੀ, ੩੪੦)

ਗੁਰਮਤਿ ਦੇ ਵਿਸ਼ਵਾਸਾਂ ਮੁਤਾਬਿਕ **"ਓਅੰਕਾਰ"** ਤੋਂ ਹੀ ਉਸ ਬ੍ਰਹਮਾ ਦੀ ਉਤਪਤੀ ਹੋਈ ਮੰਨੀ ਜਾਂਦੀ ਹੈ ਜਿਸ ਨੇ ਓਅੰਕਾਰ ਨੂੰ ਆਪਣੇ ਚਿਤ ਵਿੱਚ ਲਿਆਂਦਾ ਹੈ। ਗੁਰਮਤਿ ਪ੍ਰੇਰਨਾ ਦਿੰਦੀ ਹੈ ਕਿ ਅਸੀਂ ਹਮੇਸ਼ਾ ਪ੍ਰਭੂ ਨੂੰ ਆਪਣੇ ਨੇੜੇ ਬੁਝੀਏ (Realize ਕਰੀਏ) ਅਤੇ ਉਸਨੂੰ ਕਦੀ ਵੀ ਆਪਣੇ ਤੋਂ ਦੂਰ ਨ ਸਮਝੀਏ ਜੋ ਅਸਲ ਵਿੱਚ ਸਾਰੀ ਸ੍ਰਿਸ਼ਟੀ ਵਿੱਚ ਇੱਕ-ਰਸ ਪਰੀਪੂਰਨ ਹੈ, ਯਥਾ :-

**ਓਅੰਕਾਰ, ਬ੍ਰਹਮਾ ਉਤਪਤਿ॥**
**ਓਅੰਕਾਰ ਕੀਆ ਜਿਨਿ ਚਿਤਿ॥** (ਮ: ੧, ੯੨੯)

**ਪ੍ਰਭੂ ਨੇੜੈ ਹਰਿ ਦੂਰਿ ਨ ਜਾਣਹੁ, ਏਕੋ ਸ੍ਰਿਸਟਿ ਸਬਾਈ॥**
**ਏਕੰਕਾਰੁ ਅਵਰੁ ਨਹੀਂ ਦੂਜਾ, ਨਾਨਕ ਏਕੁ ਸਮਾਈ॥**

(ਮ: ੧, ੯੩੦)

ਗੁਰਮਤਿ ਵਾਹਿਗੁਰੂ ਦੀ ਸਰਬ-ਸ਼ਕਤੀਮਾਨਤਾ, ਅਪਾਰਤਾ ਅਤੇ ਪ੍ਰਬਲਤਾ ਨੂੰ **"ਕੀਤਾ ਪਸਾਉ ਏਕੋ ਕਵਾਉ" ਤਿਸਤੇ ਹੋਏ ਲਖ ਦਰੀਆਉ ॥"** (ਮ: ੧, ਪੰਨਾ ੨) ਅਤੇ **"ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥"** (ਕਬੀਰ ਜੀ, ੧੨੫੨) **ਕਰਕੇ ਪ੍ਰਚਾਰਦੀ ਅਤੇ ਸਵੀਕਾਰਦੀ ਹੈ।**

ਗੁਰਬਾਣੀ ਵਿੱਚ **"ਸਤਿ ਨਾਮੁ"** ਕਹਿ ਕੇ ਕੇਵਲ ਮਾਤਰ ਪਰਮੇਸ਼ਰ ਦੀ ਵਾਹਿਦ ਹਸਤੀ ਨੂੰ ਹੀ ਸਤਿ (ਸਦੀਵੀ, ਇੱਕ-ਰੱਸ ਅਥਵਾ ਹੋਂਦ-ਵਾਲਾ ਦੱਸਿਆ ਹੈ। ਗੁਰਬਾਣੀ ਦੇ ਸਤਿ ਨੂੰ ਸਮਝਣ ਲਈ ਰੂਪੁ ਸਤਿ (ਪੰਨਾ ੨੮੪), ਪੁਰਖੁ ਸਤਿ (ਪੰਨਾ ੨੮੪), ਨਾਮੁ ਸਤਿ (ਪੰਨਾ ੨੮੫) ਆਦਿਕ ਆਏ ਪਦਾਂ ਤੇ ਡੂੰਘੀ ਵਿਚਾਰ ਕਰਨ ਦੀ ਲੋੜ ਹੈ ਜੋ ਕੇਵਲ ਸਦਾ ਕਾਇਮ ਦਾਇਮ ਪ੍ਰਭੂ ਵਾਸਤੇ ਵਰਤੇ ਗਏ ਹਨ। ਰੱਬ ਦੀਆਂ ਸਿਫ਼ਤਾਂ ਦਾ ਬਿਆਨ ਕਰਨ ਵਾਲੇ ਅਨੇਕਾਂ ਨਾਮ ਮਨੁੱਖ ਦੀ ਜ਼ਬਾਨ ਉਚਾਰਦੀ ਆਈ ਹੈ ਅਤੇ ਉਸ ਦਾ ਨਾਮ, ਹੋਂਦ ਅਤੇ ਪ੍ਰਕਾਸ਼ ਆਦਿ ਤੋਂ ਅਤੇ ਸਦੀਵ ਕਾਲ ਲਈ ਕਾਇਮ ਹੈ। ਉਸਦੀ ਇਹ ਸਦੀਵ-ਕਾਲੀ ਹਸਤੀ ਜੀਵ ਨੂੰ ਸੁਖ ਦੇਣ ਵਾਲੀ ਹੈ ਪਰ ਇਸ ਸਤਿ ਦੀ ਪ੍ਰਾਪਤੀ ਅਤੇ ਸਤਿ ਦੇ ਵਿਸ਼ਵਾਸ ਨੂੰ ਸੱਚੇ ਗੁਰੂ ਤੋਂ ਹੀ ਪਾਇਆ ਜਾ ਸਕਦਾ ਹੈ ਯਥਾ :-

**ਕਿਰਤਮ ਨਾਮ ਕਥੇ ਤੇਰੇ ਜਿਹਬਾ ॥**
**ਸਤਿ ਨਾਮੁ ਤੇਰਾ ਪਰਾ ਪੂਰਬਲਾ ॥** (ਮ: ੫, ੧੦੮੩)

**ਸਤਿ ਨਾਮੁ ਪ੍ਰਭ ਦਾ ਸੁਖਦਾਈ ॥**
**ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ ॥** (ਮ: ੫, ੨੮੪)

**"ਕਰਤਾ ਪੁਰਖ"** ਰਾਹੀਂ ਪਰਮੇਸ਼ਰ ਨੂੰ ਸਾਰੀ ਦ੍ਰਿੱਸ਼ਟ ਤੇ ਅਦ੍ਰਿੱਸ਼ਟ ਹੋਂਦ ਦਾ ਰਚਣਹਾਰ ਅਤੇ ਹਰ ਥਾਂ ਇੱਕ-ਰੱਸ ਵਿਆਪਕ ਦਸਿਆ ਗਿਆ ਹੈ।

**ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ,**
**ਹਰਿ ਅਗਮਾ ਅਗਮ ਅਪਾਰਾ ॥** (ਮ : ੪, ੩੪੨)

**ਏਕੋ ਕਰਤਾ ਜਿਨਿ ਜਗੁ ਕੀਆ ॥**
**ਬਾਝੁ ਕਲਾ ਧਰਿ ਗਗਨ ਧਰੀਆ ॥** (ਮ: ੧, ੧੧੮੮)
**ਹਰਿ ਇਕੋ ਕਰਤਾ ਇਕੁ ਇਕੋ ਦੀਬਾਣੁ ਹਰਿ ॥**
**ਹਰਿ ਇਕਸੈ ਦਾ ਹੈ ਅਮਰੁ, ਇਕੋ ਹਰਿ ਚਿਤਿ ਧਰਿ ॥**
(ਮ: ੪, ੮੩)

**ਆਦਿ ਪੁਰਖ ਕਰਤਾਰ, ਕਰਣ ਕਾਰਣ ਸਭ ਆਪੇ ॥**
**ਸਰਬ ਰਹਿਓ ਭਰਪੂਰਿ, ਸਗਲ ਘਟ ਰਹਿਓ ਬਿਆਪੇ ॥**

(ਮ: ੫, ੧੩੮੫)

**"ਨਿਰਭਉ ਨਿਰਵੈਰ"** ਕਹਿ ਕੇ ਪਰਮੇਸ਼ਰ ਨੂੰ ਕਿਸੇ ਵੀ ਡਰ ਅਤੇ ਵੈਰ ਤੋਂ ਰਹਿਤ ਦਸਿਆ ਹੈ।

**ਦੁਖ ਭੰਜਨ ਨਿਧਾਨ ਅਮੋਲੇ ॥**
**ਨਿਰਭਉ ਨਿਰਵੈਰ ਅਥਾਹ ਅਤੋਲੇ ॥** (ਮ: ੫, ੯੯)

**ਨਿਰਭਉ ਸੋ ਸਿਰਿ ਨਾਹੀ ਲੇਖਾ।।**
**ਆਪਿ ਅਲੇਖੁ ਕੁਦਰਤਿ ਹੈ ਦੇਖਾ ॥**
**ਆਪਿ ਅਤੀਤੁ ਅਜੋਨੀ ਸੰਭਉ,**
**ਨਾਨਕ ਗੁਰਮਤਿ ਸੋ ਪਾਇਆ ॥**

(ਮ: ੧, ੧੦੪੨)

**ਬਿਨੁ ਬਾਦ ਬਿਰੋਧਹਿ ਕੋਈ ਨਾਹੀਂ ॥**
**ਮੈ ਦੇਖਾਲਿਹੁ, ਤਿਸੁ ਸਾਲਾਹੀ ॥**
**ਮਨੁ ਤਨੁ ਅਰਪਿ ਮਿਲੇ ਜਗਜੀਵਨੁ,**
**ਹਰਿ ਸਿਉ ਬਣਤ ਬਣਾਈ ਹੇ ॥** (ਮ : ੧, ੧੦੨੫)

**"ਅਕਾਲ ਮੂਰਤਿ"** ਰਾਹੀਂ ਦਸਿਆ ਗਿਆ ਹੈ ਕਿ ਉਸਦੀ ਹਸਤੀ ਕਾਲ ਦੇ ਅਸਰ ਤੋਂ ਰਹਿਤ ਹੈ :-

**ਅਕਾਲ ਮੂਰਤਿ ਅਜੂਨੀ ਸੰਭੌ**
**ਮਨ ਸਿਮਰਤ ਠੰਡਾ ਥੀਵਾਂ ਜੀਉ ॥** (ਮ: ੫, ੯੯)

**"ਅਜੂਨੀ ਸੈਭੰ"** ਪਦ ਰਾਹੀਂ ਦਸਿਆ ਗਿਆ ਹੈ ਕਿ ਪਰਮੇਸ਼ਰ ਜੂਨਾਂ-ਜਨਮਾਂ ਤੋਂ ਰਹਿਤ ਸ੍ਵੈ-ਪ੍ਰਕਾਸ਼ਤ ਹਸਤੀ ਹੈ ਅਤੇ ਕਦੀ ਵੀ ਕਿਸੇ ਸੰਕਟ ਵਿੱਚ ਨਹੀਂ ਪੈਂਦੀ। ਉਹ ਕਿਸੇ ਮਾਤਾ ਪਿਤਾ ਰਾਹੀਂ ਹੋਂਦ ਵਿੱਚ ਆਈ ਹਸਤੀ ਨਹੀਂ। ਉਹ ਮਾਇਆ ਤੋਂ ਪੂਰੀ ਤਰ੍ਹਾਂ ਨਿਰਲੇਪ, ਪਰੇ ਤੋਂ ਵੀ ਪਰੇ ਪਸਰੀ ਹੋਈ ਪਰ ਸਾਰੀ ਕਾਇਨਾਤ ਵਿੱਚ ਵਿਆਪਕ ਹਸਤੀ ਹੈ।

**ਸੰਕਟ ਨਹੀਂ ਪਰੈ ਜੋਨਿ ਨਹੀਂ ਆਵੈ,**
**ਨਾਮੁ ਨਿਰੰਜਨੁ ਜਾਕੋ ਰੇ ॥**
**ਕਬੀਰ ਕੋ ਸੁਆਮੀ ਐਸੋ ਠਾਕੁਰੁ,**
**ਜਾ ਕੈ ਮਾਈ ਨ ਬਾਪੋ ਰੇ ॥** ਕਬੀਰ ਜੀ, ੩੩੯)

**ਨਾ ਤਿਸੁ ਮਾਤ ਪਿਤਾ ਸੁਤ ਬੰਧਪ**
**ਨਾ ਤਿਸੁ ਕਾਮੁ ਨ ਨਾਰੀ॥**
**ਅਕੁਲ ਨਿਰੰਜਨ ਅਪਰ ਪਰੰਪਰੁ,**
**ਸਗਲੀ ਜੋਤਿ ਤੁਮਾਰੀ॥** (ਮ: ੧, ੫੯੭)

**"ਸੈਭੰ"** ਪਦ ਰਾਹੀਂ ਪ੍ਰਗਟਾਇਆ ਹੈ ਕਿ ਵਾਹਿਗੁਰੂ ਦਾ ਪ੍ਰਕਾਸ਼ ਤੇ ਜ਼ਹੂਰ ਆਪਣੇ ਆਪ ਤੋਂ ਹੈ ਭਾਵੇਂ ਇਹ ਤੱਥ ਮਨੁੱਖੀ ਵਿਚਾਰ-ਸ਼ਕਤੀ ਤੋਂ ਬਹੁਤ ਹੀ ਉੱਤੇ ਦੀ ਚੀਜ਼ ਹੈ ਅਤੇ ਇਸਦੀ ਸੂਝ ਆਪਣੇ ਆਪ ਪੈਦਾ ਹੋ ਹੀ ਨਹੀਂ ਸਕਦੀ। ਇਹ ਸੂਝ ਅਤੇ ਇਹ ਵਿਸ਼ਵਾਸ ਸੱਚੇ ਗੁਰੂ ਪਾਸੋਂ ਹੋ ਸਕਣਾ ਹੀ ਸੰਭਵ ਹੈ, ਯਥਾ :-

**ਅਮੋਘ ਦਰਸਨ ਆਜੂਨੀ ਸੰਭਉ॥**
**ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ॥** (ਮ: ੫, ੧੦੮੨)

**ਅਕਾਲ ਮੂਰਤਿ ਅਜੂਨੀ ਸੰਭੌ**
**ਮਨ ਸਿਮਰਤ ਠੰਡਾ ਥੀਵਾਂ ਜੀਉ॥** (ਮ: ੫, ੯੯)

**"ਗੁਰਪ੍ਰਸਾਦਿ"** ਰਾਹੀਂ ਦਸਿਆ ਗਿਆ ਹੈ ਕਿ ਅਜਿਹੀ ਵਾਹਿਦ ਹਸਤੀ ਕੇਵਲ ਗੁਰੂ ਦੀ ਕਿਰਪਾ ਜਾਂ ਮਿਹਰ ਨਾਲ ਹੀ ਪ੍ਰਾਪਤ ਹੋ ਸਕਦੀ ਹੈ :-

**ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ॥**
**ਗੁਰ ਪ੍ਰਸਾਦਿ ਨਾਨਕ ਇਕੁ ਜਾਤਾ॥** (ਮ: ੫, ੨੮੯)

## ਸਾਜਿਸ਼ੀ ਰਚਨਾ ਦਾ ਅਸਲ ਨਾਮ ਬਚਿਤ੍ਰ ਨਾਟਕ ਅਤੇ ਇਸ ਦਾ ਅਸਲ ਰਚਣਹਾਰ ਕਵੀ ਸ਼ਯਾਮ

ਹੁਣ ਅਸੀਂ ਕੁੱਝ ਲੋੜੀਂਦੀ ਚਰਚਾ ਇਸ ਉਪਰ ਬਿਆਨੇ ਵੱਡ-ਆਕਾਰੀ ਸਾਕਤ-ਮੱਤੀ ਗ੍ਰੰਥ ਦੇ ਨਾਮ ਬਾਰੇ ਅਤੇ ਇਸਦੇ ਲਿਖਾਰੀ ਜਾਂ ਕਵੀ ਦੇ ਨਾਮ ਬਾਰੇ ਕਰਨੀ ਚਾਹਵਾਂਗੇ। ਅਠਾਰ੍ਹਵੀਂ ਸਦੀ ਦੇ ਕਿਸੇ ਵੀ ਭਰੋਸੇ-ਯੋਗ ਵਸੀਲੇ ਤੋਂ ਇਸ ਸਾਕਤ-ਮੱਤੀ ਗ੍ਰੰਥ ਦਾ ਨਾਮ "ਦਸਮ ਗ੍ਰੰਥ" ਜਾਂ "ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ" ਨਹੀਂ ਸਿੱਧ ਹੋ ਸਕਦਾ। ਇਸ ਰਚਨਾ ਦੀਆਂ ਅੰਦਰਲੀਆਂ ਗਵਾਹੀਆਂ ਅਥਵਾ ਅੰਤਰ ਸਾਕਸ਼ ਦੇ ਆਧਾਰ ਤੇ ਇਸ ਗ੍ਰੰਥ ਦਾ ਨਾਮ **"ਬਚਿਤ੍ਰ ਨਾਟਕ"** ਹੀ ਸਿੱਧ ਹੁੰਦਾ ਹੈ ਜੋ ਇਸ ਗ੍ਰੰਥ ਦੀਆਂ ਅਨੇਕਾਂ ਰਚਨਾਵਾਂ ਅਰ ਅੰਤਿਕਾਵਾਂ ਵਿੱਚ ਸਪਸ਼ੱਟ ਤੌਰ ਤੇ ੧੪੯ ਵਾਰ ਆਇਆ ਹੈ।

ਭਾਵੇਂ ਇਸ ਸਾਜਿਸ਼ੀ, ਜਾਅਲੀ ਤੇ ਸ਼ਰਾਰਤੀ ਸਾਕਤ ਕਵੀ ਨੇ ਕਈ ਸਾਜਿਸ਼ਾਂ ਕਰਕੇ ਗੁਰੂ ਦਸਮੇਸ਼ ਜੀ ਨੂੰ ਅਤੇ ਕਿਤੇ-ਕਿਤੇ ਰਾਮ ਜਾਂ ਕਾਲ ਨੂੰ ਵੀ ਇਸ ਗ੍ਰੰਥ ਦੀਆਂ ਰਚਨਾਵਾਂ ਦਾ ਰਚਣਹਾਰ ਕਰਕੇ ਲਿਖਿਆ ਹੈ ਪਰ ਮੋਟੇ ਤੌਰ ਤੇ ਇਸ ਸਾਰੇ ਸਾਕਤੀ ਪੁਸਤਕ ਦਾ ਕਰਤਾ ਕਵੀ ਸ਼ਜਾਮ ਸੀ।

**" ਬਚਿੱਤ੍ਰ ਨਾਟਕ"** ਦੀ 'ਚਉਬੀਸ ਅਉਤਾਰ' ਨਾਮ ਦੀ ਸ਼ੁਰੂ ਸ਼ੁਰੂ ਵਿੱਚ ਅੰਕਿਤ ਹੋਈ ਰਚਨਾ ਦੇ ਆਰੰਭ ਵਿੱਚ ਹੀ ਇਸ ਲਿਖਤ ਦੇ ਲਿਖਾਰੀ ਨੇ ਆਪਣਾ ਨਾਮ ਸਪੱਸ਼ਟ ਤੌਰ ਤੇ **ਸ਼ਜਾਮ** ਕਰ ਕੇ ਦੇ ਦਿੱਤਾ ਹੈ ਜੋ ਇਸ ਗ੍ਰੰਥ ਵਿੱਚ ਕਈ ਹੋਰ ਥਾਈਂ ਦੁਹਰਾਇਆ ਗਿਆ ਹੈ, ਯਥਾ :-

**ਸੁਨੀਅਹੁ ਸੰਤ ਸਭੈ ਚਿਤ ਲਾਈ।**
**ਬਰਨਤ ਸ੍ਯਾਮ ਜਥਾ-ਮਤਿ ਭਾਈ।**

(ਚਉਬੀਸ ਅਉਤਾਰ, ਸਫ਼ਾ ੧੫੫)

ਗੁਰੂ ਦਸਮੇਸ਼ ਪਾਤਿਸ਼ਾਹ ਬਾਰੇ ਲਿਖੀ ਕਿਸੇ ਵੀ ਇਤਿਹਾਸ ਪੁਸਤਕ ਵਿੱਚ 'ਸ਼ਜਾਮ" ਲਫ਼ਜ਼ ਨੂੰ ਦਸਮੇਸ਼ ਜੀ ਦੇ ਨਾਮ, ਉਪਨਾਮ ਜਾਂ ਉਰਫ਼ ਦੇ ਰੂਪ ਵਿੱਚ ਕਿਤੇ ਵੀ ਨਹੀਂ ਦਿੱਤਾ ਗਿਆ। ਇਸ ਸਾਕਤਮਤੀ ਪੁਸਤਕ ਦਾ ਪ੍ਰਚਾਰ ਕਰਨ ਵਾਲੇ ਲਿਖਾਰੀਆਂ ਨੇ ਸ਼ਜਾਮ ਲਫ਼ਜ਼ ਨੂੰ ਗੁਰੂ ਦਸਮੇਸ਼ ਦਾ ਉਪਨਾਮ ਦੱਸਣ ਦਾ ਆਧਾਰ-ਵਿਹੂਣਾ ਅਪਰਾਧ ਕੀਤਾ ਹੈ। ਸ਼ਰਾਰਤੀ ਤੇ ਜਾਅਲਸਾਜ਼ ਕਵੀ ਸ਼ਜਾਮ ਨੇ "ਸ੍ਰੀ ਮੁਖਵਾਕ ਪਾਤਿਸ਼ਾਹੀ ੧੦" ਜਾਂ ਕੇਵਲ "ਪਾਤਿਸ਼ਾਹੀ ੧੦" ਦੇ ਸਿਰਲੇਖ ਸਿੱਖਾਂ ਵਿੱਚ ਵੱਡੀ ਪੱਧਰ ਤੇ ਇਸ ਰਚਨਾ ਸਬੰਧੀ ਗ਼ਲਤ-ਫ਼ਹਿਮੀ ਪੈਦਾ ਕਰਨ ਅਤੇ ਆਪਣੀਆਂ ਰਚਨਾਵਾਂ ਲਈ ਸਿੱਖਾਂ ਦੇ ਮਨ ਵਿੱਚ ਸ਼ਰਧਾ ਅਤੇ ਮਾਣਤਾ ਪੈਦਾ ਕਰਨ ਲਈ ਦਿੱਤੇ ਹਨ।

## ਅਵਤਾਰਵਾਦ ਸਬੰਧੀ ਗੁਰਮਤਿ ਦਾ ਪ੍ਰਮਾਣੀਕ ਸਿਧਾਂਤ

ਅਵਤਾਰ ਅਖਵਾਉਣ ਵਾਲੀਆਂ ਹਸਤੀਆਂ ਨੂੰ ਗੁਰਮਤਿ ਨੇ ਰੱਬ ਕਿੱਥੇ ਮੰਨਣਾ ਹੈ, ਗੁਰਮਤਿ ਅਨੁਸਾਰ ਤਾਂ ਬੇਅੰਤ ਪ੍ਰਭੂ ਦਾ ਪੂਰਾ ਪਾਰਾਵਾਰ ਇਹ ਅਵਤਾਰ ਮੰਨੀਆਂ ਜਾ ਰਹੀਆਂ ਵਿਅਕਤੀਆਂ ਵੀ ਨਹੀਂ ਜਾਣਦੀਆਂ। ਵੇਦ ਆਦਿਕ ਧਰਮ ਗ੍ਰੰਥ ਅਤੇ ਵੇਦਾਂ ਦੀ ਅਰ ਸ੍ਰਿਸ਼ਟੀ ਦੀ ਰਚਨਾ ਕਰਨ ਵਾਲੇ ਦੇ ਤੌਰ ਤੇ ਜਾਣੇ ਜਾਂਦੇ ਬ੍ਰਹਮਾ ਜੀ ਵੀ ਪਰਮੇਸ਼ਰ ਦੀ ਸੰਪੂਰਨ ਜਾਣਕਾਰੀ ਨਹੀਂ ਰੱਖਦੇ, ਯਥਾ :-

**ਮਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹੀ ਜਾਨਹਿ ਭੇਦ॥**
**ਅਵਤਾਰ ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮ ਬੇਅੰਤੁ॥**

(ਮ:੪, ੮੯੪)

ਬ੍ਰਹਮਾ ਜੀ ਨੂੰ ਚਾਰੋਂ ਵੇਦ ਦਿੱਤੇ ਗਏ, ਜਿਹਨਾਂ ਨੂੰ ਪੜ੍ਹ ਪੜ੍ਹ ਕੇ ਉਹਨਾਂ ਦੀਆਂ ਵਿਚਾਰਾਂ ਪੇਸ਼ ਕਰਦੇ ਰਹੇ ਪਰ ਖ਼ੁੱਦ ਵਾਹਿਗੁਰੂ ਦਾ ਹੁਕਮ ਨਾ ਮੰਨਣ-ਬੁਝਣ ਕਾਰਨ ਉਹ ਕਦੀ ਨਰਕ ਵਿੱਚ ਅਤੇ ਕਦੀ ਸੁਰਗ ਵਿੱਚ ਆਪਣੇ ਕਰਮਾਂ ਦਾ ਫਲ ਪ੍ਰਾਪਤ ਕਰਨ ਲਈ ਜਨਮ ਲੈਂਦੇ ਰਹੇ।

ਪਰਮੇਸ਼ਰ ਨੇ ਵਖੋਂ ਵਖਰੇ ਜੁਗਾਂ ਵਿੱਚ ਕਈ ਰਾਜੇ ਅਤੇ ਮੁਖੀ ਪੁਰਖ ਪੈਦਾ ਕੀਤੇ ਸਨ ਜਿਹਨਾਂ ਨੂੰ ਲੋਕਾਂ ਨੇ ਰੱਬ ਦੇ ਅਵਤਾਰ ਕਹਿ ਕੇ ਗਾਉਣਾ ਸ਼ੁਰੂ ਕਰ ਦਿੱਤਾ। ਜਿਹੜੀਆਂ ਹਸਤੀਆਂ ਨੂੰ ਲੋਕੀਂ ਰੱਬ ਕਰ ਕੇ ਸਲਾਹੁੰਦੇ ਹਨ ਉਹ ਵੀ ਪ੍ਰਭੂ ਦੇ ਪਾਰਾਵਾਰ ਦਾ ਭੇਤ ਨਹੀਂ ਪਾ ਸਕੀਆਂ। ਸਤਿਗੁਰੂ ਫ਼ੁਰਮਾਉਂਦੇ ਹਨ ਕਿ ਉਸ ਸਬੰਧੀ ਮੈਂ ਕੀ ਵਿਚਾਰ ਕਰਾਂ ?

**ਚਾਰੇ ਵੇਦ ਬ੍ਰਹਮੇ ਕਉ ਦੀਏ, ਪੜਿ ਪੜਿ ਕਰੇ ਵੀਚਾਰੀ॥**
**ਤਾ ਕਾ ਹੁਕਮੁ ਨ ਬੂਝੈ ਬਪੜਾ, ਨਰਕਿ ਸੁਰਗਿ ਅਵਤਾਰੀ॥੬॥**
**ਜੁਗਹ ਜੁਗਹ ਕੇ ਰਾਜੇ ਕੀਏ, ਗਾਵਹਿ ਕਰਿ ਅਵਤਾਰੀ॥**
**ਤਿਨ ਭੀ ਅੰਤੁ ਨ ਪਾਇਆ ਤਾ ਕਾ, ਕਿਆ ਕਰਿ ਆਖਿ ਵੀਚਾਰੀ॥੭॥**

(ਮ: ੩, ੪੨੩)

ਪੁਰਾਣਕ ਮੱਤ ਵਾਲੇ ਦੱਸਦੇ ਹਨ ਕਿ ਰੱਬ ਵਲੋਂ ਬ੍ਰਹਮਾ ਜੀ, ਵਿਸ਼ਨੂੰ ਜੀ, ਸ਼ਿਵ ਜੀ ਅਤੇ ਕਈ ਹੋਰ ਦੇਵਤੇ ਪੈਦਾ ਕੀਤੇ ਗਏ। ਬ੍ਰਹਮਾ ਜੀ ਨੇ ਜਗਤ ਨੂੰ ਵੇਦ ਦਿੱਤੇ ਅਤੇ ਲੋਕਾਂ ਨੂੰ ਪੂਜਾ ਅਰਚਨਾ ਦੇ ਕੰਮ ਲਗਾਇਆ। ਦਸ ਅਵਤਾਰ ਲੈਣ ਵਾਲੇ ਵਿਸ਼ਨੂੰ ਜੀ ਨੇ ਵੱਖ-ਵੱਖ ਅਵਤਾਰ ਲਏ ਅਤੇ ਰਾਜਾ ਰਾਮ ਦੇ ਰੂਪ ਵਿੱਚ ਵੀ ਜਗਤ ਵਿੱਚ ਜਨਮ ਲਿਆ ਅਤੇ ਤਕੜੇ ਹੋ ਕੇ ਕਈ ਦੈਂਤ ਮਾਰੇ।

ਪਾਤਿਸ਼ਾਹ ਗੁਰੂ ਨਾਨਕ ਫ਼ੁਰਮਾਉਂਦੇ ਹਨ ਕਿ ਸੰਸਾਰ ਵਿੱਚ ਉਹੀ ਕੁੱਝ ਵਾਪਰਦਾ ਹੈ ਜੋ ਪਰਮੇਸ਼ਰ ਦਾ ਹੁਕਮ ਹੁੰਦਾ ਹੈ। ਸ਼ਿਵ ਜੀ ਵੀ ਕਈ ਅਵਤਾਰ ਲੈਂਦੇ ਰਹਿੰਦੇ ਹਨ ਅਤੇ ਲੋਕੀਂ ਉਹਨਾਂ ਦੀ ਬੜੀ ਸੇਵਾ ਵੀ ਕਰਦੇ ਹਨ ਪਰ ਇਸ ਸ਼ਿਵ ਜਾਂ ਰੁਦ੍ਰ ਦੇ ਯਾਰ੍ਹਾਂ ਅਵਤਾਰ ਵੀ ਪ੍ਰਭੂ ਦੇ ਪਾਰਾਵਾਰ ਦਾ ਭੇਤ ਨਹੀਂ ਪਾ ਸਕੇ।

**ਬ੍ਰਹਮਾ ਬਿਸਨੁ ਮਹੇਸ, ਦੇਵ ਉਪਾਇਆ॥**
**ਬ੍ਰਹਮੇ ਦਿਤੇ ਬੇਦ, ਪੂਜਾ ਲਾਇਆ॥**
**ਦਸ ਅਵਤਾਰੀ, ਰਾਮੁ ਰਾਜਾ ਆਇਆ॥**
**ਦੈਤਾ ਮਾਰੇ ਧਾਇ, ਹੁਕਮਿ ਸਬਾਇਆ॥**
**ਈਸ ਮਹੇਸੁਰੁ ਸੇਵ, ਤਿਨੀ ਅੰਤੁ ਨ ਪਾਇਆ॥**

(ਮ: ੧, ੧੨੭੯)

ਬਾਣੀ ਵਿੱਚ 'ਅਵਤਾਰ' ਜਾਂ 'ਅਉਤਾਰ' ਲਫ਼ਜ਼ ਜਗਤ ਵਿੱਚ ਉਤਰਨ ਅਤੇ ਜਨਮ ਲੈਣ ਦੇ ਸਬੰਧ ਵਿੱਚ ਵੀ ਵਰਤੇ ਗਏ ਹਨ, ਯਥਾ :-

**ਤ੍ਰਿਗਦ ਜੋਨਿ ਅਚੇਤ, ਸੰਭਵ ਪਾਪ ਪੁੰਨ ਅਸੋਚ॥**
**ਮਾਨੁਖਾ ਅਵਤਾਰ ਦੁਲਭ, ਤਿਹੀ ਸੰਗਤਿ ਪੋਚ॥**

**(ਰਵਿਦਾਸ ਜੀ, ੪੮੬)**

(ਹੋਰ ਜੂਨੀਆਂ ਗਿਆਨ ਦੇ ਗੁਣ ਵਲੋਂ ਅਚੇਤ ਹਨ ਇਸ ਲਈ ਉਹਨਾਂ ਵਲੋਂ ਪਾਪ ਅਤੇ ਪੁੰਨ ਦੇ ਫ਼ਰਕ ਨੂੰ ਸਮਝਣ ਪਖੋਂ ਸੋਚ-ਹੀਨ ਹੋਣਾ ਕੁਦਰਤੀ ਹੈ ਪਰ ਮਨੁੱਖਾ ਜਨਮ ਤਾਂ ਦੁਰਲੱਭ ਤੇ ਕੀਮਤੀ ਚੀਜ਼ ਹੈ ਪ੍ਰੰਤੂ ਇਸ ਵਿੱਚ ਵੀ ਜੀਵ ਕਾਮ, ਕ੍ਰੋਧ ਆਦਿਕਾਂ ਦੀ ਖੋਟੀ ਸੰਗਤਿ ਵਿੱਚ ਪੈ ਕੇ ਵਿਚਾਰ-ਹੀਣ ਹੋਇਆ ਪਿਆ ਹੈ।)

**ਅਵਤਰਿ ਆਇ ਕਹਾ ਤੁਮ ਕੀਨ੍ਾ॥**
**ਰਾਮ ਕੋ ਨਾਮੁ ਨ ਕਬਹੂ ਲੀਨ੍ਾ॥**

**(ਕਬੀਰ ਜੀ, ੭੯੨)**

(ਹੇ ਭਾਈ ਤੂੰ ਮਨੁੱਖਾ ਜਨਮ ਵਿੱਚ ਉਤਰ ਕੇ ਵੀ ਕੀ ਕੀਤਾ ਜਾਂ ਕਮਾਇਆ ਹੈ ? ਇਸ ਦੌਰ ਵਿੱਚ ਵੀ ਤੂੰ ਰੱਬੀ ਸਿਮਰਨ ਜਾਂ ਪ੍ਰੇਮ ਨੂੰ ਗ੍ਰਹਿਣ ਨਹੀਂ ਕੀਤਾ।)

**ਅਉਤਰਿਆ ਅਉਤਾਰੁ ਲੈ ਸੋ ਪੁਰਖੁ ਸੁਜਾਣੁ॥**
**ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ॥**

**(ਸਤਾ ਜੀ, ੯੬੮)**

(ਪੂਰਨ ਗਿਆਨਵਾਨ ਪੁਰਖ, ਗੁਰੂ ਅਮਰਦਾਸ ਜੀ ਮਨੁੱਖ ਰੂਪ ਵਿੱਚ ਜਨਮ ਲੈ ਕੇ ਉਤਰ ਆਏ ਜੋ ਵਿਸ਼ੇ-ਵਿਕਾਰਾਂ ਦੀਆਂ ਚਲਦੀਆਂ ਹਵਾਵਾਂ ਅਤੇ ਝੱਖੜਾਂ ਵਿੱਚ ਵੀ ਸੁਮੇਰ ਪਰਬਤ ਦੀ ਤਰ੍ਹਾਂ ਅਡੋਲ ਅਤੇ ਅਹਿੱਲ ਰਹੇ।)

ਵਾਹਿਦ ੴ ਨਿਰੰਕਾਰ ਦੀ ਕਾਇਨਾਤ ਵਿੱਚ ਪਉਣ, ਪਾਣੀ, ਅਗਨੀ ਆਦਿਕ ਕੁਦਰਤੀ ਤੱਤਾਂ ਤੋਂ ਅਲਾਵਾ ਅਨੇਕਾਂ ਰੂਪਾਂ, ਰੰਗਾਂ, ਵੇਸਾਂ ਜਾਂ ਕਿਸਮਾਂ ਵਾਲੇ ਬ੍ਰਹਮੇ, ਵਿਸ਼ਨੂੰ ਤੇ ਸ਼ਿਵ ਘੜੇ ਜਾ ਰਹੇ ਹਨ ਜਾਂ ਫ਼ਿਰ ਤੁਰੇ ਫਿਰ ਰਹੇ ਹਨ, ਯਥਾ :-

**ਕੇਤੇ ਪਵਣ ਪਾਣੀ ਵੈਸੰਤਰ, ਕੇਤੇ ਕਾਨ੍ ਮਹੇਸ॥**

**ਕੇਤੇ ਬਰਮੇ ਘਾੜਤਿ ਘੜੀਅਹਿ, ਰੂਪ ਰੰਗ ਕੇ ਵੇਸ॥**

(ਮ: ੧, ੭)

ਸਤਿਗੁਰੂ ਨਾਨਕ ਪਾਤਿਸ਼ਾਹ ਨੇ ਸਭ ਅਵਤਾਰਾਂ ਬਾਰੇ ਅੰਤਿਮ ਨਿਰਨਾ ਦਿੰਦਿਆਂ ਗੁਰਮਤਿ ਦੇ ਮਹਾਨ ਸਿਧਾਂਤ ਨੂੰ ਨਿਖਾਰ ਕੇ ਦਸਦਿਆਂ ਸਭ ਕਿਸਮਾਂ ਦੇ ਭੁਲੇਖੇ ਸਦਾ ਲਈ ਦੂਰ ਕਰ ਦਿੱਤੇ ਹਨ ਕਿ ਸਤਿਗੁਰੂ ਦੀ ਪਰਮ ਉੱਚੀ ਹਸਤੀ ਮਾਤਰ ਹੀ ਸਾਡੇ ਲਈ ਸ਼ਿਵ, ਵਿਸ਼ਨੂੰ, ਬ੍ਰਹਮਾ ਅਤੇ ਪਾਰਬਤੀ ਦੇਵੀ ਹੈ, ਯਥਾ :-

**ਗੁਰ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥**

(ਮ: ੧, ੨)

## (੫) ਅਵਤਾਰਵਾਦ ਦੇ ਸਿਧਾਂਤ ਬਾਰ ਸਿੱਖਾਂ ਵਿੱਚ ਪੈਦਾ ਹੋਈਆਂ

# ਗ਼ਲਤ ਫ਼ਹਿਮੀਆਂ ਦੇ ਕਾਰਨ

ਸਿੱਖ ਕੌਮ ਅੰਦਰ ਦਰਅਸਲ ਲੰਬੇ ਅਰਸੇ ਤੋਂ ਹੀ ਬਹੁਤ ਵੱਡੀ ਪੱਧਰ ਉੱਤੇ ਗੁਰਮਤਿ ਦੁਆਰਾ ਦ੍ਰਿੜ੍ਹਾਏ ਗਏ ਪਰਮੇਸ਼ਰੀ ਸਿਧਾਂਤ ਦੇ ਉੱਲਟ ਨਿਰੋਲ ਬ੍ਰਾਹਮਣੀ ਸੋਚਣੀ ਵਾਲੀ ਅਵਤਾਰਵਾਦ ਰੂਪੀ ਅਮਰ ਵੇਲ ਦੀ ਪੁਰਾਣਕ ਛਾਂ ਪਈ ਹੋਈ ਹੈ ਅਰ ਇਸ ਸਿਧਾਂਤ ਬਾਰੇ ਸਿੱਖਾਂ ਵਿਚ ਵੱਡੀਆਂ ਗ਼ਲਤ-ਫ਼ਹਿਮੀਆਂ ਪ੍ਰਚਲਤ ਹੋ ਚੁੱਕੀਆਂ ਹਨ। ਇਸ ਦੇ ਮੁੱਖ ਕਾਰਨ ਹੇਠ ਦਿੱਤੇ ਜਾਂਦੇ ਹਨ :-

(੧) ਦਸਮੇਸ਼ ਪਿਤਾ ਪਿਛੋਂ ਗੁਰਬਾਣੀ ਵਲੋਂ ਸਿਖਾਏ ਅਤੇ ਪ੍ਰਚਾਰੇ ਤਤ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਸਿੱਖਾਂ ਵਿਚ ਨਾ ਦੇ ਬਰਾਬਰ ਰਹਿ ਸਕਿਆ ਸੀ। ਸੰਨ 1708 ਤੋਂ ਪਿਛੋਂ ਵਾਲਾ 60-70 ਸਾਲਾਂ ਤਕ ਦਾ ਸਮਾਂ ਸਿੱਖਾਂ ਲਈ ਜ਼ਿੰਦਗੀ-ਮੌਤ ਵਾਲੀ ਅਤਿ ਕਰੜੀ ਜਦੋ-ਜਹਿਦ ਦਾ ਸਮਾਂ ਸੀ। 1799 ਤੋਂ 1849 ਵਾਲੀ ਲਗਪਗ ਅੱਧੀ ਸਦੀ ਦੇ ਰਾਜ-ਭਾਗ ਨੇ ਸਿੱਖਾਂ ਲਈ "ਤਪੋਂ ਰਾਜ ਤੇ ਰਾਜੋਂ ਨਰਕ" ਵਾਲੀ ਸਥਿਤੀ ਪੈਦਾ ਕਰ ਦਿੱਤੀ ਸੀ। ਸਿੱਖਾਂ ਦਾ ਇਸ ਤੋਂ ਬਾਅਦ 1849 ਤੋਂ 1947 ਤਕ ਵਾਲੇ 98 ਸਾਲਾਂ ਦਾ ਲੰਬਾ ਸਮਾਂ ਦੇਸ਼ ਨੂੰ ਆਜ਼ਾਦ ਕਰਾਉਣ ਅਤੇ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸਿੱਖੀ-ਵਿਰੋਧੀ ਮਹੰਤਾਂ ਤੋਂ ਖੋਹਣ ਦੀ ਕਰੜੀ ਜਦੋ-ਜਹਿਦ ਵਿੱਚ ਲੰਘ ਗਿਆ। ਆਜ਼ਾਦੀ ਪਿਛੋਂ ਬਹੁ-ਗਿਣਤੀ ਦੀਆਂ ਗੁਪਤ ਅਤੇ ਪ੍ਰਗਟ ਫ਼ਿਰਕੂ ਮਾਰਾਂ ਵਿਰੁੱਧ ਸੰਘਰਸ਼ ਵਿੱਚ ਪਏ ਰਹਿਣ ਕਾਰਨ ਅਸਲ ਤਤ ਗੁਰਮਤਿ ਵਿਚਾਰਧਾਰਾ ਦਾ ਪ੍ਰਚਾਰ ਨਹੀਂ ਸੀ ਕੀਤਾ ਜਾ ਸਕਦਾ ਕਿਉਂ ਕਿ **ਹਰ ਪੰਥ-ਦਰਦੀ ਇਸ ਦੌਰਾਨ ਪਹਿਲ (priority) ਕੌਮ ਦੀ ਹੋਂਦ ਨੂੰ ਬਚਾਉਣ ਦੇ ਸੁਆਲ ਨੂੰ ਹੀ ਦਿੰਦਾ ਰਿਹਾ ਸੀ।**

(੨) ਇਸ ਪੂਰੇ ਦੌਰ ਵਿਚ ਅੱਡ-ਅੱਡ ਮਿਲਗੋਭਾ ਪੰਥੀ ਸੰਪ੍ਰਦਾਵਾਂ ਦੇ ਨਾਮ ਹੇਠ ਖਰੂਦ ਮਚਾਈ ਰੱਖਣ ਵਾਲੇ ਬਿਪਰਨੀ ਮੱਤ ਦੇ ਪ੍ਰਭਾਵ ਹੇਠ ਜੰਮੇ, ਪਲੇ ਤੇ ਪ੍ਰਸਿੱਧਤਾ ਨੂੰ ਪ੍ਰਾਪਤ ਕਰ ਜਾਣ ਵਾਲੇ **ਅਜਿਹੇ ਸੰਤ ਸਾਧ, ਲਿਖਾਰੀ ਤੇ ਪ੍ਰਚਾਰਕ ਹੀ ਕਾਫ਼ੀ ਗਿਣਤੀ ਵਿੱਚ ਹੋਂਦ ਵਿਚ ਆਏ ਜੋ ਸੁੱਤੇ ਹੀ ਆਪਣੇ ਅਲਪ ਅਰ ਅਧੂਰੇ ਗਿਆਨ ਕਾਰਨ ਰੱਬ ਦੇ ਮਨੁੱਖ ਸਰੂਪ ਵਿਚ ਜਨਮ ਅਥਵਾ ਅਵਤਾਰ ਲੈਣ ਵਾਲੇ ਜੜ੍ਹ-ਵਿਹੂਣੇ ਸਿਧਾਂਤ ਦਾ ਹੀ ਪ੍ਰਚਾਰ ਕਰਦੇ ਰਹੇ।**

(੩) ਕਈ ਵਿਦਵਾਨ ਤੇ ਸ਼ਾਤਰ ਬ੍ਰਾਹਮਣਾਂ ਨੇ ਇਹ ਵੀ ਸਮਝ ਲਿਆ ਹੋਇਆ ਸੀ ਕਿ ਹੁਣ ਸਿੱਖੀ ਨੂੰ ਖੋਰਾ ਲਗਾਉਣ ਲਈ ਸਿੱਖੀ ਭੇਸ ਹੇਠ ਇਸ ਦੇ **ਮੂਲ ਆਸ਼ਿਆਂ ਤੋਂ ਵਿਪਰੀਤ ਲਿਜਾਣ ਵਾਲੀ ਦੁਰ-ਵਿਆਖਿਆ (mis-interpretation) ਕਰਨੀ ਹੀ ਸਿੱਖੀ ਨੂੰ ਢਾਹ ਲਗਾਉਣ ਦਾ ਆਸਾਨ ਰਸਤਾ ਸੀ।** ਇਹ ਕੰਮ ਉਹਨਾਂ ਨੇ ਆਪਣੀ ਦੁਰ-ਵਿਆਖਿਆ ਉੱਤੇ ਗੁਰਮਤਿ ਦੀ ਚਾਸ਼ਨੀ ਚੜ੍ਹਾ ਕੇ ਕਰਨਾ ਸ਼ੁਰੂ ਕਰ ਦਿੱਤਾ।

(੪) ਗੁਰਮਤਿ ਵਿਚਾਰਧਾਰਾ ਨੂੰ **ਅੰਦਰੋ-ਅੰਦਰ ਮਾਰ ਮਾਰਨ ਲਈ "ਦਸਮ ਗ੍ਰੰਥ" ਨਾਮ ਹੇਠ ਬਚਿਤ੍ਰ ਨਾਟਕ ਵਾਲੀ ਇੱਕ ਵੱਡ-ਆਕਾਰੀ ਸਾਕਤ-ਮਤੀ ਪੁਸਤਕ ਖੜੀ ਕਰ ਦਿੱਤੀ ਜਿਸ ਦਾ ਰਚਣਹਾਰ ਵੱਡੀ ਪੱਧਰ ਤੇ ਦਸਮੇਸ਼ ਪਾਤਿਸ਼ਾਹ ਨੂੰ ਪ੍ਰਸਿੱਧ ਕਰ ਦਿੱਤਾ ਗਿਆ।** ਅੰਨੀ-ਸ਼ਰਧਾ ਦੇ ਹਥਿਆਰ ਨੂੰ ਵਰਤਦਿਆਂ ਅਨੇਕਾਂ ਅਲਪ-ਬੁਧੀ ਵਾਲੇ ਜਾਂ ਅਧੂਰੀ ਜਾਣਕਾਰੀ ਰਖਣ ਵਾਲੇ ਸੰਤਾਂ, ਪ੍ਰਚਾਰਕਾਂ, ਬੁਲਾਰਿਆਂ ਅਤੇ ਲਿਖਾਰੀਆਂ ਤੋਂ ਐਸੀ ਕਾਵਾਂ-ਰੌਲੀ ਪੁਆਈ ਕਿ ਇਸ ਸਾਕਤ-ਮਤੀਏ ਪੁਸਤਕ ਨੂੰ ਗੁਰੂ ਦਸਮੇਸ਼-ਕ੍ਰਿਤ ਮੰਨਕੇ **ਅਨੇਕਾਂ ਡੇਰਿਆਂ, ਗੁਰ-ਅਸਥਾਨਾਂ ਅਤੇ ਤਖ਼ਤ ਕਹੇ ਜਾਣ ਵਾਲੇ ਕੁੱਝ ਟਿਕਾਣਿਆਂ 'ਤੇ ਗੁਰੂ ਗ੍ਰੰਥ ਸਾਹਿਬ ਦੇ ਨਾਲ-ਨਾਲ ਇਸ ਦਾ ਪ੍ਰਕਾਸ਼ ਕਰ ਕੇ ਇਸ ਸਾਕਤੀ ਪੁਸਤਕ ਦੀ ਪੂਜਾ ਪ੍ਰਤਿਸ਼ਠਾ ਸ਼ੁਰੂ ਕਰਵਾ ਦਿੱਤੀ।** ਇਸ ਸਾਕਤੀ ਤੇ ਬੋਗਸ ਪੁਸਤਕ ਦੇ ਕੇਵਲ ਅਖੰਡ ਪਾਠ ਹੀ ਨਾ ਸ਼ੁਰੂ ਕੀਤੇ ਗਏ ਬਲਕਿ ਇਸ ਵਿਚੋਂ ਵਾਕ ਜਾਂ ਹੁਕਮ ਲੈਣ ਦੇ ਗੁਰੂ ਰੀਸੇ ਕੂੜ-ਡਰਾਮੇ ਵੀ ਆਰੰਭ ਕਰ ਦਿੱਤੇ ਗਏ।

(੫) **ਇੱਥੇ ਕੌਮ ਦੀ ਤੰਦ ਨਹੀਂ, ਸਾਰੀ ਤਾਣੀ ਹੀ ਵਿਗੜ ਜਾਣ ਦੇ ਹਾਲਾਤ ਪੈਦਾ ਹੋ ਜਾਣੇ ਸੁਭਾਵਕ ਸਨ ਜਿਸ ਵਿੱਚ ਸਮੱਸਿਆ ਨੂੰ ਸੁਲਝਾਉਣ ਲਈ ਤਾਣੀ ਦਾ ਸਿਰਾ ਲਭ ਸਕਣ ਜਾਂ ਭਰੋਸੇ-ਯੋਗ ਪੈਂਤੜਾ (Strategy) ਲੈ ਸਕਣ ਦੀ ਕੋਈ ਵਿਉਂਤ ਨਹੀਂ ਬਣ ਰਹੀ।** ਬੜੇ ਲੰਬੇ ਅਰਸੇ ਤੋਂ ਸਾਨੂੰ ਸੁਲਝੀ ਤੇ ਸਪੱਸ਼ਟ ਵਿਚਾਰਧਾਰਾ ਵਾਲੇ ਮਾਰਗ-ਦਰਸ਼ਕ (ਪ੍ਰਚਾਰਕ, ਲਿਖਾਰੀ ਤੇ ਆਗੂ) ਨਹੀਂ ਹੱਥ ਆ ਰਹੇ। ਨਾਕਸ ਮਾਰਗ-

ਦਰਸ਼ਕਾਂ ਦੀ ਕਿਰਪਾ ਨਾਲ ਗ਼ਲਤ ਸੋਚਣੀ ਅਤੇ ਗ਼ਲਤ ਕਿਸਮ ਦੇ ਅਨੁਸਰਣ-ਕਰਤਾ ਪਿਛਲੱਗਾਂ (followers) ਦੀ ਵੱਡੀ ਗ਼ਲਤ ਫ਼ੌਜ ਜ਼ਹੂਰ ਵਿੱਚ ਆ ਚੁੱਕੀ ਹੈ ਜਿਸਨੇ ਕੌਮ ਦੇ ਸਭ ਸਾਧਨ-ਸ੍ਰੋਤਾਂ (Resources) ਨੂੰ ਖਰਚ ਕਰ ਸਕਣ ਵਾਲੇ ਗ਼ਲਤ ਕਿਸਮ ਦੇ ਪ੍ਰਬੰਧਕਾਂ ਜਾਂ ਪ੍ਰਬੰਧਕ ਸੰਸਥਾਵਾਂ ਨੂੰ ਥਾਪਣਾ ਜਾਂ ਸਿਰਜਣਾ ਹੁੰਦਾ ਹੈ। **ਅਜਿਹੇ ਦਿਸ਼ਾ-ਵਿਹੂਣੇ ਪ੍ਰਬੰਧਕਾਂ ਨੇ ਆਪਣੇ ਤੋਂ ਵੀ ਕਿਤੇ ਵੱਧ ਦਿਸ਼ਾ-ਵਿਹੂਣੇ (Rudderless) ਮਾਰਗ-ਦਰਸ਼ਕ ਧਾਰਮਕ ਤੇ ਸਿਆਸੀ ਆਗੂ ਤਿਆਰ ਕਰ ਲਏ ਹਨ ਜੋ ਅੱਗੇ ਤੋਂ ਅੱਗੇ ਹੋ ਕੇ ਸਭ ਸਾਧਨ-ਸ੍ਰੋਤਾਂ ਦਾ ਨਾਸ ਮਾਰਨ ਵਾਲੀ ਅਤੇ ਦਸ਼ਾ ਨੂੰ ਪਹਿਲੇ ਤੋਂ ਵੀ ਬੱਦਤਰ ਬਣਾ ਲੈਣ ਵਾਲੀ ਕੌਮ ਜਾਂ ਪਿਛਲੱਗ ਫ਼ੌਜ ਨੂੰ ਹੋਰ ਬੇ-ਹਾਲ ਕਰ ਕੇ ਵੱਡੇ ਚੱਕਰਵਯੂਹ ਵਿੱਚ ਉਤਾਰ ਚੁੱਕੇ ਹਨ।** ਮਹਾਂਭਾਰਤ ਦੇ ਚੱਕਰਵਯੂਹ ਵਿੱਚ ਅਭਿਮੰਨਿਊਂ ਫਸ ਮੋਇਆ ਸੀ ਪਰ ਕੀ ਅਸੀਂ ਹੁਣ ਉਪਰ ਬਿਆਨੇ ਚੱਕਰਵਯੂਹ ਵਿੱਚ ਫਸ ਕੇ ਖੁਆਰ ਹੋਵਾਂਗੇ ਜਾਂ ਇਸ ਵਿੱਚੋਂ ਨਿਕਲ ਸਕਣ ਦੀ ਕੋਈ ਤਦਬੀਰ ਕੱਢ ਸਕਾਂਗੇ ?

## (੬) ਅਵਤਾਰ ਕਥਾਵਾਂ ਦੀ ਵਿਸ਼ਾ ਵਸਤੂੰ

ਇਸ ਵੱਡ ਆਕਾਰੀ ਸਾਕਤ-ਮਤੀ ਪੁਸਤਕ ਬਚਿਤ੍ਰ ਨਾਟਕ ਦੇ ਪੰਨਾ ੧੫੫ ਤੋਂ ੬੧੦ ਤਕ ਦੇ ੪੫੫ ਸਫ਼ਿਆਂ ਵਿੱਚ ਪਸਰੇ ਚੌਵੀ ਅਵਤਾਰਾਂ ਦੇ ਆਧਾਰ-ਵਿਹੂਣੇ, ਗ਼ੈਰ-ਵਿਗਿਆਨਕ, ਪੁਰਾਣਕ ਅਤੇ ਮਿਥਿਹਾਸਕ ਵੇਰਵਿਆਂ ਬਾਰੇ ਸਬੰਧਤ ਗੁਰਮਤਿ ਜਾਣਕਾਰੀ ਅਤੇ ਵੇਰਵਿਆਂ ਦਾ ਕੁੱਝ ਸੰਖੇਪ ਅਗਲੇ ਪੰਨਿਆਂ ਤੇ ਦਿੱਤਾ ਜਾ ਰਿਹਾ ਹੈ ਤਾ ਕਿ ਇਸ ਰਚਨਾ ਦੀ ਵਿਸ਼ਾ-ਵਸਤੂ ਬਾਰੇ ਪੂਰੀ ਜਾਣਕਾਰੀ ਹਾਸਲ ਹੋ ਸਕੇ ਅਤੇ ਨਾਲ ਹੀ ਸਿੱਖੀ ਦੇ ਭੇਸ ਵਿੱਚ ਸਿੱਖੀ ਵਿੱਚ ਵੜ ਕੇ ਸਿੱਖ-ਵਿਰੋਧੀ ਸਾਜਸ਼ੀਆਂ ਦਾ ਉਦੇਸ਼, ਨੀਤੀ ਅਤੇ ਸਿੱਖੀ ਦਾ ਵਿਰੋਧ ਤੇ ਨੁਕਸਾਨ ਕਰਨ ਦੀ ਕਾਰਜ-ਵਿਧੀ ਬਾਰੇ ਸਾਨੂੰ ਪੂਰੀ ਤਰ੍ਹਾਂ ਪਤਾ ਚਲ ਸਕੇ।

### ਵਿਸ਼ਨੂੰ ਜੀ ਦੇ ੨੪ ਅਵਤਾਰ

ਭਾਗਵਤ ਪੁਰਾਣ, ਸ਼ਿਵ ਪੁਰਾਣ, ਗਰੁੜ ਪੁਰਾਣ ਆਦਿਕ ਅੱਡ ਅੱਡ ਬ੍ਰਾਹਮਣੀ ਗ੍ਰੰਥਾਂ ਵਿੱਚ ਵਿਸ਼ਨੂੰ ਦੇ ਅਵਤਾਰਾਂ ਦੀ ਗਿਣਤੀ, ਨਾਮ ਤੇ ਵੇਰਵੇ ਬਿਲਕੁਲ ਵੱਖ-ਵੱਖ ਕਿਸਮਾਂ ਦੇ ਦਿੱਤੇ ਹੋਏ ਮਿਲਦੇ ਹਨ। ਵੱਖ-ਵੱਖ ਗ੍ਰੰਥਾਂ ਦੇ ਚੌਵੀ ਅਵਤਾਰ ਜਾਂ ਕਿਸੇ ਕਿਸੇ ਗ੍ਰੰਥ ਵਿੱਚ ਬਿਆਨੇ ਦਸ ਅਵਤਾਰ ਵੀ ਆਪੋ ਵਿੱਚ ਮੇਲ ਨਹੀਂ ਖਾਂਦੇ। ਵਿਸ਼ਨੂੰ ਜੀ ਤੋਂ ਅਲਾਵਾ ਸ਼ਿਵ ਜੀ ਤੇ ਬ੍ਰਹਮੇ ਦੇ ਵੀ ਕੁੱਝ ਵੱਖ-ਵੱਖ ਅਵਤਾਰ ਬ੍ਰਾਹਮਣੀ ਗ੍ਰੰਥਾਂ ਵਿੱਚ ਗਿਣਾਏ ਗਏ ਹਨ।

ਜੇ ਇਹਨਾਂ ਸਭ ਅਵਤਾਰਾਂ ਦੀ ਫ਼ਹਿਰਿਸਤ ਬਣਾਈਏ ਤਾਂ ਇਹ ਗਿਣਤੀ ਵਿੱਚ ਪੰਜ-ਛੇ ਦਰਜਨ ਤਕ ਪੁੱਜ ਜਾਂਦੇ ਹਨ। ਉਂਞ, ਰਾਮ ਤੇ ਕ੍ਰਿਸ਼ਨ ਨਾਮ ਦੇ ਦੋ ਅਵਤਾਰਾਂ ਨੂੰ ਛੱਡ ਕੇ ਇਹਨਾਂ ਗ੍ਰੰਥਾਂ ਵਿੱਚ ਬਾਕੀਆਂ ਦੇ ਜਨਮ, ਜੀਵਨ, ਘਟਨਾਵਾਂ, ਪ੍ਰਾਪਤੀਆਂ ਅਤੇ ਸ਼ਰਧਾਲੂਆਂ ਦੇ ਵੇਰਵਿਆਂ ਦੇ ਸਬੰਧ ਵਿੱਚ ਬੜੀ ਹਾਸੋ-ਹੀਣੀ ਤੇ ਵਚਿਤ੍ਰ ਸਥਿਤੀ ਪੈਦਾ ਹੋਈ ਪਈ ਹੈ।

ਵੱਡ-ਆਕਾਰੀ ਸਾਕਤ ਮਤੀਏ ਗ੍ਰੰਥ ਬਚਿਤ੍ਰ ਨਾਟਕ ਵਿੱਚ ਸਫ਼ਾ ੧੫੫ ਤੋਂ ੬੧੦ ਤਕ ੪੫੫ ਸਫ਼ਿਆਂ ਵਿੱਚ ਹੇਠ ਲਿਖੇ ਚੌਵੀ ਅਵਤਾਰ ਦਿੱਤੇ ਗਏ ਹਨ :-

| | | |
|---|---|---|
| **(੧)** ਮੱਛ | **(੯)** ਪਰਸਰਾਮ | **(੧੭)** ਧਨੰਤਰ ਵੈਦ |
| **(੨)** ਕਛ | (੧੦) ਬ੍ਰਹਮਾ | **(੧੮)** ਸੂਰਜ |
| **(੩)** ਨਰ | **(੧੧)** ਰੁਦ੍ਰ | **(੧੯)** ਚੰਦ੍ਰਮਾ |
| **(੪)** ਨਾਰਾਇਣ | **(੧੨)** ਜਲੰਧਰ | **(੨੦)** ਰਾਮ |
| **(੫)** ਮਹਾਂਮੋਹਨੀ | **(੧੩)** ਵਿਸ਼ਨੂੰ[1] | **(੨੧)** ਕ੍ਰਿਸ਼ਨ |
| **(੬)** ਬੈਰਾਹ | **(੧੪)** ਵਿਸ਼ਨੂੰ[2] | **(੨੨)** ਨਰ (ਅਰਜਨ) |
| **(੭)** ਨਰਸਿੰਘ | **(੧੫)** ਅਰਿਹੰਤ | **(੨੩)** ਬੌਧ |
| **(੮)** ਬਾਵਨ (ਵਾਮਨ) | **(੧੬)** ਮਨੂ | **(੨੪)** ਨਿਹਕਲੰਕੀ |

ਇਹਨਾਂ ਵਿੱਚੋਂ ਰਾਮ ਜੀ ਲਈ ੬੭ ਸਫ਼ੇ ਤੇ ਕ੍ਰਿਸ਼ਨ ਜੀ ਲਈ ੩੧੬ ਸਫ਼ੇ ਕਾਲੇ ਕੀਤੇ ਗਏ ਹਨ। ਕਿਤਨੇ ਹੀ ਅਵਤਾਰਾਂ ਲਈ ਕੇਵਲ ਅੱਧਾ ਜਾਂ ਪੌਣਾ ਸਫ਼ਾ ਲਗਾਉਣਾ ਹੀ ਕਵੀ ਸ਼ਜਾਮ ਨੇ ਕਾਫ਼ੀ ਸਮਝਿਆ ਹੈ।

ਭਾਗਵਤ ਪੁਰਾਣ ਨੇ ਚੌਵੀ ਅਵਤਾਰਾਂ ਦੇ ਨਾਮ ਹੇਠ ਲਿਖੇ ਅਨੁਸਾਰ ਦਿੱਤੇ ਹਨ :-

| | | |
|---|---|---|
| ੧. ਬ੍ਰਹਮਾ | ੦੯. ਪ੍ਰਿਥੂ | ੧੭. ਨਾਰਦ |
| ੨. ਬੈਰਾਹ | ੧੦. ਮਛ | ੧੮. ਹਰੀ |
| ੩. ਚਤੁਰਭੁਜੀ | ੧੧. ਕਛੂ | ੧੯. ਪਰਸਰਾਮ |
| ੪. ਹੈਗ੍ਰੀਵ | ੧੨. ਧਨੰਤਰ | ੨੦. ਸ੍ਰੀ ਰਾਮ ਚੰਦਰ |
| ੫. ਨਰ ਨਾਰਾਇਣ | ੧੩. ਮੋਹਨੀ | ੨੧. ਵੇਦ ਵਿਆਸ |
| ੬. ਕਪਲ ਦੇਵ | ੧੪. ਨਰ ਸਿੰਘ | ੨੨. ਸ੍ਰੀ ਕ੍ਰਿਸ਼ਨ |
| ੭. ਦੱਤਾ ਤ੍ਰੇਯ | ੧੫. ਬਾਵਨ | ੨੩. ਬੌਧ |
| ੮. ਰਿਖਭ ਦੇਵ | ੧੬. ਹੰਸ | ੨੪. ਕਲਿਕੀ |

ਮਹਾਂਭਾਰਤ ਵਿੱਚ ਵਿਸ਼ਨੂੰ ਜੀ ਦੇ ਮੱਛ, ਕਛੂ, ਬੈਰਾਹ, ਨਰਸਿੰਘ, ਵਾਮਨ, ਪਰਸਰਾਮ, ਰਾਮ ਚੰਦਰ, ਕ੍ਰਿਸ਼ਨ, ਬੁੱਧ ਤੇ ਕਲਕੀ ਦਸ ਅਵਤਾਰ ਗਿਣੇ ਗਏ ਹਨ। ਇਹਨਾਂ ਵਿਚੋਂ **ਸਤਿਜੁਗ ਨਾਲ ਸਬੰਧਤ ਪਹਿਲੇ ਪੰਜ ਮੱਛ, ਕਛੂ, ਵਰਾਹ, ਨਰਸਿੰਘ ਤੇ ਵਾਮਨ ਹਨ; ਤ੍ਰੇਤ੍ਰਾ ਜੁਗ ਨਾਲ ਰਾਮ ਚੰਦਰ ਤੇ ਪਰਸਰਾਮ, ਦੁਆਪਰ ਨਾਲ ਕ੍ਰਿਸ਼ਨ ਜੀ ਅਤੇ ਕਲਿਜੁਗ**

**ਨਾਲ ਬੁੱਧ ਤੇ ਕਲਕੀ ਸਬੰਧਤ ਕੀਤੇ ਗਏ ਹਨ।**

## ਬ੍ਰਹਮਾ ਜੀ ਦੇ ਸੱਤ ਅਵਤਾਰ

ਇਸੇ ਵੱਡ-ਆਕਾਰੀ ਬਚਿਤ੍ਰ ਨਾਟਕ ਵਿੱਚ ਬ੍ਰਹਮਾ ਜੀ ਦੇ ਸੱਤ ਅਵਤਾਰਾਂ ਦਾ ਸਿਲਸਿਲੇਵਾਰ ਕੁੱਝ ਵੇਰਵਾ ਪੰਨਾ ੬੧੧ ਤੋਂ ੬੩੫ ਤਕ ਆਇਆ ਹੈ। ਬ੍ਰਹਮਾ ਜੀ ਦੇ ਇਹਨਾਂ ਸੱਤ ਅਵਤਾਰਾਂ ਦੇ ਨਾਮ ਹਨ - ੧. ਬਾਲਮੀਕ, ੨. ਕੱਸ਼ਪ, ੩. ਸ਼ੁਕ੍ਰ, ੪. ਬਚੇਸ (ਵਾਚਸਪਤੀ ਜਾਂ ਵ੍ਰਿਹਸਪਤੀ), ੫. ਬਿਆਸ, ੬. ਖੱਸ਼ਟ (ਛੇ) ਰਿਖੀ ਅਤੇ ੭. ਕਾਲੀਦਾਸ।

ਇਹਨਾਂ ਵਿੱਚੋਂ ਕੱਸ਼ਪ, ਸ਼ੁਕ੍ਰ ਤੇ ਬਚੇਸ ਨਾਮ ਦੇ ਤਿੰਨ ਅਵਤਾਰਾਂ ਦਾ ਪੂਰਾ ਵੇਰਵਾ ਇਸ ਨਾਕਸ ਕਵੀ ਨੇ ਚੌਥਾਈ-ਚੌਥਾਈ ਸਫ਼ੇ ਵਿੱਚ ਹੀ ਮੁਕਾ ਦਿੱਤਾ ਹੈ ਜਦ ਕਿ ਬਾਲਮੀਕਿ ਅਵਤਾਰ ਨੂੰ ਇਸ ਨੇ ਪੋਣੇ ਸਫ਼ੇ ਵਿੱਚ ਹੀ ਬਿਲੇ ਲਾ ਲਿਆ ਹੈ।

## ਸ਼ਿਵ ਜੀ ਦੇ ਅਵਤਾਰ

ਇਸੇ ਵੱਡ-ਆਕਾਰੀ ਬਚਿਤ੍ਰ ਨਾਟਕ ਵਿੱਚ ਬ੍ਰਹਮਾ ਜੀ ਦੇ ਅਵਤਾਰਾਂ ਮਗਰੋਂ ਸਫ਼ਾ ੬੩੫ ਤੋਂ ੭੦੯ ਤਕ ਰੁਦ੍ਰ ਜੀ ਦੇ ਅਵਤਾਰ, ਦੱਤਾ ਤ੍ਰੇਯ ਅਤੇ ਪਾਰਸਨਾਥ ਅਵਤਾਰਾਂ ਦੇ ਵੇਰਵੇ ਦਿੱਤੇ ਗਏ ਹਨ। **ਦਰਅਸਲ, ਇਸ ਕਵੀ ਨੂੰ ਜੋ ਵੀ ਕੱਚਾ-ਪੱਕਾ ਇਤਿਹਾਸਕ, ਮਿਥਿਹਾਸਕ, ਪੁਰਾਣਕ ਅਥਵਾ ਸੁਣਿਆ-ਸੁਣਾਇਆ ਮਸਾਲਾ ਹੱਥ ਲਗਿਆ ਸੀ, ਉਸੇ ਨੂੰ ਉਹ ਆਪਣੀ ਕਵਿਤਾ ਦਾ ਰੂਪ ਦਿੰਦਾ ਗਿਆ ਹੈ ਜੋ ਸਭ ਗ਼ੈਰ-ਕੁਦਰਤੀ, ਬੇਦਲੀਲੇ ਅਤੇ ਬੇ-ਸਿਰਪੈਰ ਦੇ ਅਣ-ਸਿਧਾਂਤਕ ਕਥਾਨਕਾਂ ਵਾਲਾ ਹੋਣ ਕਾਰਨ ਕਲਗੀਧਰ ਪਾਤਿਸ਼ਾਹ ਦੀ ਰਚਨਾ ਕਦਾਚਿਤ ਨਹੀਂ ਮੰਨਿਆ ਜਾ ਸਕਦਾ।**

ਵਿਸ਼ਨੂ ਪੁਰਾਣ ਵਿੱਚ ਆਇਆ ਹੈ ਕਿ ਬ੍ਰਹਮਾ ਜੀ ਵਲੋਂ ਇੱਛਾ ਕਰਨ ਤੇ ਉਹਨਾਂ ਦੇ ਮੱਥੇ ਚੋਂ ਇੱਕ ਰੋਂਦੂ ਜਿਹਾ (ਰੁਦ੍ਰ) ਪੁੱਤਰ ਜਨਮਿਆ ਜਿਸਨੇ ਰੋ-ਰੋ ਕੇ ਬ੍ਰਹਮਾ ਜੀ ਤੋਂ ਭਵ, ਈਸ਼ਾਨ, ਸ਼ਰਵ, ਪਸ਼ੁਪਤਿ, ਭੀਮ, ਉਗ੍ਰ, ਮਹਾਂਦੇਵ ਆਦਿਕ ਸੱਤ ਹੋਰ ਨਾਮ ਵੀ ਪ੍ਰਵਾਨ ਕਰਵਾਏ।

ਪੁਰਾਣਾਂ ਵਿੱਚ ਅਜ, ਏਕ ਪਾਦ , ਤ੍ਰਯੰਬਕ, ਅਹਿਵ੍ਰਧਨ, ਪਿਨਾਕੀ, ਅਪਰਾਜਿਤ, ਮਹੇਸ਼੍ਵਰ, ਵ੍ਰਿਕਸ਼ਾਕਪੀ, ਸ਼ੰਭੂ, ਹਰਣ ਅਤੇ ਈਸ਼੍ਵਰ ਆਦਿਕ ਗਿਆਰਾਂ ਰੁਦ੍ਰ ਅਵਤਾਰ ਵੀ ਦਸੇ ਗਏ ਹਨ। ਗਰੁੜ ਪੁਰਾਣ ਵਿੱਚ ਅਜੈਕਪਾਦ, ਅਹਿਵ੍ਰਧਨ, ਤਵੱਸ਼ਟਾ, ਵਿਸ਼ਵਰੂਪਹਰ, ਬਹੁ ਰੂਪ, ਤ੍ਰਯੰਬਕ, ਅਪਰਾਜਿਤ, ਵ੍ਰਿਕਸ਼ਾਕਪਿ, ਸ਼ੰਭੁ, ਕਪਰੁਦੀ ਅਤੇ ਰੈਵਤ ਆਦਿ ਯਾਰ੍ਹਾਂ ਰੁਦ੍ਰ ਗਿਣਾਏ ਗਏ ਹਨ। ਵ੍ਰਿਹਦਾਰਣਯਕ ਉਪਨਿਸ਼ਦ ਵਿੱਚ ਦਸ ਪ੍ਰਾਣਾਂ ਤੇ ਅੰਤਹਕਰਣ ਨੂੰ ਰੁਦ੍ਰ ਲਿਖਿਆ ਹੈ। ਭੱਟਾਂ ਦੇ ਸਵੱਈਆਂ ਵਿੱਚ "ਸਮੁਦ੍ਰ ਰੁਦ੍ਰ ਖਿਨ ਇਕ ਮਹਿ" ਵਿੱਚ ਰੁਦ੍ਰ ਦਾ ਅਰਥ ਡਰਾਉਣਾ ਕਰਕੇ ਕੀਤਾ ਜਾਂਦਾ ਹੈ।

**ਰੁਦ੍ਰ ਅਵਤਾਰ** ਦੇ ਅੰਤ ਵਾਲੇ ਸੰਖੇਪ ਵੇਰਵੇ ਨੂੰ ਕਵੀ ਸ਼ਯਾਮ ਨੇ ੬੩੫ ਪੰਨੇ ਤੇ ਹੇਠ ਲਿਖੇ ਅਨੁਸਾਰ ਪੇਸ਼ ਕੀਤਾ ਹੈ ਅਤੇ ਦਸਿਆ ਹੈ ਕਿ ਬ੍ਰਹਮਾ ਜੀ ਨੂੰ ਜਦ ਹੰਕਾਰ ਹੋ ਗਿਆ ਸੀ ਤਾਂ ਰੁਦ੍ਰ ਨੇ ਅਵਤਾਰ ਲਿਆ ਸੀ :-

**ਕੀਅ ਗਰਬ ਕੋ ਮੁਖ-ਚਾਰ। ਕਛੁ ਚਿੱਤ ਮੋਂ ਅਬਿਚਾਰ॥**
**ਜਬ ਧਰੇ ਤਿਨ ਤਨ ਸਾਤ॥ ਤਬ ਬਨੀ ਤਾ ਕੀ ਬਾਤ॥੪॥....**
**ਨਹੀਂ ਐਸ ਹੋਇ ਉਧਾਰ॥ ਸੁਨ ਲੇਹੁ ਰੁਦ੍ਰ ਬਿਚਾਰ॥੫॥**
**ਸੁਨ ਸ੍ਰਵਨ ਏ ਸ਼ਿਵ ਬੈਨ॥ ਹਠ ਛਾਡਿ ਸੁੰਦਰ ਨੈਨ॥**
**ਤਿਹ ਜਾਨ ਗਰਬ ਪ੍ਰਹਾਰ॥ ਛਿਤ ਲੀਨ ਆਨ ਵਤਾਰ॥੬॥**

(ਪੰਨਾ ੬੩੫)

**ਦੱਤਾਤ੍ਰੇਯ** ਅਤ੍ਰਿ ਰਿਖੀ ਦਾ ਅਨੁਸੂਯਾ ਦੀ ਕੁਖੋਂ ਪੈਦਾ ਹੋਇਆ ਇੱਕ ਮਹਾਤਮਾ ਸੀ ਜਿਸਨੂੰ ਕਵੀ ਸ਼ਯਾਮ ਨੇ ਅਵਤਾਰ ਬਣਾ ਕੇ ਪੇਸ਼ ਕੀਤਾ ਹੈ। ਇਸ ਨੇ ਸਮੇਂ-ਸਮੇਂ ਪ੍ਰਿਥਵੀ, ਜਲ, ਪਵਨ, ਆਕਾਸ਼, ਚੰਨ੍ਹ, ਅਗਨੀ, ਸੂਰਜ, ਕਬੂਤਰ ਆਦਿਕ ੨੪ ਗੁਰੂ ਧਾਰਨ ਕੀਤੇ ਸਨ, ਜਿਹਨਾਂ ਤੋਂ ਉਹ ਕੋਈ ਨਾ ਕੋਈ ਗੁਣ ਧਾਰਨ ਕਰਦਾ ਹੋਇਆ ਦਸਿਆ ਗਿਆ ਹੈ।

ਕਵੀ ਨੇ ਇਹ ਟਰਫਲ ਵੀ ਛੱਡੀ ਹੈ ਕਿ ਜੋਗ ਵਾਲਾ ਇਹ ਮੱਤ ੧,੦੦,੦੧੦ ਸਾਲ ਤਕ ਪ੍ਰਚਲਿਤ ਰਿਹਾ ਸੀ ਜਿਸਦਾ ਦਰਅਸਲ ਮਾਮੂਲੀ ਜਿਹਾ ਵੀ ਇਤਿਹਾਸਕ ਆਧਾਰ ਕਿਤੇ ਵੀ ਨਹੀਂ ਮਿਲਦਾ ਪਰ ਇਹ ਅਵਤਾਰਵਾਦੀ ਇਸ ਤੱਥ ਬਾਰੇ ਇਉਂ ਦਸਦਾ ਹੈ :-

**ਏਕ ਲਛ ਦਸ ਬਰਖ ਪ੍ਰਮਾਨਾ॥ ਪਾਛੈ ਚਲਾ ਜੋਗ ਕੋ ਬਾਨਾ॥**
**ਗਯਾਰਵ ਬਰਖ ਬਿਤੀਤਤ ਭਯੋ॥ ਪਾਰਸਨਾਥ ਪੁਰਖ ਭੁਅ ਵਯੋ॥੨॥**

(ਪੰਨਾ ੬੬੯)

ਇਸ ਵੱਡ-ਆਕਾਰੀ ਬਚਿਤ੍ਰ ਨਾਟਕ ਵਿੱਚ **ਪਾਰਸਨਾਥ** ਨੂੰ ਸ਼ਿਵ ਦਾ ਅਵਤਾਰ ਕਰਕੇ ਹੀ ਦਸਿਆ ਗਿਆ ਹੈ ਜਿਸਨੇ ਦੱਤ ਦੇ ਮੱਤ ਦਾ ਪ੍ਰਭਾਵ ਖ਼ਤਮ ਕਰਕੇ ਆਪਣਾ ਮੱਤ ਚਲਾਇਆ ਸੀ, ਯਥਾ :-

**ਪਾਰਸਨਾਥ ਬਡੋ ਰਣ ਪਾਰਯੋ॥**
**ਆਪਨ ਪ੍ਰਚੁਰ ਜਗਤ ਮਤ ਕੀਨਾ ਦੇਵਦਤ ਕੋ ਟਾਰਯੋ॥**

ਉਂਝ, ਪਾਰਸਨਾਥ ਪੁਰਾਤਨ ਪੁਸਤਕਾਂ ਵਿੱਚ ਇੱਕ ਬਹੁਤ ਪ੍ਰਤਾਪੀ ਪੁਰਖ ਦੇ ਤੌਰ ਤੇ ਵਰਣਿਤ ਹੈ ਜੋ ਹਿੰਸਾ ਨੂੰ ਉੱਕਾ ਹੀ ਬਰਦਾਸ਼ਤ ਨਾ ਕਰਨ ਕਾਰਨ, ਜੈਨ ਮੱਤ ਵਿੱਚ ਦਾਖ਼ਲ ਹੋ ਗਿਆ ਸੀ ਅਤੇ ਵੱਡੇ ਤਪ ਸਾਧ ਕੇ ਜੈਨੀਆਂ ਦਾ ੨੩ਵਾਂ ਤੀਰਥਾਂਕਰ ਬਣਿਆ ਸੀ।

ਇਹਨਾਂ ਅਵਤਾਰ ਗਾਥਾਵਾਂ ਦੀ ਵਿਸ਼ਾ-ਵਸਤੂ, ਲਿਖਣ ਸ਼ੈਲੀ ਅਤੇ ਇਹਨਾਂ ਦੀ ਇਤਿਹਾਸਕਤਾ ਬਾਰੇ ਕੀਤਾ ਮੋਟਾ ਜਿਹਾ ਅਧਿਅਨ ਵੀ ਹੇਠ

ਲਿਖੇ ਕੁੱਝ ਕੁ ਨੁਕਤੇ ਸਪੱਸ਼ਟ ਕਰ ਦਿੰਦਾ ਹੈ :-

੧. ਇਹ ਕਵੀ ਸ਼ਯਾਮ ਦੀ ਰਚਨਾ ਹੈ ਜੋ ਗੁਰਮਤਿ ਵਿਰੋਧੀ, ਸਾਕਤ ਮੱਤੀਆ ਅਤੇ ਚੰਡੀ ਦੇਵੀ ਦਾ ਪੁਜਾਰੀ ਹੈ। ਇਸ ਕੱਚੀ ਕਵਿਤਾ ਦਾ ਗੁਰੂ ਦਸਮੇਸ਼ ਨਾਲ ਉੱਕਾ ਹੀ ਕੋਈ ਸਬੰਧ ਨਹੀਂ। ਗੁਰੂ ਦਸਮੇਸ਼ ਨੂੰ ਇਸ ਅਤਿ ਘਟੀਆ ਤੇ ਗੁਰਮਤਿ ਸਿਧਾਂਤਾਂ ਦੇ ਵਿਰੁੱਧ ਪ੍ਰਚਾਰ ਕਰਨ ਵਾਲੀ ਰਚਨਾ ਦਾ ਰਚਣਹਾਰ ਕਹਿਣਾ ਜਾਂ ਮੰਨਣਾ ਸਤਿਗੁਰਾਂ ਦੀ ਤੌਹੀਨ ਕਰਨਾ ਹੈ।

੨. ਇਹ ਰਚਨਾ ਕਪੋਲ-ਕਾਲਪਨਿਕ, ਅਣ-ਹੋਣੀਆਂ, ਅਣ-ਵਿਗਿਆਨਕ, ਬੇ-ਦਲੀਲ ਅਤੇ ਅਣ-ਸਿਧਾਂਤਕ ਗੱਪਾਂ ਜਾਂ ਗਪੌੜਾਂ ਨਾਲ ਭਰੀ ਪਈ ਹੈ ਅਤੇ ਇਸਦਾ ਸੱਚੇ ਧਰਮ ਜਾਂ ਗੁਰਮਤਿ ਨਾਲ ਕੋਈ ਸਬੰਧ ਨਹੀਂ ਅਤੇ ਜਿਹਨਾਂ ਬਾਰੇ ਇਹ ਕਿਹਾ ਜਾ ਸਕਦਾ ਹੈ - " ਵਾਰਸਸ਼ਾਹ ਮੀਆਂ ਇਕਿ ਝੂਠ ਮਾਰਨ, ਇਕਿ ਮਾਰਦੇ ਝੂਠ ਦੀ ਜੋਹ ਮੀਆਂ"।

੩. ਚੌਵੀ ਅਵਤਾਰਾਂ 'ਚੋਂ ਬਹੁਗਿਣਤੀ ਅਵਤਾਰਾਂ ਦੇ ਵੇਰਵੇ ਕੇਵਲ ਮਿਥਿਹਾਸਕ ਵੀ ਨਹੀਂ ਮੰਨੇ ਜਾ ਸਕਦੇ ਕਿਉਂਕਿ ਉਹ ਸਮੁੱਚੇ ਤੌਰ ਤੇ ਵੱਡੇ-ਵੱਡੇ ਗਪੌੜਾਂ ਨਾਲ ਭਰਪੂਰ ਹਨ ਅਤੇ ਮਿਥਿਹਾਸਕ ਸ੍ਰੇਣੀ ਤੋਂ ਵੀ ਹੇਠਲੀ ਪੱਧਰ ਤੇ ਜਾ ਪੁੱਜਦੇ ਹਨ, ਪਰ ਤਿੰਨ ਸ਼ਖਸੀਅਤਾਂ ਰਾਮਚੰਦਰ ਜੀ, ਕ੍ਰਿਸ਼ਨ ਜੀ ਅਤੇ ਮਹਾਤਮਾ ਬੁੱਧ ਜੀ ਐਸੀਆਂ ਹੋਈਆਂ ਹਨ ਜਿਹਨਾਂ ਨਾਲ ਸਬੰਧਤ ਕਹਾਣੀਆਂ ਅਤੇ ਧਾਰਮਕ ਫ਼ਲਸਫ਼ਾ ਹਿੰਦੋਸਤਾਨ ਦੇ ਧਾਰਮਕ ਲਿਟਰੇਚਰ ਦਾ ਅਰਸੇ ਤੋਂ ਸ਼ਿੰਗਾਰ ਬਣਿਆ ਰਿਹਾ ਹੈ।

ਰਾਮਚੰਦਰ ਜੀ ਦੇ ਮੂਲ ਕਥਾਨਕ ਨੂੰ ਨਿਜੀ, ਪਰਵਾਰਕ ਅਤੇ ਸਮਾਜਕ ਜੀਵਨ ਦੇ ਖੇਤਰਾਂ ਵਿੱਚ ਬਹੁਤ ਪਿਆਰ ਤੇ ਸਤਿਕਾਰ ਨਾਲ ਦੇਖਿਆ ਜਾਂਦਾ ਹੈ ਅਤੇ ਬਹੁਤ ਹੀ ਕਾਰਆਮਦ ਸਿਖਿਆਵਾਂ ਨਾਲ ਭਰਪੂਰ ਹੈ। ਇਸੇ ਤਰ੍ਹਾਂ ਕਈ ਮੱਤ-ਭੇਦ ਹੋਣ ਦੇ ਬਾਵਜੂਦ ਕ੍ਰਿਸ਼ਨ ਜੀ ਦੀ ਗੀਤਾ ਨੂੰ ਧਾਰਮਕ ਸਾਹਿਤ ਦਾ ਅਧਿਅਨ ਕਰਨ ਸਮੇਂ ਬਹੁਤ ਗੰਭੀਰਤਾ ਅਤੇ ਸਤਿਕਾਰ ਨਾਲ ਦੇਖਿਆ ਜਾਂਦਾ ਰਿਹਾ ਹੈ। ਮਹਾਤਮਾ ਬੁੱਧ ਦੀ ਸ਼ਖਸੀਅਤ ਦਾ ਤਾਂ ਕਹਿਣਾ ਹੀ ਕੀ ਹੈ ਜਿਹਨਾਂ ਦੇ ਜੀਵਨ ਵੇਰਵਿਆਂ ਅਤੇ ਸਿਖਿਆਵਾਂ ਨੂੰ ਧਰਮ ਦੇ ਆਮ ਵਿਦਿਆਰਥੀਆਂ ਤੇ ਸਕਾਲਰਾਂ ਤੋਂ ਛੁੱਟ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਡਾਕਟਰ ਅੰਬੇਦਕਰ ਵਰਗੀਆਂ ਸਮਾਜਕ ਅਤੇ ਰਾਜਸੀ ਖੇਤਰ ਦੀਆਂ ਸਿਰਕੱਢ ਸ਼ਖਸੀਅਤਾਂ ਨੇ ਵੀ ਰਜਵਾਂ ਮਾਣ ਦਿੱਤਾ ਹੈ।

ਰਾਮ ਜੀ ਦੀ ਕਹਾਣੀ ਦੇ ਕਥਾਨਕ ਨੂੰ ਰਾਮ ਜੀ ਦੇ ਕਈ ਹੋਰ ਸ਼ਰਧਾਲੂਆਂ ਨੇ ਵੀ ਆਪਣੇ ਮਨ-ਭਾਉਂਦੇ ਮੋੜ ਅਤੇ ਵੰਨ-ਸੁਵੰਨੀਆਂ ਸ਼ਕਲਾਂ ਦੇ ਕੇ ਕਰੂਪ ਜਿਹਾ ਕਰਨ ਦਾ ਕੁਜਤਨ ਕੀਤਾ ਹੈ ਅਤੇ ਕ੍ਰਿਸ਼ਨ ਜੀ ਦੀ ਗੀਤਾ ਵਾਲੀ ਫ਼ਿਲਾਸਫ਼ੀ ਅਤੇ ਰਾਜਸੀ ਅਗਵਾਈ ਵਾਲੀਆਂ ਬੜੀਆਂ ਕਾਰਆਮਦ ਜਿਹੀਆਂ ਗੱਲਾਂ ਨੂੰ ਨਜ਼ਰ-ਅੰਦਾਜ਼ ਕਰ ਕੇ ਉਹਨਾਂ ਦੇ ਕਈ ਹੋਰ ਸ਼ਰਧਾਲੂਆਂ ਨੇ ਵੀ ਉਹਨਾਂ ਦੀ ਸਤਕਾਰੀ ਜਾ ਰਹੀ ਸ਼ਖਸੀਅਤ ਬਾਰੇ ਬਹੁਤ ਹੀ ਕਾਲੀਆਂ, ਕੁਹਝੀਆਂ ਤੇ ਸ਼ਰਮਨਾਕ ਗੱਲਾਂ ਲਿਖਣ ਤੇ ਪ੍ਰਚਾਰਨ ਦਾ ਮਾੜਾ ਕਾਰਾ ਕੀਤਾ ਹੈ ਪਰ ਕਵੀ ਸ਼ਯਾਮ ਨੇ ਸਭ ਹੱਦਾਂ ਬੰਨ੍ਹੇ ਟਪ ਕੇ ਇਹਨਾਂ

ਦੋਹਾਂ ਮਹਾਨ ਕਰਕੇ ਜਾਣੀਆਂ ਜਾਂਦੀਆਂ ਸ਼ਖਸੀਅਤਾਂ ਦੀ ਵੱਡੇ ਸ਼ਰਮਨਾਕ ਢੰਗ ਨਾਲ ਜੋਹ ਪੁੱਟ ਕੇ ਰਖ ਦਿੱਤੀ ਹੈ। ਮਹਾਨ ਵਿਵੇਕਸ਼ੀਲ ਸ਼ਖਸੀਅਤ ਮਹਾਤਮਾ ਬੁੱਧ ਨੂੰ ਵੱਡੇ ਬੁਧੂ ਦੀ ਸ਼ਕਲ ਵਿੱਚ ਪੇਸ਼ ਕਰਨ ਦਾ ਕਾਲਾ ਕਾਰਨਾਮਾ ਇਹ ਸਾਕਤ ਤੇ ਦੁਸ਼ਟ ਕਵੀ ਸ਼ਜਾਮ ਹੀ ਕਰ ਸਕਦਾ ਸੀ।

੪. ਕਵੀ ਸ਼ਜਾਮ ਦੀ ਇਸ ਕੁਹਜੀ ਕਾਵਿ-ਕਲਾ ਅਤੇ ਇਸ ਦੇ ਕਾਵਿ ਦੀ ਵਿਸ਼ਾ-ਵਸਤੂ ਦੀ ਚੀਰ-ਫਾੜ ਕਰਨ ਵੇਲੇ ਹਰ ਸਮੀਖਿਆਕਾਰ ਇਸਦੀ ਵਿਰੋਧਤਾ ਕਰਨ ਦੇ ਨਾਲ-ਨਾਲ ਅਵਤਾਰ ਕਹੀਆਂ ਜਾਣ ਵਾਲੀਆਂ ਹਸਤੀਆਂ ਬਾਰੇ ਕਵੀ ਵਲੋਂ ਜੋੜੀਆਂ ਤੇ ਬਿਆਨੀਆਂ ਮਾੜੀਆਂ ਗੱਲਾਂ ਕਾਰਨ ਉਹਨਾਂ ਵਿਰੁੱਧ ਲਿਖਣ ਤੇ ਮਜਬੂਰ ਹੋ ਜਾਂਦਾ ਹੈ। **ਇਹ ਕੇਵਲ ਇਸ ਕਾਰਨ ਵਾਪਰਦਾ ਹੈ ਕਿ ਅਜਿਹੇ ਕਵੀਆਂ ਤੇ ਲਿਖਾਰੀਆਂ ਵਲੋਂ ਇਹਨਾਂ ਹਸਤੀਆਂ ਉੱਤੇ ਆਰੋਪਿਤ ਸ਼ਰਮਨਾਕ ਕਥਾਨਕਾਂ ਨੂੰ ਕਿਸੇ ਸ਼ਰੀਫ਼ ਤੇ ਵਿਵੇਕਸ਼ੀਲ ਵਿਅਕਤੀ ਵਲੋਂ ਪਚਾ ਸਕਣਾ ਸੰਭਵ ਹੀ ਨਹੀਂ। ਸੋ ਸ਼ਰਾਰਤ ਤੇ ਅਧਮੂਲ ਦੀ ਜੜ੍ਹ ਮੁਖ ਰੂਪ ਵਿੱਚ ਕਵੀ ਸ਼ਜਾਮ ਅਤੇ ਅਜਿਹੇ ਲਿਖਾਰੀਆਂ ਨੂੰ ਹੀ ਜਾਣਨਾ ਚਾਹੀਦਾ ਹੈ।**

ਸਾਕਤ ਮਤੀ ਪੁਸਤਕ ਬਚਿਤ੍ਰ ਨਾਟਕ ਵਿੱਚ ਆਏ ੨੪ ਅਵਤਾਰਾਂ ਬਾਰੇ ਸੰਖੇਪਕੀ ਵੇਰਵੇ ਅਗਲੇ ਬਾਬਾਂ ਵਿੱਚ ਦਿੱਤੇ ਜਾ ਰਹੇ ਹਨ।

# (੭) ਮੱਛ, ਕਛੂ, ਨਰ, ਨਾਰਾਇਣ, ਮਹਾਂ ਮੋਹਨੀ ਤੇ ਵਰਾਹ ਅਵਤਾਰ :-

(੧ ਤੋਂ ੬ਵੇਂ ਅਵਤਾਰ ਤਕ)

## ੧. ਮੱਛ (crocodile) (ਪੰਨਾ ੧੫੫ ਤੋਂ ੧੬੦)

੫੪ ਬੰਦਾਂ ਵਿੱਚ ਲਿਖੀ ਇਸ ਬੇਕਾਰ ਤੇ ਨਿਰੱਰਥਕ ਜਿਹੀ ਰਚਨਾ ਵਿੱਚ ਰੱਬ ਵਰਗੀ ਜ਼ਾਹਿਰ ਕੀਤੀ ਗਈ ਹਸਤੀ ਲਈ ਕਾਲ, ਕਾਲ ਪੁਰਖ ਅਤੇ ਮਹਾਂਕਾਲ ਆਦਿਕ ਲਫ਼ਜ਼ ਵਰਤੇ ਗਏ ਹਨ। ਇਹ ਲਫ਼ਜ਼ ਨਿਰਾਕਾਰ ਪਰਮੇਸ਼ਰ ਲਈ ਵਰਤੇ ਨਾਮ ਨਹੀਂ ਬਲਕਿ ਇਹ ਸਾਕਤ-ਮਤੀ ਕਵੀ ਸ਼ਜਾਮ ਦੇ ਇੱਸ਼ਟ ਦੇਵ ਦੇ ਨਾਮ ਹਨ। ਦੇਵਾਂ ਤੇ ਦਾਨਵਾਂ ਦੇ ਵੈਰ ਵਿਰੋਧਾਂ ਵਿੱਚ ਸੰਸਾਰੀ ਜੀਵ ਆਪਣਾ-ਆਪਣਾ ਰੋਲ ਅਦਾ ਕਰ ਰਹੇ ਸਨ। ਸਮਾਂ ਪਾ ਕੇ

ਸੰਖਾਸੁਰ ਨਾਮ ਦਾ ਰਾਖਸ਼ ਹੋਇਆ ਜੋ ਬ੍ਰਹਮੇ ਦੇ ਚਾਰੋਂ ਵੇਦ ਚੁਰਾ ਕੇ ਸਮੁੰਦਰ ਵਿੱਚ ਜਾ ਵੜਿਆ। ਬ੍ਰਹਮੇ ਦੇ ਰੋਣ-ਪਿਟਣ ਪੁਰ ਵਿਸ਼ਨੂੰ ਜੀ ਨੇ ਮੱਛ ਦਾ ਅਵਤਾਰ ਲੈ ਕੇ ਸੰਖਾਸੁਰ ਰਾਖਸ਼ ਨਾਲ ਘੋਰ ਜੁੱਧ ਕੀਤਾ। ਮੱਛ ਅਵਤਾਰ ਆਪਣਾ ਸਰੀਰ ਬੇਹੱਦ ਵੱਡਾ ਕਰਦਾ ਗਿਆ। ਫ਼ੌਜਾਂ ਮਰ ਜਾਣ ਪਿੱਛੋਂ ਸੰਖਾਸੁਰ ਤੇ ਮੱਛ ਦੇ ਅਤਿ ਵੱਡੇ ਸਰੀਰਾਂ ਨੇ ਵੱਡੇ ਪਹਾੜਾਂ ਦੀ ਤਰ੍ਹਾਂ ਆਪਸ ਵਿੱਚ ਟਕਰਾ ਕੇ ਭਿਆਨਕ ਜੁੱਧ ਕੀਤਾ। ਸੰਖਾਸੁਰ ਮਾਰਿਆ ਗਿਆ। ਮੱਛ ਨੇ ਵੇਦ ਵਾਪਸ ਲੈ ਕੇ ਬ੍ਰਹਮੇ ਨੂੰ ਦੇ ਦਿੱਤੇ। ਉਸਨੂੰ ਸ਼ਾਂਤ ਤੇ ਪ੍ਰਸੰਨ ਕੀਤਾ ਅਤੇ ਧਰਤੀ ਦਾ ਰਾਜ ਭਾਗ ਦੇਵਤਿਆਂ ਨੂੰ ਦੇ ਕੇ ਉਹਨਾਂ ਤੋਂ ਵਿਦਾ ਲਈ।

## ੨. **ਕੱਛ ਅਵਤਾਰ** (ਪੰਨਾ ੧੬੦)

ਦੇਵਤਿਆਂ ਨੂੰ ਕਾਫ਼ੀ ਅਰਸਾ ਰਾਜ ਕਰਦਿਆਂ ਦੇਖ ਕੇ ਵਿਸ਼ਨੂੰ ਜੀ ਦੇ ਚਿਤ ਵਿੱਚ ਇਹ ਗੱਲ ਆਈ ਕਿ ਉਹਨਾਂ ਵਲੋਂ ਸੂਰਜ ਅਤੇ ਚੰਨ੍ਹ ਆਦਿ ਦੇਵਤਿਆਂ ਦੀ ਇੱਕ ਮੀਟਿੰਗ ਸੱਦੀ ਜਾਏ ਅਤੇ ਖੀਰ ਸਮੁੰਦਰ ਨੂੰ ਰਿੜਕ ਕੇ ਉਸ ਵਿੱਚੋਂ ਅੰਮ੍ਰਿਤ, ਲੱਛਮੀ, ਕਲਪ ਰੁਖ, ਕਾਮਧੇਨ ਗਊ ਆਦਿਕ ੧੪ ਰਤਨ ਤੇ ਹੋਰ ਪਦਾਰਥ ਕੱਢੇ ਜਾਣ। ਇਸ ਮੀਟਿੰਗ ਵਿੱਚ ਦੈਂਤ ਵੀ ਆ ਸ਼ਾਮਲ ਹੋਏ। ਵਿਸ਼ਨੂੰ ਜੀ ਦੀ ਚੁੱਕਣਾ ਅਧੀਨ ਸਾਰਿਆਂ ਨੇ ਰਲ-ਮਿਲ ਕੇ ਇਹ ਮਹਾਨ ਕਾਰਜ ਕਰਨ ਦਾ ਮਨ ਬਣਾ ਲਿਆ। ਖੀਰ ਸਮੁੰਦਰ ਨੂੰ ਰਿੜਕਣ ਲਈ ਮੰਦ੍ਰਾਚਲ ਨਾਮ ਦੇ ਪਰਬਤ ਨੂੰ ਮਧਾਣੀ ਬਣਾਇਆ ਗਿਆ। ਸ਼ੇਸ਼ ਨਾਗ ਨੂੰ ਮਧਾਣੀ ਉੱਤੇ ਰੱਸੀ ਜਾਂ ਨੇਤ੍ਰੇ ਦੇ ਤੌਰ ਤੇ ਵਰਤਿਆ ਗਿਆ। ਵਿਸ਼ਨੂੰ ਨੇ ਦੈਂਤਾਂ ਨੂੰ ਨਾਗ ਦਾ ਮੂੰਹ ਵਾਲਾ ਸਿਰਾ ਤੇ ਦੇਵਾਂ ਨੂੰ ਪੂਛ ਵਾਲਾ ਸਿਰਾ ਫੜਾਇਆ।

ਮੰਦ੍ਰਾਚਲ ਪਰਬਤ ਦੀ ਮਧਾਣੀ ਬੇਹੱਦ ਭਾਰੀ ਹੋਣ ਕਾਰਨ ਧਰਤੀ ਵਿੱਚ ਹੇਠਾਂ ਧੱਸੀ ਜਾਂਦੀ ਸੀ ਅਤੇ ਉਸਦਾ ਧੱਸਦੇ ਜਾਣਾ ਵੱਡੀ ਸਮੱਸਿਆ ਸੀ। ਮਧਾਣੀ ਨੂੰ ਧੱਸਦੇ ਜਾਣ ਤੋਂ ਰੋਕਣ ਲਈ ਵਿਸ਼ਨੂੰ ਜੀ ਨੇ ਇੱਕ ਬਹੁਤ ਵੱਡੇ ਸਖ਼ਤ-ਜਾਨ ਕਛੂਏ ਦੇ ਰੂਪ ਵਿੱਚ ਅਵਤਾਰ ਲੈ ਕੇ ਆਪਣੇ ਆਪ ਨੂੰ ਸਮੁੰਦਰ ਮੰਥਨ ਸਮੇਂ ਮਧਾਣੀ ਦੇ ਹੇਠ ਟਿਕਾਇਆ ਸੀ। ਸਮੁੰਦਰ ਮੰਥਨ ਦੌਰਾਨ ੧੪ ਨਾਯਾਬ ਰਤਨਾਂ ਨੂੰ ਦੇਵਾਂ ਤੇ ਦੈਂਤਾਂ ਨੇ ਰਲ ਕੇ ਸਮੁੰਦਰ ਵਿੱਚੋਂ ਕੱਢਿਆ ਪਰ ਇਹ ਕਹਾਣੀ ਸਪੱਸ਼ਟ ਇਸ਼ਾਰਾ ਦਿੰਦੀ ਹੈ ਕਿ ਵਿਸ਼ਨੂੰ ਜੀ ਵਲੋਂ ਪਖਪਾਤ ਕਰਕੇ ਦੇਵਾਂ ਦਾ ਪੱਖ ਹੀ ਪੂਰਿਆ ਜਾ ਰਿਹਾ ਹੈ।

ਕੱਛ ਅਵਤਾਰ ਦੀ ਕਹਾਣੀ ਵਿੱਚ ੧੪ ਰਤਨਾਂ ਦਾ ਵੇਰਵਾ ਨਹੀਂ ਦਿੱਤਾ ਗਿਆ ਜੋ ਦੂਜੇ ਬ੍ਰਾਹਮਣੀ ਗ੍ਰੰਥਾਂ ਵਿੱਚੋਂ ਮਿਲ ਜਾਂਦਾ ਹੈ। ਉਹਨਾਂ ਮੁਤਾਬਿਕ ੧੪ ਰਤਨ ਇਹ ਸਨ :- ਅੰਮ੍ਰਿਤ, ਲਛਮੀ, ਕਲਪ ਰੁਖ, ਕਾਮਧੇਨ ਗਾਂ, ਐਰਾਵਤ ਹਾਥੀ, ਉਚੈ:ਸ਼੍ਰਵੈ ਘੋੜਾ, ਰੰਭਾ ਅਪਸਰਾ, ਸ਼ਹਿਦ, ਤਲਵਾਰ, ਸ਼ਰਾਬ, ਵਿਸ਼, ਚੰਦ੍ਰਮਾ, ਸਾਰੰਗ ਧਨੁਖ, ਧਨੰਤਰ ਵੈਦ

ਆਦਿਕ ਹੋਰ ਕਈ ਨਾਯਾਬ ਚੀਜ਼ਾਂ ਵੀ ਉਪ-ਰਤਨਾਂ ਦੇ ਤੌਰ ਤੇ ਇਸ ਮੰਥਨ ਵਿੱਚੋਂ ਨਿਕਲੀਆਂ ਸਨ।

## ੩ ਤੇ ੪. ਨਰ, ਨਾਰਾਇਣ ਅਵਤਾਰ (ਪੰਨਾ ੧੬੧ ਤੋਂ ੧੬੨)

ਬਚਿਤ੍ਰ ਨਾਟਕ ਦੀ ੨੪ ਅਵਤਾਰਾਂ ਵਾਲੀ ਇਸ ਰਚਨਾ ਵਿੱਚ ਕਵੀ ਸ਼ਯਾਮ ਨੇ ਨਰ ਨਾਰਾਇਣ ਨੂੰ ਇੱਕ ਅਵਤਾਰ ਦੇ ਰੂਪ ਵਿੱਚ ਦੱਸਿਆ ਹੈ ਪਰ ਐਸਾ ਦਸਣ ਪਿਛੋਂ ਵੀ ਸਫ਼ਾ ੧੬੨ ਉੱਤੇ ਸਮਾਪਤੀ ਵੇਲੇ ਨਰ ਨੂੰ ਤ੍ਰਿਤੀਯ ਅਵਤਾਰ ਤੇ ਨਾਰਾਇਣ ਨੂੰ ਚਤੁੱਰਥ ਅਵਤਾਰ ਕਰਕੇ ਹੀ ਦੱਸਿਆ ਹੈ। ਇਸ ਅਵਤਾਰ ਦੀ ਕਹਾਣੀ ਨੂੰ ਸ਼ਯਾਮ ਨੇ ਹਦੋਂ ਵੱਧ ਕਮਜ਼ੋਰ ਤੇ ਬੋਗਸ ਤੇ ਨਿਕੰਮੀ ਜਿਹੀ ਬਣਾ ਕੇ ਪੇਸ਼ ਕੀਤਾ ਹੈ।

ਉਂਝ ੨੪ ਅਵਤਾਰਾਂ ਦੀਆਂ ਸਭ ਕਹਾਣੀਆਂ ਵਿੱਚ ਹੀ ਵਿਸ਼ਨੂੰ ਜੀ ਦੀ ਨੀਅਤ ਸਪੱਸ਼ਟ ਹੀ ਮਾੜੀ ਅਤੇ ਪਖਪਾਤੀ ਪ੍ਰਤੀਤ ਹੁੰਦੀ ਹੈ ਪਰ ਸਮੁੰਦਰ ਮੰਥਨ ਸਮੇਂ ਨਿਕਲੇ ੧੪ ਰਤਨਾਂ ਨੂੰ ਵੰਡਣ ਸਮੇਂ ਵਿਸ਼ਨੂੰ ਜੀ ਤੇ ਦੇਵਾਂ ਦੀ ਸਾਜਿਸ਼ ਅਤੇ ਮਿਲੀ-ਭੁਗਤ ਨੰਗੀ ਹੋਈ ਪਈ ਸੀ। ਪੁਰਾਣਕ ਕਹਾਣੀਆਂ ਦੇ ਵੇਰਵੇ ਵੀ ਐਸਾ ਹੀ ਪ੍ਰਗਟ ਕਰਦੇ ਹਨ। ਲੱਛਮੀ ਨੂੰ ਤਾਂ ਵਿਸ਼ਨੂੰ ਜੀ ਨੇ ਤਾੜ ਕੇ ਆਪਣੇ ਲਈ ਰਖ ਲਿਆ ਸੀ ਤੇ ਉਚੈਃਸ਼੍ਰਵਹ ਘੋੜਾ ਸੂਰਜ ਦੇਵਤੇ ਦੇ ਹਵਾਲੇ ਕਰ ਦਿੱਤਾ ਗਿਆ ਸੀ।

੧੪ ਰਤਨਾਂ ਦੀ ਕਾਣੀ ਵੰਡ ਅਤੇ ਵਿਸ਼ਨੂੰ ਜੀ ਦੇ ਪਖਪਾਤੀ ਰਵੱਈਏ ਕਾਰਨ ਦੈਂਤ ਟੋਲਾ ਜੰਗ ਲਈ ਉਤੇਜਿਤ ਹੋ ਗਿਆ ਸੀ। ਵੈਸੇ ਇਸ ਸਾਕਤੀ ਰਚਨਾ, ਬਚਿਤ੍ਰ ਨਾਟਕ ਵਿੱਚ ਵਿਸ਼ਨੂੰ ਦੇ ਇਸ ਤੀਜੇ ਤੇ ਚੌਥੇ ਅਵਤਾਰ ਨਰ ਅਤੇ ਨਾਰਾਇਣ ਵਾਲੇ ਬਾਬ ਵਿੱਚ ਇਹਨਾਂ ਅਵਤਾਰਾਂ ਦੀ ਕੁੱਝ ਵੀ ਪ੍ਰਾਪਤੀ ਨਹੀਂ ਦੱਸੀ ਗਈ। ਇਹ ਦੋਵੇਂ ਅਵਤਾਰ ਦਰਅਸਲ ਆਪਣੇ ਮਿਸ਼ਨ ਵਿੱਚ ਇੱਕ ਤਰ੍ਹਾਂ ਫ਼ੇਲ੍ਹ ਜਿਹੇ ਹੋਏ ਦਸੇ ਗਏ ਹਨ ਜੋ ਦੇਵਾਂ ਨੂੰ ਕੁੱਝ ਵੀ ਨਹੀਂ ਦਿਲਵਾ ਸਕੇ ਸਨ।

**ਨਰ ਤੇ ਨਾਰਾਇਣ ਨਾਮ ਦੇ ਇੱਕ ਅਵਤਾਰ ਜਾਂ ਦੋ ਅਵਤਾਰਾਂ ਦਾ ਅੱਡ-ਅੱਡ ਪੁਰਾਣਾਂ ਵਿੱਚ ਵੀ ਝਮੇਲਾ ਜਿਹਾ ਹੀ ਪਿਆ ਹੋਇਆ ਹੈ**। ਪੁਰਾਣਾਂ ਅਨੁਸਾਰ ਨਰ ਨਾਰਾਇਣ ਨੇ ਜੀਵਾਂ ਨੂੰ ਤਪੱਸਿਆ ਦਾ ਮਾਰਗ ਦਿਖਲਾਉਣ ਲਈ ਕੇਦਾਰਨਾਥ ਦੇ ਅਸਥਾਨ ਤੇ ਘੋਰ ਤਪੱਸਿਆ ਕੀਤੀ ਸੀ। ਵਾਮਨ ਪੁਰਾਣ ਵਿੱਚ ਜ਼ਿਕਰ ਹੈ ਕਿ ਇਸ ਦੀ ਘੋਰ ਤਪੱਸਿਆ ਨੂੰ ਭੰਗ ਕਰਨ ਲਈ ਇੰਦ੍ਰ ਨੇ ਸਵਰਗ ਤੋਂ ਕਈ ਸੁੰਦਰ ਅਪਸਰਾਵਾਂ ਵੀ ਭੇਜੀਆਂ ਸਨ। ਪਰ ਨਾਰਾਇਣ ਨੇ ਇਕ ਫੁਲ ਲੈ ਕੇ ਆਪਣੇ ਉਰ ਵਿੱਚੋਂ ਉਰਵਸ਼ੀ ਨਾਮ ਦੀ ਬੇਹਦ ਸੁੰਦਰ ਅਪਸਰਾ ਕੱਢੀ ਸੀ ਜਿਸਦੀ ਸੁੰਦਰਤਾ ਸਨਮੁਖ ਇੰਦ੍ਰ ਦੀਆਂ ਅਪਸਰਾਵਾਂ ਮਾਤ ਖਾ ਕੇ ਜ਼ਲੀਲ ਹੋ ਗਈਆਂ ਅਤੇ ਸਵੱਰਗ ਨੂੰ ਹੀ ਵਾਪਸ

ਭੱਜ ਗਈਆਂ ਸਨ।

ਦੇਵੀ ਭਾਗਵਤ ਪੁਰਾਣ ਵਿੱਚ ਲਿਖਿਆ ਹੈ ਕਿ ਨਰ ਨੇ ਅਰਜੁਨ ਦੇ ਰੂਪ ਵਿੱਚ ਅਤੇ ਨਾਰਾਇਣ ਨੇ ਕ੍ਰਿਸ਼ਨ ਰੂਪ ਵਿੱਚ ਦੁਆਪਰ ਜੁਗ ਵਿੱਚ ਅਵਤਾਰ ਧਾਰਿਆ ਸੀ। ਕਾਲਿਕਾ ਪੁਰਾਣ ਦਸਦਾ ਹੈ ਕਿ ਇਹ ਨਰ ਤੇ ਨਾਰਾਇਣ ਦੋਨੋਂ ਅਵਤਾਰ ਨਰਸਿੰਘ ਅਵਤਾਰ ਦੇ ਦੋ ਟੁਕੜਿਆਂ ਤੋਂ ਬਣੇ ਸਨ। ਨਰਸਿੰਘ ਦੇ ਮਨੁੱਖੀ ਹਿੱਸੇ ਨਾਲ ਨਰ ਅਤੇ ਸ਼ੇਰ ਵਾਲੇ ਹਿੱਸੇ ਤੋਂ ਨਾਰਾਇਣ ਬਣਿਆ ਸੀ। ਸ਼ਿਵ ਜੀ ਨੇ ਸ਼ਰਭ ਜੀਵ ਦੀ ਅਤਿ ਖ਼ੂੰਖਾਰ ਸ਼ਕਲ ਧਾਰ ਕੇ ਹੀ ਇਸਦੇ ਦੋ ਟੁਕੜੇ ਕੀਤੇ ਸਨ। ਸ਼ਰਭ ਜੀਵ ਅਠ ਟੰਗਾਂ ਵਾਲਾ, ਸ਼ੇਰ ਦਾ ਸ਼ਿਕਾਰ ਕਰਨ ਵਾਲਾ ਅਤਿ ਖ਼ੂੰਖਾਰ ਸ਼ਕਲ ਵਾਲਾ ਜੀਵ ਦਸਿਆ ਗਿਆ ਹੈ।

## ੫. ਮਹਾਂ ਮੋਹਨੀ ਅਵਤਾਰ (ਪੰਨਾ ੧੬੨)

ਰਤਨਾਂ ਦੀ ਕਾਣੀ ਵੰਡ ਕਾਰਣ ਦੈਂਤ ਔਖੇ ਤੇ ਪਰੇਸ਼ਾਨ ਸਨ ਤੇ ਦੈਂਤਾਂ ਦੇ ਮਨਾਂ ਵਿੱਚ ਦੇਵਤਿਆਂ ਪ੍ਰਤੀ ਵੈਰ-ਵਿਰੋਧ ਵੱਧ ਰਿਹਾ ਸੀ। ਇਸ ਸਾਕਤੀ ਪੁਸਤਕ, ਬਚਿਤ੍ਰ ਨਾਟਕ ਦੇ ਚੌਵੀ ਅਵਤਾਰਾਂ ਵਾਲੇ ਪੰਜਵੇਂ ਅਧਿਆਇ ਵਿੱਚ ਦੱਸਿਆ ਗਿਆ ਹੈ ਕਿ ਇਸ ਝਮੇਲੇ ਨੂੰ ਨਿਬੇੜਨ ਲਈ ਤੇ ਦੈਂਤਾਂ ਨੂੰ ਸ਼ਾਂਤ ਕਰਨ ਲਈ ਰਤਨਾਂ ਨੂੰ ਦੇਵਾਂ ਤੇ ਦੈਂਤਾਂ ਵਿੱਚ ਆਪਣੀ ਯੋਜਨਾ ਨਾਲ ਫ਼ਿਰ ਤੋਂ ਨਵੇਂ ਸਿਰਿਓਂ ਵੰਡਣ ਲਈ ਵਿਸ਼ਨੂੰ ਜੀ ਨੇ ਮਹਾਂ ਮੋਹਨੀ ਅਵਤਾਰ ਧਾਰਿਆ ਸੀ। ਮੋਹਨੀ ਅਵਤਾਰ ਦੀ ਸ਼ਕਲ ਨੂੰ ਦੇਖ ਕੇ ਦੇਵ ਤੇ ਦੈਂਤ ਸਭ ਸੰਮੋਹਿਤ ਹੋ ਕੇ ਰਤਨ ਵੰਡਾਈ ਸਮੇਂ ਪੰਗਤਾਂ ਲਗਾ ਕੇ ਬੈਠ ਗਏ ਅਤੇ ਉਨ੍ਹਾਂ ਨੇ ਆਪਣੇ ਸ਼ਸਤ੍ਰ ਤਿਆਗ ਕੇ ਪਰੇ ਰਖ ਦਿੱਤੇ। ਸਭ ਮੋਹਨੀ ਦੇ ਰੂਪ ਵਿੱਚ ਹੀ ਐਸੇ ਉਲਝੇ ਕਿ ਵਿਸ਼ਨੂੰ ਵਲੋਂ ਕੀਤੇ ਨਿਰਨੇ ਤੇ ਕੋਈ ਵੀ ਉਜਰ ਨ ਕਰ ਸਕਿਆ। ਧਨੰਤਰ ਵੈਦ, ਕਲਪ ਰੁਖ, ਲੱਛਮੀ, ਵਿਸ਼, ਕਾਮਧੇਨੁ ਗਊ ਆਦਿ ਸਭ ਚੀਜ਼ਾਂ ਵੰਡ ਦਿੱਤੀਆਂ ਗਈਆਂ ਤੇ ਝਗੜਾ ਮੁਕਿਆ ਪ੍ਰਤੀਤ ਹੋਇਆ, ਯਥਾ:- **ਬਟੇ ਰਤਨ ਸਰਬੰ ਗਈ ਛੂਟ ਰਾਰੰ**, ਪਰ ਇਥੇ ਵੀ ਵਿਸ਼ਨੂੰ ਜੀ ਨੇ ਆਪਣੇ ਪਖਪਾਤੀ ਰੌਂ ਕਾਰਨ ਕਾਣੀ ਵੰਡ ਹੀ ਕੀਤੀ।

## ੬. ਬੈਰਾਹ ਅਵਤਾਰ (ਸੂਰ ਜਾਂ ਸੂਅਰ) (ਪੰਨਾ ੧੬੩)

ਸਮੁੰਦਰ ਮੰਥਨ ਵਿੱਚੋਂ ਨਿਕਲੇ ਰਤਨਾਂ ਦੀ ਕਾਣੀ, ਪਖਪਾਤੀ ਤੇ ਹੇਰਾ-ਫੇਰੀ ਵਾਲੀ ਵੰਡ ਨੂੰ ਮਹਿਸੂਸ ਕਰਦਿਆਂ ਦੈਂਤ ਫ਼ਿਰ ਮਾਰ ਧਾੜ ਤੇ ਉਠ ਖੜੇ ਹੋਏ ਅਤੇ ਦੋਹਾਂ ਟੋਲਿਆਂ ਵਿੱਚ ਫ਼ਿਰ ਝਗੜਾ ਸ਼ੁਰੂ ਹੋ ਗਿਆ। ਹਿਰਣਜ ਤੇ ਹਰਨਾਖਸ਼ ਦੋ ਦੈਂਤ ਬਹੁਤ ਬਲੀ ਸਾਬਤ ਹੋਏ ਸਨ ਤੇ ਉਹ ਸਨ ਵੀ

ਬਹੁਤ ਦਬਦਬੇ ਤੇ ਹੰਕਾਰ ਭਰੇ। ਉਹ ਸਾਰੀ ਧਰਤੀ ਨੂੰ ਵੇਦਾਂ ਸਣੇ ਚੁੱਕ ਕੇ ਪਤਾਲ ( ? ) ਨੂੰ ਭਜ ਗਏ ਸਨ।

ਦੇਵਾਂ ਨੂੰ ਇਸ ਬਿਪਤਾ ਤੇ ਹਾਰ ਅਰ ਮਾਰ ਤੋਂ ਬਚਾਉਣ ਲਈ ਵਿਸ਼ਨੂੰ ਜੀ ਨੇ ਹੁਣ ਬੈਰਾਹ (ਸੂਰ) ਦਾ ਅਵਤਾਰ ਲੈ ਕੇ ਦੈਤਾਂ ਨਾਲ ਭਿਆਨਕ ਜੁੱਧ ਕੀਤਾ ਅਤੇ ਚੌਹਾਂ ਵੇਦਾਂ ਅਰ ਧਰਤੀ ਮਾਤਾ ਨੂੰ ਆਪਣੀਆਂ ਦਾੜ੍ਹਾਂ ਵਿੱਚ ਫੜ ਕੇ ਪਤਾਲ ਤੋਂ ਵਾਪਸ ਲੈ ਆਂਦਾ ਅਤੇ ਇਸ ਤਰ੍ਹਾਂ ਵੇਦਾਂ ਤੇ ਧਰਤੀ ਦੀ ਬੰਦ ਖਲਾਸੀ ਹੋਈ ਤੇ ਦੇਵਾਂ ਦੇ ਬਚਾਅ ਦੀ ਗੱਲ ਬਣ ਗਈ।

## ਤਫ਼ਸੀਲ, ਤਸ਼ਰੀਹ ਤੇ ਤਸ਼ਖ਼ੀਸ ਸਬੰਧੀ ਟਿੱਪਣੀਆਂ

(੧) ਬ੍ਰਾਹਮਣੀ ਮੱਤ ਮੁਤਾਬਿਕ ਧਰਮ ਤੇ ਧਾਰਮਿਕ ਲੋਕਾਂ ਨੂੰ ਗਲਾਨੀ ਅਤੇ ਜ਼ਲਾਲਤ ਤੋਂ ਬਚਾਉਣ ਲਈ ਹੀ ਰੱਬ ਜਾਂ ਵਿਸ਼ਨੂੰ ਜੀ ਨੂੰ ਅਵਤਾਰ ਲੈਣਾ ਪੈਂਦਾ ਹੈ। **ਮੱਛ, ਕਛੂ, ਨਰ, ਨਰਾਇਣ, ਮਹਾਂ ਮੋਹਨੀ ਅਤੇ ਵਰਾਹ ਨਾਮ ਦੇ ਛੇ ਅਵਤਾਰਾਂ ਦੇ ਮਾਮਲੇ ਵਿੱਚ ਧਰਮ ਜਾਂ ਧਰਮੀ ਬੰਦਿਆਂ ਦੀ ਇਸ ਸਾਕਤ ਮਤੀ ਰਚਨਾ ਵਿੱਚ ਕਿਤੇ ਵੀ ਗਲਾਨੀ ਜਾਂ ਹੇਠੀ ਹੁੰਦੀ ਨਜ਼ਰ ਨਹੀਂ ਆ ਰਹੀ। ਫ਼ਿਰ ਵਿਸ਼ਨੂੰ ਜੀ ਨੇ ਇਹ ਅਵਤਾਰ ਕਿਉਂ ਧਾਰਨ ਕੀਤੇ ?**

(੨) ਰੱਬ ਸਰਬ-ਕਲਾ-ਸਮਰੱਥ ਹੋਣ ਕਾਰਨ ਕਿਸੇ ਸਮੇਂ ਵੀ ਕੁੱਝ ਦਾ ਕੁੱਝ ਕਰ ਸਕਦਾ ਹੈ। **ਧਰਮ ਦੇ ਨਾਮ ਉੱਤੇ ਜੇ ਰੱਬ ਨੇ ਕੁੱਝ ਕਰਨਾ ਹੀ ਸੀ ਤਦ ਉਸਨੂੰ ਮੱਛ, ਕਛੂਆ ਤੇ ਸੂਰ ਆਦਿਕਾਂ ਦੇ ਰੂਪ ਧਾਰ ਕੇ ਅਵਤਾਰ ਲੈਣ ਦੀ ਕੀ ਬਿਪਤਾ ਪੈ ਗਈ ਸੀ ?** ਸੂਰ ਨੂੰ ਕਿਆ ਮੁਸਲਮਾਣ, ਕਿਆ ਯਹੂਦੀ, ਕਿਆ ਮਿਸਰ ਦੀ ਪੁਰਾਣੀ ਸਭਿਅਤਾ ਦੇ ਲੋਕ ਅਤੇ ਕਿਆ ਕਬੀਰ ਸਾਹਿਬ ਵਰਗੇ ਆਤਮ-ਦਰਸੀ; ਸਭ ਨੇ ਮਾੜਾ, ਗੰਦਾ ਅਤੇ ਨਖੇਧੀ-ਜਨਕ ਹੀ ਗਰਦਾਨਿਆ ਹੈ। **ਅਜਿਹਾ ਸੂਰ ਵਰਾਹ ਦੀ ਸ਼ਕਲ ਵਿੱਚ ਰੱਬ ਦੇ ਅਵਤਾਰ ਦੇ ਤੌਰ ਤੇ ਆ ਪੇਸ਼ ਹੋਏ, ਬੜੀ ਹਾਸੋ-ਹੀਣੀ ਜਿਹੀ ਕਲਪਨਾ ਹੈ।** ਫ਼ਿਰ ਮੱਛ ਤੇ ਕਛੂਏ ਦੇ ਰੂਪ ਵਿੱਚ ਰੱਬ ਨੂੰ ਅਵਤਾਰ ਲੈਂਦੇ ਦੱਸ ਕੇ ਇਹਨਾਂ ਅਵਤਾਰਵਾਦੀਆਂ ਨੇ ਆਪਣੇ ਬੁੱਧੀ-ਪੱਧਰ ਦੀ ਰਜਵੀਂ ਹੇਠੀ ਹੀ ਕਰਵਾਈ ਹੈ।

(੩) **ਸਮੁੰਦਰ ਦੇ ਪਾਣੀਆਂ ਵਿੱਚ ਮੱਛ ਤੇ ਸੰਖਾਸੁਰ ਦੀਆਂ, ਹਾਥੀਆਂ ਅਤੇ ਘੋੜਿਆਂ ਵਾਲੀਆਂ ਫ਼ੌਜਾਂ ਦੇ ਭਿਆਨਕ ਜੰਗ ਹੋਣੇ**, ਮੱਛ ਤੇ ਸੰਖਾਸੁਰ ਦੇ ਸਰੀਰ ਟਕਰਾਉਣ ਵੇਲੇ ਦੋ ਪਹਾੜਾਂ ਦੇ ਆਪੋਂ ਵਿੱਚ ਟਕਰ ਪੈਣ ਵਾਲੀਆਂ ਭਿਆਨਕ ਆਵਾਜ਼ਾਂ ਨਿਕਲਣੀਆਂ ਕੇਵਲ ਅਸੰਭਵ ਤੱਤ ਨਾਲ ਹੀ ਭਰਪੂਰ ਨਹੀਂ, ਬਲਕਿ ਇਹ ਉਹ ਗੱਪਾਂ ਹਨ ਜਿਹਨਾਂ ਵਿੱਚ ਕੋਈ ਤੱਤ ਸਾਰ ਲੱਭਣਾ ਹੀ ਨਾਮੁਮਕਿਨ ਭਾਸਦਾ ਹੈ। **ਮੱਛ ਦਾ**

**ਲਗਾਤਾਰ ਹੀ ਬੇਤਹਾਸ਼ਾ ਹੱਦ ਤਕ ਵੱਧਦੇ ਜਾਣਾ ਸਾਰੀ ਕਹਾਣੀ ਨੂੰ ਨਿਰੋਲ ਕਲਪਨਾ ਦੀ ਖੱਡ ਵਿੱਚ ਸੁਟਦਿਆਂ ਬੇਵਿਸ਼ਵਾਸੀ ਹੀ ਪੈਦਾ ਕਰਦਾ ਹੈ।**

(੪) ਸੰਖਾਸੁਰ ਨੇ ਜੇ ਬ੍ਰਹਮਾ ਜੀ ਕੋਲੋਂ ਵੇਦ ਖੋਹ ਹੀ ਲਏ ਸਨ, ਤਦ ਵੀ ਮੁਸੀਬਤ ਦੀ ਇਤਨੀ ਕਿਹੜੀ ਗੱਲ ਸੀ? ਵੇਦਾਂ ਦੀਆਂ ਨਕਲਾਂ ਤਾਂ ਅਨੇਕਾਂ ਪੰਡਿਤਾਂ ਕੋਲ ਸਦਾ ਹੀ ਮੌਜੂਦ ਰਹੀਆਂ ਹਨ। **ਵੇਦ ਪਾਣੀ ਵਿੱਚ ਇਤਨਾ ਅਰਸਾ ਪਏ ਰਹਿਣ ਉੱਤੇ ਵੀ ਪਾਣੀ ਨਾਲ ਖ਼ਰਾਬ ਨਹੀਂ ਸਨ ਹੋਏ,** ਇਸ ਗੱਲ ਦਾ ਰਾਜ਼ ਵੀ ਜਾਂ ਤਾਂ ਬ੍ਰਾਹਮਣ ਅਤੇ ਜਾਂ ਸ਼ਯਾਮ ਕਵੀ ਹੀ ਖੋਲ੍ਹ ਸਕਦਾ ਹੈ ਅਤੇ ਇਹ ਆਮ ਸਮਝ ਤੋਂ ਬਾਹਰ ਦੀ ਗੱਲ ਹੈ।

(੫) **ਕਹਾਣੀ ਵਿੱਚ ਮੱਛ ਸਾਹਿਬ ਦੀ ਜਿੱਤ ਹੋ ਜਾਣ ਪਿਛੋਂ ਦੇਵਰਾਜ ਇੰਦ੍ਰ ਕਿੱਥੋਂ ਆ ਟਪਕਿਆ?** ਇਤਨੇ ਵੱਡੇ ਜੰਗ ਨੂੰ ਜਿੱਤਣ ਪਿੱਛੋਂ ਰਾਜ-ਭਾਗ ਦੁਬਾਰਾ ਉਸੇ ਇੰਦ੍ਰ ਨੂੰ ਦਿੱਤਾ ਗਿਆ ਜੋ ਕਈ ਵਾਰੀ ਰਾਜ-ਭਾਗ ਮਿਲ ਜਾਣ ਪਿੱਛੋਂ ਵੀ ਸੰਭਾਲ ਨਹੀਂ ਸੀ ਸਕਿਆ ਅਤੇ ਪੁਰਾਣਕ ਲੋਕ-ਕਥਾਵਾਂ ਵਿੱਚ ਉਸ ਦੀ ਕੇਵਲ ਨਾਅਹਿਲੀਅਤ ਦਾ ਹੀ ਜ਼ਿਕਰ ਨਹੀਂ, ਬਲਕਿ ਉਹਨਾਂ ਕਹਾਣੀਆਂ ਵਿੱਚ ਉਸਨੂੰ ਸ਼ਰਾਬੀ, ਕਬਾਬੀ ਪਿਅੱਕੜ, ਨਾਚ-ਗਾਣਿਆਂ ਦੇ ਸ਼ੌਕੀਨ ਅਤੇ ਪਰ-ਇਸਤ੍ਰੀਗਾਮੀ ਦੇ ਰੂਪ ਵਿੱਚ ਆਮ ਹੀ ਚਿਤਰਿਆ ਗਿਆ ਹੈ।

(੬) ਸਮੁੰਦਰ ਮੰਥਨ ਵੇਲੇ **ਸੈਂਕੜੇ ਮੀਲ ਲੰਬੇ ਚੌੜੇ ਵਿੰਦਿਆਚਲ ਪਰਬਤ ਦੀ ਮਧਾਣੀ, ਸ਼ੇਸ਼ਨਾਗ ਦਾ ਨੇਤ੍ਰਾ** ਅਤੇ ਇਸ ਭਾਰੀ ਮਧਾਣੀ ਹੇਠ ਵਿਸ਼ਨੂੰ ਜੀ ਦਾ **ਵਿਸ਼ਾਲਕਾਯ ਕਛੂਏ ਅਵਤਾਰ ਦਾ ਸਰੀਰ** ਅਤੇ ਕਛੂਏ ਵਲੋਂ ਵੱਡੀ ਅਤੇ ਬਿਲਕੁਲ ਅਨੋਂਖੀ ਮਧਾਣੀ ਦਾ ਦੇਹ ਰਗੜੇ ਤੇ ਰਗੜਾ ਸਹਿਣਾ ਕਹਾਣੀ ਦੇ ਕੇਵਲ ਅਸੰਭਵ ਤੱਤ ਹੀ ਨਹੀਂ ਹਨ, ਬਲਕਿ **ਕਹਾਣੀ ਨੂੰ ਪੂਰੀ ਤਰ੍ਹਾਂ ਬੇ-ਸਿਰਪੈਰ ਰੂਪ ਵਿੱਚ ਪੇਸ਼ ਕਰਦੇ ਹਨ।**

(੭) ਵਿਸ਼ਨੂੰ ਜੀ ਨੇ ਇੱਕ ਖਾਸ ਮੰਤਵ ਨਾਲ ਦੇਵਤਿਆਂ ਦੀ ਇੱਕ ਮੀਟਿੰਗ ਬੁਲਾਈ ਜਿਸ ਵਿੱਚ ਸੂਰਜ, ਚੰਦ੍ਰਮਾ ਅਤੇ ਉਪਿੰਦ੍ਰ ਆਦਿਕ ਵੀ ਬੁਲਾਏ ਗਏ ਸਨ। **ਕੀ ਸੂਰਜ ਤੇ ਚੰਦ੍ਰਮਾ ਮਨੁੱਖ ਸਨ? ਉਹਨਾਂ ਵਿੱਚੋਂ ਇੱਕ ਅੱਗ ਜਾਂ ਗੈਸਾਂ ਦਾ ਬੇਹੱਦ ਵੱਡਾ ਗੋਲਾ ਹੈ ਤੇ ਦੂਜਾ ਖਲਾਅ ਵਿਚਲਾ ਇੱਕ ਨੱਛਤ੍ਰ।**

(੮) ਸਮੁੰਦਰ ਮੰਥਨ ਵਿੱਚੋਂ ਨਿਕਲਣ ਵਾਲੇ ਰਤਨਾਂ ਅਤੇ ਕੁੱਝ ਹੋਰ ਪਦਾਰਥਾਂ ਵਿੱਚ ਇੱਕ ਚੀਜ਼ ਚੰਦ੍ਰਮਾ ਵੀ ਦੱਸੀ ਗਈ ਹੈ। ਸਮੁੰਦਰ ਮੰਥਨ ਜੇ ਕਦੀ ਹੋਇਆ ਵੀ ਮੰਨ ਲਿਆ ਜਾਵੇ ਤਾਂ ਉਹ ਛੇਵੀਂ ਸਦੀ ਵਿੱਚ ਹੀ ਹੋ ਸਕਦਾ ਹੈ। **ਕੀ ਇਸ ਸ੍ਰਿਸ਼ਟੀ ਵਿੱਚ ਉਸ ਤੋਂ ਪਹਿਲਾਂ ਚੰਦ੍ਰਮਾ ਨਹੀਂ ਸੀ?**

(੯) **ਸਮੁੰਦਰ ਮੰਥਨ ਵਿੱਚੋਂ ਨਿਕਲੇ ਰਤਨਾਂ ਦੀ ਵੰਡ-ਵੰਡਾਈ ਦੇ ਮਾਮਲੇ ਵਿੱਚ ਵਿਸ਼ਨੂੰ ਜੀ ਅਤੇ ਦੇਵਤੇ ਸਾਜਿਸ਼ੀ ਰੂਪ ਵਿੱਚ ਆਪੌਂ ਵਿੱਚ ਮਿਲੇ ਹੋਏ ਪ੍ਰਤੀਤ ਹੁੰਦੇ ਹਨ।** ਵਿਸ਼ਨੂੰ ਜੀ ਦੇਵਾਂ ਨਾਲ ਅਡਰੇ ਤੌਰ ਤੇ ਗੁਪਤ ਮੀਟਿੰਗ ਕਰ ਰਹੇ ਸਨ ਤੇ ਦੈਂਤਾਂ ਨੂੰ ਭਿਣਕ ਪੈ ਜਾਣ ਤੇ ਉਹ ਵੀ ਵਿੱਚ ਆ ਟਪਕੇ ਸਨ। ਸ਼ੇਸ਼ ਨੂੰ ਨੇਤ੍ਰੇ ਦੇ ਤੌਰ ਤੇ ਵਰਤਣ ਵੇਲੇ ਵਿਸ਼ਨੂੰ ਜੀ ਵਲੋਂ ਸ਼ੇਸ਼ ਦੇ ਮੂੰਹ ਵਾਲਾ ਪਾਸਾ ਦੈਂਤਾਂ ਨੂੰ ਤੇ ਪੂਛਲ ਵਾਲਾ ਦੇਵਾਂ ਨੂੰ ਦੇ ਕੇ ਇੱਕ ਤਰ੍ਹਾਂ ਦੈਂਤਾਂ ਨੂੰ ਹੀ ਖ਼ਤਰੇ ਦੇ ਮੂੰਹ ਵਿੱਚ ਪਾਇਆ ਸੀ। ਵੰਡ-ਵੰਡਾਈ ਵੇਲੇ ਚਾਲਾਕੀ ਖੇਡਦਿਆਂ ਕੁੱਝ ਨਾਯਾਬ ਜਿਹੇ ਰਤਨਾਂ ਦੇ ਨਾਲ-ਨਾਲ ਲਕਸ਼ਮੀ ਨੂੰ ਅਤਿ ਸੁੰਦਰ ਜਾਣ ਕੇ ਆਪਣੇ ਲਈ ਹੀ ਤਾੜ ਲਿਆ ਸੀ। ਵਿਸ਼ਨੂੰ ਜੀ ਨੇ ਇੰਦ੍ਰ ਨੂੰ ਐਰਾਵਤ ਹਾਥੀ, ਅਤੇ ਸੂਰਜ ਨੂੰ ਵੱਧੀਆ ਉਚੈਃ ਸ਼੍ਰਵਹ ਘੋੜਾ ਦਿੱਤਾ ਸੀ ਪਰ ਸ਼ਰਾਬ ਆਦਿਕ ਨਖਿੱਧ ਪਦਾਰਥ ਦੈਂਤਾਂ ਨੂੰ ਹੀ ਦਿੱਤੇ ਗਏ ਸਨ।

(੧੦) ਭਾਵੇਂ ਕਹਾਣੀ ਤਾਂ ਸਾਰੀ ਹੀ ਕਪੋਲ-ਕਾਲਪਨਿਕ ਹੈ ਕਿਉਂ ਕਿ ਸ੍ਰਿਸ਼ਟੀ ਵਿੱਚ **ਖੀਰ ਸਮੁੰਦਰ ਦੀ ਹੋਂਦ ਦਾ ਬ੍ਰਾਹਮਣ ਵਿਦਵਾਨਾਂ ਬਿਨਾ ਅਜੇ ਤਕ ਕਿਸੇ ਨੂੰ ਕੁੱਝ ਵੀ ਪਤਾ ਨਹੀਂ ਲਗ ਸਕਿਆ ਅਤੇ ਵਿੰਦਿਆਚਲ ਪਹਾੜ ਦੀ ਮਧਾਣੀ ਅਤੇ ਸ਼ੇਸ਼ਨਾਗ ਦਾ ਨੇਤ੍ਰਾ ਬਣਾਉਣ ਦੀ ਗੱਲ ਵੀ** ਆਮ ਤੌਰ ਤੇ ਕਿਸੇ ਸਿਆਣੇ ਦੇ ਖਾਨੇ ਵਿੱਚ ਨਹੀਂ ਪੈ ਰਹੀ। ਗਾਂ, ਘੋੜਾ ਤੇ ਹਾਥੀ ਭਾਵੇਂ ਜਿਤਨੇ ਮਰਜ਼ੀ ਨਾਯਾਬ ਤੇ ਵੱਧੀਆ ਕਿਸਮ ਦੇ ਹੋਣ, ਸਮੁੰਦਰ ਦੇ ਪਾਣੀ ਅੰਦਰ ਜ਼ਿੰਦਾ ਨਹੀਂ ਸਨ ਰਹਿ ਸਕਦੇ।

(੧੧) ਨਰ ਤੇ ਨਾਰਾਇਣ ਨਾਮ ਦੇ ਦੋਹਾਂ ਅਵਤਾਰਾਂ ਦਾ ਉਦੇਸ਼ ਵੀ ਵਿਸ਼ਨੂੰ ਜੀ ਵਲੋਂ ਦੇਵਾਂ ਤੇ ਦੈਂਤਾਂ ਦਰਮਿਆਨ ਰਤਨਾਂ ਦੀ ਹੋਈ ਕਾਣੀ ਵੰਡ ਨੂੰ ਜਾਇਜ਼ ਬਣਾ ਕੇ ਦਸਣਾ ਸੀ ਜਿਸਨੇ ਦੈਂਤਾਂ ਨੂੰ ਦੇਵਾਂ ਉੱਤੇ ਹਮਲਾ ਕਰਨ ਤੇ ਮਜਬੂਰ ਕੀਤਾ ਸੀ। ਵਿਸ਼ਨੂੰ ਜੀ ਵਲੋਂ ਦੇਵਾਂ ਦਾ ਪੱਖ ਪੂਰਨ ਦੇ ਬਾਵਜੂਦ ਦੈਂਤਾਂ ਨੇ ਦੇਵਾਂ ਨੂੰ ਲੱਕ-ਤੋੜਵੀਂ ਹਾਰ ਦਿੱਤੀ ਸੀ ਅਤੇ ਬ੍ਰਾਹਮਣ ਲਿਖਾਰੀਆਂ ਦੇ ਭਗਵਾਨ ਜੀ ਨੂੰ ਨਮੋਸ਼ੀ ਦੇ ਆਲਮ ਵਿੱਚ ਜਾ ਧੱਕਿਆ ਸੀ। **ਵਿਸ਼ਨੂੰ ਜੀ ਦੇ ਨਰ ਤੇ ਨਾਰਾਇਣ ਨਾਮ ਵਾਲੇ ਅਵਤਾਰ ਬਹੁਤ ਹੀ ਨਾਲਾਇਕ ਤੇ ਉੱਲੂ ਜਿਹੇ ਹੀ ਸਾਬਤ ਹੋਏ ਅਤੇ ਇਹਨਾਂ ਦੋਹਾਂ ਨੇ ਨਾਮ ਮਾਤਰ ਵੀ ਧਰਮ ਦੀ ਕਿਸੇ ਕਿਸਮ ਦੀ ਕੋਈ ਸੰਸਥਾਪਨਾ ਨਹੀਂ ਕੀਤੀ। ਫ਼ਿਰ ਰੱਬ ਕੀ ਤੇ ਉਸਨੂੰ ਹੋਈ ਹਾਰ ਦਾ ਕੀ ਅਰਥ?**

(੧੨) **ਵਿਸ਼ਨੂੰ ਜੀ ਦੇ ਮਹਾਂਮੋਹਨੀ ਅਵਤਾਰ ਨੇ ਧਰਮ ਦੀ ਕੀ ਸੰਸਥਾਪਨਾ ਕਰਨੀ ਸੀ; ਉਹ ਤਾਂ ਹੇਰਾ-ਫੇਰੀ ਨਾਲ ਕੀਤੀ ਰਤਨਾਂ ਦੀ ਕਾਣੀ ਵੰਡ ਨੂੰ ਹੀ ਲਾਗੂ ਕਰਨਾ ਚਾਹੁੰਦਾ ਸੀ।** ਮਹਾਂ

ਮੋਹਨੀ ਅਵਤਾਰ ਨੇ ਆਪਣੇ ਦਿਲਕੱਸ਼ ਰੂਪ ਨਾਲ ਦੈਂਤਾਂ ਉੱਤੇ ਇਕ ਤਰ੍ਹਾਂ ਨਾਲ ਜਾਦੂ ਜਿਹਾ ਹੀ ਕਰ ਦਿੱਤਾ ਸੀ ਅਤੇ ਉਹ ਵੀ ਹੋਰਨਾਂ ਦੀ ਤਰ੍ਹਾਂ ਹਥਿਆਰ ਸੁਟ ਕੇ ਮਹਾਂਮੋਹਨੀ ਦੇ ਰੂਪ ਵਿੱਚ ਹੀ ਉਲਝ ਗਏ ਸਨ। ਉਹਨਾਂ ਨੇ ਸਾਜਿਸ਼ ਵਿੱਚ ਗ੍ਰਸਤ ਵਿਸ਼ਨੂੰ ਜੀ ਵਲੋਂ ਕੀਤੀ ਗਈ ਰਤਨਾਂ ਦੀ ਕਾਣੀ ਵੰਡ ਨੂੰ ਸ਼ਾਂਤੀ ਪੂਰਬਕ ਮੰਨ ਲਿਆ ਸੀ।

(੧੩) ਵਿਸ਼ਨੂੰ ਜੀ ਦੇ ਵਰਾਹ ਅਵਤਾਰ ਨੂੰ ਧਰਮ ਦੀ ਸੰਸਥਾਪਨਾ ਲਈ ਸੂਰਨੀ ਮਾਤਾ ਜੀ ਦੀ ਕੁਖੋਂ ਸੂਰ ਰੂਪ ਵਿੱਚ ਜਨਮ ਲੈਣ ਬਾਝੋਂ ਕਲਿਆਣ ਦਾ ਹੋਰ ਕੋਈ ਤਰੀਕਾ ਹੀ ਨਹੀਂ ਸੀ ਸੁਝਿਆ। ਸੂਰ ਸਾਹਿਬ ਨੇ ਲਗਾਤਾਰ ਅੱਠ ਦਿਨ (ਪੁਰਾਣਾਂ ਮੁਤਾਬਿਕ ਇੱਕ ਹਜ਼ਾਰ ਸਾਲ) ਜੰਗ ਕਰਕੇ ਦੈਂਤ ਆਗੂ ਹਰਨਾਕਸ਼ ਨੂੰ ਮਾਰ ਕੇ ਪਾਤਾਲ ਤੋਂ ਵੇਦ ਵਾਪਸ ਲਿਆਂਦੇ ਸਨ। **ਜਿੱਤ ਮਗਰੋਂ ਸੂਰ ਸਾਹਿਬ ਜੀ ਦੀ ਨਜ਼ਰ ਧਰਤੀ ਮਾਤਾ ਉੱਤੇ ਪੈ ਗਈ। ਉਸ ਦੀ ਖ਼ੂਬਸੂਰਤੀ ਨੂੰ ਜਰ ਨਹੀਂ ਸਨ ਸਕੇ ਅਤੇ ਉਹ ਧਰਤੀ ਮਾਤਾ ਨਾਲ ਹੀ ਭੋਗ ਕਰਨ ਦੀ ਕਾਰਵਾਈ ਪਾਉਣ ਲਈ ਬਹਿ ਗਏ ਤਾ ਕਿ ਧਰਮ ਸੰਸਥਾਪਨਾ ਪੂਰੀ ਤਰ੍ਹਾਂ ਕਰ ਸਕਣ। ਉੱਥੋਂ ਉਹ ਤਦ ਹੀ ਉਠੇ ਜਦੋਂ ਉਹਨਾਂ ਨੇ ਧਰਤੀ ਮਾਤਾ ਵਿੱਚੋਂ ਨਰਕਾਸੁਰ (ਭੌਮਾਸੁਰ) ਨਾਮ ਦਾ ਬੇਟਾ ਪ੍ਰਾਪਤ ਕਰ ਲਿਆ।** ਭਾਈ ਸਾਹਿਬ ਕਾਹਨ ਸਿੰਘ ਨਾਭਾ ਮੁਤਾਬਿਕ ਸੂਰ ਸਾਹਿਬ ਜੀ ਦਾ ਇਹ ਬੇਟਾ ਭੌਮਾਸੁਰ ਪ੍ਰਾਗਜਯੋਤਿਸ਼ ਪੁਰ (ਗੋਹਾਟੀ, ਆਸਾਮ) ਦਾ ਰਾਜਾ ਬਣਿਆ ਸੀ। ਕ੍ਰਿਸ਼ਨ ਜੀ (ਜੋ ਵਿਸ਼ਨੂੰ ਜੀ ਦੇ ਹੀ ਅਵਤਾਰ ਸਨ) ਨੇ ਇਸ ਵਲੋਂ ਇਕੱਠੀਆਂ ਕਰ ਰਖੀਆਂ 16100 ਕੰਨਿਆਵਾਂ ਇਸ ਪਾਸੋਂ ਜੁੱਧ ਕਰਕੇ ਖੋਹ ਲਈਆਂ ਸਨ ਤੇ ਖ਼ੁੱਦ ਆਪਣੇ ਨਾਲ ਵਿਆਹ ਲਈਆਂ ਸਨ।

(੧੪) **ਉਪਰ ਬਿਆਨੀਆਂ ਲੱਚਰ ਜਿਹੀਆਂ ਅਵਤਾਰ ਕਹਾਣੀਆਂ ਦਾ ਨਾ ਤਾਂ ਗੁਰਮਤਿ ਸਿਧਾਂਤਾਂ ਨਾਲ ਕੋਈ ਸਬੰਧ ਹੈ ਅਤੇ ਨਾਂ ਹੀ ਇਹਨਾਂ ਦਾ ਗੁਰੂ ਦਸਮੇਸ਼ ਨਾਲ ਕੋਈ ਸਬੰਧ ਸਥਾਪਿਤ ਕੀਤਾ ਜਾ ਸਕਦਾ ਹੈ। ਇਹ ਕਹਾਣੀਆਂ ਨਾ ਤਾਂ ਵਿਗਿਆਨਕ ਲੀਹਾਂ ਤੇ ਲਿਖੀਆਂ ਗਈਆਂ ਹਨ ਅਤੇ ਨਾ ਹੀ ਇਹਨਾਂ ਦਾ ਕੋਈ ਇਤਿਹਾਸਕ ਆਧਾਰ ਹੀ ਹੈ। ਇਹਨਾਂ ਤੋਂ ਕਿਸੇ ਵੀ ਗੁਰਮਤਿ ਸਿਧਾਂਤ ਦੀ ਕੋਈ ਪੁਸ਼ਟੀ ਤ੍ਰੈਕਾਲ ਸੰਭਵ ਨਹੀਂ। ਕਿਸੇ ਵੀ ਗੁਰਮਤਿ ਸਿਧਾਂਤ ਦੀ ਸਪਸ਼ੱਟਤਾ ਇਹਨਾਂ ਅਵਤਾਰ-ਕਥਾਵਾਂ ਵਿੱਚੋਂ ਲੱਭਣ ਦਾ ਜਤਨ ਸਹੇ ਦੇ ਸਿਰ ਤੋਂ ਸਿੰਗ ਲੱਭਣ ਤੁੱਲ ਨਿਰੱਰਥਕ ਜਤਨ ਹੀ ਰਹੇਗਾ।**

# (੮) ਨਰਸਿੰਘ, ਬਾਵਨ ਅਤੇ ਪਰਸਰਾਮ ਅਵਤਾਰ

(੭ਵੇਂ ਤੋਂ ੯ਵੇਂ ਅਵਤਾਰ ਤਕ)

## ੭. ਨਰਸਿੰਘ ਅਵਤਾਰ (ਪੰਨਾ ੧੬੪ ਤੋਂ ੧੬੭)

ਇਸ ਸਾਕਤੀ ਪੁਸਤਕ ਬਚਿਤ੍ਰ ਨਾਟਕ ਦੇ **ਇਸ ਕਾਂਡ ਵਿੱਚ ਇਹ ਬਿਆਨ ਕੀਤਾ ਗਿਆ ਹੈ ਕਿ ਰਾਜ-ਭਾਗ ਤੇ ਮਾਇਕ ਭੋਗ ਮਾਣਦਿਆਂ ਦੇਵਤੇ ਫ਼ਿਰ ਗ਼ਰੂਰ ਵਿੱਚ ਆ ਕੇ ਖਰੂਦਾਂ ਕਰਨ ਲਗੇ।** ਬਲਸ਼ਾਲੀ ਦੈਂਤ ਉਹਨਾਂ ਨੂੰ ਮਾਰਨ ਅਤੇ ਹਰਾਉਣ ਲਈ ਉਠ ਖੜੇ ਹੋਏ। ਦੈਂਤ-ਰਾਜ ਹਰਨਾਕਸ਼ ਨੇ ਦੇਵਾਂ ਤੋਂ ਰਾਜ-ਭਾਗ ਖੋਹ ਕੇ ਇਹ ਪ੍ਰਸਿੱਧ ਕਰਵਾਇਆ ਤੇ ਪ੍ਰਚਾਰ ਕੀਤਾ ਕਿ ਜਲ, ਥਲ ਤੇ ਆਕਾਸ਼ ਸਭ ਥਾਈਂ ਹਰਨਾਕਸ਼ ਹੀ ਹਰਨਾਕਸ਼ ਪਸਰਿਆ ਪਿਆ ਹੈ।

ਹਰਨਾਕਸ਼ ਦੇ ਘਰ ਪ੍ਰਹਿਲਾਦ ਪੁੱਤਰ ਨੇ ਜਨਮ ਲਿਆ ਜੋ ਉਸ ਤੋਂ ਉੱਲਟ ਵਿਚਾਰਾਂ ਵਾਲਾ ਨਿਕਲਿਆ। ਉਹ ਹਰਨਾਕਸ਼ ਦੀ ਥਾਵੇਂ ਉਸ ਗੋਪਾਲ ਦਾ ਪੁਜਾਰੀ ਤੇ ਭਗਤ ਸੀ ਜੋ ਸਾਰੀ ਸ੍ਰਿਸ਼ਟੀ ਵਿੱਚ ਵਿਆਪਕ ਹੈ। ਪ੍ਰਹਿਲਾਦ ਨੂੰ ਪਾਠਸ਼ਾਲਾ ਭੇਜਿਆ ਗਿਆ ਜਿੱਥੇ ਉਸ ਦੇ ਪਹਿਲੇ ਵਾਲੇ ਵਿਚਾਰ ਹੋਰ ਦ੍ਰਿੜ੍ਹ ਹੋ ਗਏ। ਪ੍ਰਹਿਲਾਦ ਦੇ ਪਿਤਾ ਹਰਨਾਕਸ਼ ਦੇ ਹੁਕਮ ਨਾਲ ਪ੍ਰਹਿਲਾਦ ਨੂੰ ਮਾਰਨ ਲਈ ਜਾਂ ਉਸ ਦਾ ਦਿਲ ਢਾਹੁਣ ਲਈ ਅਨੇਕਾਂ ਦੈਂਤ ਨਿਤਾਰੇ ਗਏ ਪਰ ਉਹ ਪ੍ਰਹਿਲਾਦ ਦਾ ਕੁੱਝ ਵੀ ਵਿਗਾੜ ਨਾ ਸਕੇ। ਪ੍ਰਹਿਲਾਦ ਦੇ ਬਚਾਅ ਲਈ ਵਿਸ਼ਨੂੰ ਜੀ ਨਰਸਿੰਘ ਦਾ ਅਵਤਾਰ ਧਾਰ ਕੇ ਨਿਕਲੇ ਤੇ ਵੱਡੇ ਜੁੱਧ ਪਿਛੋਂ ਗਰਜਨਾ ਕੀਤੀ ਅਰ ਹਰਨਾਕਸ਼ ਨੂੰ ਮਾਰ ਮੁਕਾਇਆ।

**ਸ਼ਿਵ ਪੁਰਾਣ** ਤੇ ਕੁੱਝ ਹੋਰ ਪੁਰਾਣਾਂ ਵਿੱਚ ਨਰਸਿੰਘ ਦੀ ਕਹਾਣੀ ਕੁੱਝ ਹੋਰਵੇਂ ਢੰਗ ਨਾਲ ਲਿਖੀ ਹੈ। ਹਰਨਾਕਸ਼ ਨੂੰ ਮਾਰ ਲੈਣ ਪਿੱਛੋਂ ਵੀ ਨਰਸਿੰਘ ਦਾ ਕ੍ਰੋਧ ਸ਼ਾਂਤ ਨਹੀਂ ਸੀ ਹੋ ਰਿਹਾ। ਉਹ ਕ੍ਰੋਧ ਵਿੱਚ ਆ ਕੇ ਗਰਜ ਰਿਹਾ ਸੀ ਤੇ ਇਸ ਕਾਰਨ ਸਾਰੀ ਧਰਤੀ ਤੇ ਪਹਾੜ ਸੜ੍ਹ ਤੇ ਕੰਬ ਰਹੇ ਸਨ। ਉਸ ਦੀ ਘੋਰ ਗਰਜਨਾ ਤੋਂ ਡਰ ਕੇ ਸ਼ਿਵ ਤੇ ਬ੍ਰਹਮਾ ਵੀ ਭਜ ਗਏ ਸਨ। ਉਹਨਾਂ ਸਭਨਾਂ ਨੇ ਪ੍ਰਹਿਲਾਦ ਨੂੰ ਬੇਨਤੀ ਕੀਤੀ ਕਿ ਉਹ ਜਤਨ ਕਰਕੇ ਨਰਸਿੰਘ ਨੂੰ ਸ਼ਾਂਤ ਅਤੇ ਠੰਡਾ ਕਰੇ। ਪ੍ਰਹਿਲਾਦ ਦੀ ਬੇਨਤੀ ਉੱਤੇ ਨਰਸਿੰਘ ਉੱਲਟਾ ਹੋਰ ਜ਼ਿਆਦਾ ਤਪ ਕੇ ਉਠ ਖਲੌਤਾ। ਸ਼ਿਵ ਦੇ ਗਣ ਵੀਰ ਭਦ੍ਰ ਨੂੰ ਵੀ ਇਸ ਕਾਰਜ ਲਈ ਵਰਤਿਆ ਗਿਆ ਤਾ ਕਿ ਉਹ ਹੀ ਕਿਸੇ ਤਰ੍ਹਾਂ ਜਤਨ ਕਰਕੇ ਨਰਸਿੰਘ ਨੂੰ ਸਮਝਾਏ। ਪਰ ਨਰਸਿੰਘ ਉਸ ਨੂੰ ਵੀ ਖਾਣ ਨੂੰ

ਪੈਂਦਾ ਸੀ।

ਇਸ ਮੌਕੇ ਸ਼ਿਵ ਨੇ ਬੜੀ ਜੁਗਤ ਅਤੇ ਕਠਿਨਾਈ ਨਾਲ ਬਹੁਤ ਹੀ ਭਿਆਨਕ ਰੂਪ ਧਾਰਿਆ। ਉਹ ਬਿਅੰਤ ਭੁਜਾਵਾਂ, ਖ਼ਤਰਨਾਕ ਦੰਦਾਂ, ਖੂੰਖਾਰ ਨਾਖੂਨਾਂ ਨਾਲ ਸੰਜੁਗਤ ਹੋਇਆ। ਭਿਆਨਕ ਪੰਖ, ਤਿਖੀ ਚੁੰਝ ਅਤੇ ਸ਼ੇਰ ਵਾਲੇ ਅੱਧੇ ਧੜ ਦੀ ਅਜੀਬ ਸ਼ਕਲ ਧਾਰਨ ਕਰ ਕੇ ਸ਼ਿਵ ਜੀ ਨਰਸਿੰਘ ਉੱਤੇ ਹਮਲਾਵਰ ਹੋ ਕੇ ਹਾਵੀ ਹੋ ਗਏ। **ਉਹਨਾਂ ਨੇ ਨਰਸਿੰਘ ਨੂੰ ਆਪਣੀ ਮਜ਼ਬੂਤ ਚੁੰਝ ਵਿੱਚ ਕਾਬੂ ਕਰ ਕੇ ਪਹਿਲਾਂ ਆਸਮਾਨ ਵਲ ਉਡਾਇਆ ਤੇ ਫ਼ਿਰ ਉੱਥੋਂ ਉਸਨੂੰ ਧਰਤੀ ਤੇ ਪਟਕਾ ਕੇ ਮਾਰਿਆ। ਉਸ ਨੇ ਆਪਣੀ ਅਪਾਰ ਸ਼ਕਤੀ ਨਾਲ ਨਰਸਿੰਘ ਨੂੰ ਬੰਦਾ ਬਣ ਕੇ ਆਪਣੇ ਅਸਲ ਅਤੇ ਆਮ ਰੂਪ ਵਿੱਚ ਆਉਣ ਤੇ ਮਜਬੂਰ ਕਰ ਦਿੱਤਾ।**

## ੮. ਬਾਵਨ (ਵਾਮਨ) ਅਵਤਾਰ (ਪੰਨਾ ੧੬੭ ਤੋਂ ੧੬੯)

ਇਸ ਕਾਂਡ ਵਿੱਚ ਦੈਂਤਾਂ ਦੇ ਰਾਜੇ ਬਲ ਦੀ ਗਾਥਾ ਆਉਂਦੀ ਹੈ ਜੋ ਪੁਰਾਣਕ ਗ੍ਰੰਥਾਂ ਮੁਤਾਬਿਕ ਪ੍ਰਹਿਲਾਦ ਦਾ ਪੋਤਾ ਤੇ ਵਿਰੋਚਨ ਦਾ ਪੁੱਤਰ ਸੀ। ਇਸ ਨੇ ਤਿੰਨਾਂ ਲੋਕਾਂ ਤੇ ਕਬਜ਼ਾ ਕਰ ਕੇ ਇੰਦ੍ਰ ਦੀ ਰਾਜਧਾਨੀ ਨੂੰ ਵੀ ਜਿੱਤ ਲਿਆ ਸੀ। ਦੇਵਤੇ ਰਗੜੇ ਵਿੱਚ ਆ ਗਏ ਅਤੇ ਦੈਂਤਾਂ ਦੀ ਜੈ-ਜੈ ਕਾਰ ਹੋਣ ਲੱਗ ਪਈ ਸੀ।

ਦੇਵਾਂ ਨੇ ਆਪਣੀ ਆਦਤ ਮੁਜਬ ਵਿਸ਼ਨੂੰ ਜੀ ਨੂੰ ਮਦਦ ਲਈ ਪੁਕਾਰਿਆ ਅਤੇ ਉਹਨਾਂ ਨੂੰ ਕੁੱਝ ਕਰ ਗੁਜ਼ਰਨ ਲਈ ਬੇਨਤੀ ਕੀਤੀ। ਦੇਵਾਂ ਦੀ ਮਦਦ ਲਈ ਵਿਸ਼ਨੂੰ ਜੀ ਨੇ ਬਾਵਨ ਜਾਂ ਵਾਮਨ ਵਾਲਾ ਅਵਤਾਰ ਧਾਰਿਆ ਤੇ ਉਹ ਇੱਕ ਬਹੁਤ ਹੀ ਬੌਨੇ ਤੇ ਨਿਤਾਣੇ ਬ੍ਰਾਹਮਣ ਮੰਗਤੇ ਦੀ ਸ਼ਕਲ ਵਿੱਚ ਰਾਜੇ ਬਲ ਕੋਲ ਪੁੱਜ ਗਏ। ਰਾਜਾ ਬਲ ਵਲੋਂ ਦਾਨ ਵਿੱਚ ਦਿੱਤੇ ਕਿਸੇ ਵੀ ਕੀਮਤੀ ਪਦਾਰਥ ਨੂੰ ਇਸ ਬ੍ਰਾਹਮਣ ਨੇ ਹੱਥ ਨ ਲਾਇਆ ਅਤੇ ਉਸਨੇ ਆਪਣੇ ਆਪ ਨੂੰ ਮਹਾਂ ਤਿਆਗੀ ਪ੍ਰਗਟ ਕੀਤਾ। ਬੌਨੇ ਬ੍ਰਾਹਮਣ ਰੂਪੀ ਵਾਮਨ ਨੇ ਰਾਜੇ ਤੋਂ ਢਾਈ ਕਦਮ ਜ਼ਮੀਨ ਦਾਨ ਵਿੱਚ ਦੇ ਦੇਣ ਦਾ ਵਚਨ ਲੈ ਲਿਆ। ਰਾਜੇ ਬਲ ਦੇ ਕੁਲ-ਪ੍ਰੋਹਿਤ ਸ਼ੁਕ੍ਰਾਚਾਰੀਆ ਨੇ ਰਾਜੇ ਬਲ ਨੂੰ ਵਾਮਨ ਦੀ ਅਸਲੀਅਤ ਪ੍ਰਗਟ ਕਰ ਦਿੱਤੀ ਅਤੇ ਰੁਕਾਵਟ ਖੜੀ ਕਰਨ ਦੇ ਵੀ ਬੜੇ ਜਤਨ ਕੀਤੇ ਪਰ **ਰਾਜਾ ਬਲ ਬ੍ਰਾਹਮਣ ਵਲੋਂ ਮੰਗਿਆ ਦਾਨ ਦੇ ਦੇਣ ਉੱਤੇ ਹੀ ਬੇਜ਼ਿੱਦ ਰਿਹਾ।** ਦੈਂਤ ਪੁਰੋਹਿਤ ਸ਼ੁਕ੍ਰਾਚਾਰੀਏ ਨੇ ਇਸ ਕਾਰਜ ਲਈ ਕੀਤੇ ਜੱਗ ਸਮੇਂ ਵਰਤੀ ਗਈ ਕੇਤਲੀ ਵਿੱਚੋਂ ਜਲ ਨੂੰ ਬਾਹਰ ਆਉਣ ਤੋਂ ਰੋਕਣ ਲਈ ਰੂਪ ਬਦਲ ਕੇ ਵੀ ਕਾਰਵਾਈ ਪਾਈ ਤੇ ਅੱਖੋਂ ਕਾਣਾ ਹੋ ਜਾਣਾ ਵੀ ਪ੍ਰਵਾਨ ਕਰ ਲਿਆ **ਪਰ ਫ਼ਿਰ ਵੀ ਵਿਸ਼ਨੂੰ ਜੀ ਦੀ ਜੱਗ**

**ਕਰਵਾ ਕੇ ਦਾਨ ਲੈਣ ਦੀ ਸਕੀਮ ਸਿਰੇ ਚੜ੍ਹ ਹੀ ਗਈ।** ਬੌਨੇ ਬ੍ਰਾਹਮਣ (ਬਾਵਨ) ਨੇ ਆਪਣੇ ਸਰੀਰ ਦਾ ਵਿਸਥਾਰ ਕਰਕੇ ਇੱਕ ਕਦਮ ਵਿੱਚ ਸਾਰੀ ਧਰਤੀ, ਦੂਜੇ ਕਦਮ ਵਿੱਚ ਸਾਰਾ ਆਕਾਸ਼ ਤੇ ਬਾਕੀ ਅੱਧੇ ਕਦਮ ਵਿੱਚ ਰਾਜੇ ਬਲ ਦਾ ਸਰੀਰ ਮਿਣ ਕੇ ਉਸਨੂੰ ਪਤਾਲ ਭੇਜ ਦਿੱਤਾ।

**ਵਿਸ਼ਨੂੰ ਜੀ ਦਾ ਇਹ ਅੱਠਵਾਂ ਅਵਤਾਰ ਸਾਖਸ਼ਾਤ ਧੱੜੇਬਾਜ਼ੀ, ਧੋਖੇਬਾਜ਼ੀ, ਕਪਟ ਤੇ ਮਕਰ ਫ਼ਰੇਬਾਂ ਦੀਆਂ ਕਾਰਵਾਈਆਂ ਪਾ ਰਿਹਾ ਪ੍ਰਤੀਤ ਹੁੰਦਾ ਹੈ।**

### ੯. ਪਰਸਰਾਮ (ਪੰਨਾ ੧੬੯ ਤੋਂ ੧੭੨)

**ਵਿਸ਼ਨੂੰ ਦਾ ਇਹ ਅਵਤਾਰ ਕਈ ਕਿਸਮ ਦੀਆਂ ਦੁਬਿਧਾਵਾਂ ਨਾਲ ਭਰਿਆ ਪਿਆ ਹੈ।** ਇਹ ਜਮਦਗਨੀ ਬ੍ਰਾਹਮਣ ਤੇ ਉਸਦੀ ਇਸਤ੍ਰੀ ਰੇਣੁਕਾ ਦਾ ਪੰਜਵਾਂ ਪੁੱਤਰ ਦੱਸਿਆ ਗਿਆ ਹੈ। ਬਾਹਰੋਂ ਘਰ ਪੁੱਜੇ ਪਰਸਰਾਮ ਨੂੰ ਜਦ ਰੇਣੁਕਾ ਨੇ ਇਹ ਦਸਿਆ ਕਿ ਉਸਦੇ ਪਿਤਾ ਜਮਦਗਨੀ ਨੂੰ ਉਸਦੇ ਸਾਂਢੂ, ਖਤ੍ਰੀ ਰਾਜੇ ਸਹਸ੍ਰਬਾਹੂ ਨੇ ਕਤਲ ਕਰ ਦਿੱਤਾ ਹੈ ਤਾਂ ਕ੍ਰੋਧ ਅਤੇ ਬਦਲੇ ਦੀ ਭਾਵਨਾ ਵਿੱਚ ਆ ਕੇ ਪਰਸਰਾਮ ਨੇ ਸਾਰੀ ਧਰਤੀ ਨੂੰ ਇੱਕੀ ਵਾਰ ਸਭ ਛਤ੍ਰੀਆਂ ਦਾ ਕਤਲ ਕਰ ਕੇ ਛਤ੍ਰੀ-ਵਿਹੂਣੀ ਕਰਨ ਦਾ ਪ੍ਰਣ ਲੈ ਲਿਆ ਸੀ ਅਤੇ ਉਸਨੂੰ ਪੂਰਾ ਕਰਨ ਲਈ ਉਸਨੇ ਇੱਕੀ ਵਾਰ ਛਤ੍ਰੀਆਂ ਦਾ ਸਰਬਨਾਸ਼ ਕਰਕੇ ਉਹਨਾਂ ਦੇ ਖ਼ੂਨ ਦੇ ਦਰਿਆ ਵਿੱਚ ਖੜੇ ਹੋ ਕੇ ਆਪਣੇ ਪਿੱਤਰਾਂ ਨੂੰ ਖ਼ੂਨ ਦਾ ਤਰਪਣ ਕੀਤਾ ਸੀ।

**ਭਾਗਵਤ ਪੁਰਾਣ** ਦੇ ਸਕੰਧ ੯ਵੇਂ, ਅਧਿਆਇ ੧੬ ਨੇ ਇਸ ਅਵਤਾਰ ਬਾਰੇ ਕੁੱਝ ਹੋਰ ਭਾਂਤ ਦਾ ਚਾਨਣਾ ਵੀ ਪਾਇਆ ਹੈ। ਇਸ ਅਨੁਸਾਰ ਪਰਸਰਾਮ ਨੇ ਆਪਣੇ ਪਿਤਾ ਜਮਦਗਨੀ ਦੀ ਆਗਿਆ ਮੰਨ ਕੇ ਆਪਣੀ ਮਾਤਾ ਰੇਣੁਕਾ ਦਾ ਕਤਲ ਕਰ ਦਿੱਤਾ ਸੀ ਜਿਸਨੂੰ ਉਸ ਬ੍ਰਾਹਮਣੀ ਪੁਸਤਕ ਵਿੱਚ ਆਚਾਰਨਹੀਣ ਦਸਿਆ ਗਿਆ ਹੈ ਅਤੇ ਜੋ ਗੰਗਾ ਦਰਿਆ ਤੋਂ ਪਾਣੀ ਲੈਣ ਗਈ ਚਿਤ੍ਰਰਥ ਗੰਧੱਰਬ ਤੇ ਉਸਦੀਆਂ ਤੀਵੀਆਂ ਨੂੰ ਪਾਣੀ ਵਿੱਚ ਕਾਮ-ਕਲੋਲਾਂ ਕਰਦਿਆਂ ਦੇਖ ਕੇ ਜਰ ਨਹੀਂ ਸੀ ਸਕੀ ਤੇ ਆਪ ਕਾਮ-ਵੱਸ ਹੋ ਕੇ ਧਰਮੋਂ ਡਿੱਗ ਪਈ ਸੀ।

ਉਂਝ, ਆਮ ਚਾਲੂ ਕਹਾਣੀ ਵਿੱਚ ਇਹ ਪ੍ਰਚਲਿਤ ਹੈ ਕਿ ਛਤ੍ਰੀ ਰਾਜੇ ਸਹਸ੍ਰਬਾਹੂ ਨੇ ਲਾਲਚ ਅਤੇ ਈਰਖਾ ਵੱਸ ਹੋ ਕੇ ਜਮਦਗਨੀ ਬ੍ਰਾਹਮਣ ਨੂੰ ਕਤਲ ਕਰਕੇ ਉਸ ਤੋਂ ਉਸ ਦੀ ਉਹ ਨੰਦਨੀ (ਕਾਮਧੇਨੁ) ਗਾਂ ਖੋਹ ਲਈ ਸੀ ਜਿਸਦੀ ਬਰਕਤ ਨਾਲ ਜਮਦਗਨੀ ਨੇ ਸਹਸ੍ਰਬਾਹੂ ਅਤੇ ਉਸ ਦੀ ਸਾਰੀ ਫ਼ੌਜ ਤੇ ਲਾਮ-ਲਸ਼ਕਰ ਦੀ ਬਹੁਤ ਵੱਧੀਆ ਪਕਵਾਨਾਂ ਰਾਹੀਂ ਸੇਵਾ ਕੀਤੀ ਸੀ। ਛਤ੍ਰੀ ਰਾਜਾ ਸਹਸ੍ਰਬਾਹੂ ਐਸੀ ਨਾਯਾਬ ਗਾਂ ਨੂੰ ਆਪਣੇ ਇੱਕ ਗ਼ਰੀਬ

ਜਿਹੇ ਰਿਸ਼ਤੇਦਾਰ ਜਮਦਗਨੀ ਬ੍ਰਾਹਮਣ ਕੋਲ ਹੋਣਾ ਬਰਦਾਸ਼ਤ ਨਹੀਂ ਸੀ ਕਰ ਰਿਹਾ।

ਇਸ ਅਵਤਾਰ ਦੇ ਸਬੰਧ ਵਿੱਚ ਕੁੱਝ ਹੋਰ ਵੀ ਭ੍ਰਾਂਤੀਆਂ ਤੇ ਆਪਾ-ਵਿਰੋਧ (paradoxes) ਮੌਜੂਦ ਹਨ। **ਇਹ ਸਾਕਤੀ ਪੁਸਤਕ ਬਚਿਤ੍ਰ ਨਾਟਕ ਪਰਸਰਾਮ ਨੂੰ ਵਿਸ਼ਨੂੰ ਜੀ ਦਾ ਨੌਂਵਾਂ ਅਵਤਾਰ ਦਸਦਾ ਹੈ ਪਰ ਮਤਸਯ ਪੁਰਾਣ ਇਸਨੂੰ ਛੇਵਾਂ ਤੇ ਭਾਗਵਤ ਪੁਰਾਣ ਇਸਨੂੰ ਸੋਲ੍ਹਵਾਂ ਅਵਤਾਰ ਦਸਦੇ ਹਨ।**

## ਤਫ਼ਸੀਲ, ਤਸ਼ਰੀਹ ਤੇ ਤਸ਼ਖ਼ੀਸ ਸਬੰਧੀ ਟਿੱਪਣੀਆਂ

(੧) ਸਾਕਤੀ ਕਵੀ ਸ਼ਯਾਮ ਨੇ ਭਗਤਾਂ ਦੇ ਉੱਧਾਰ ਲਈ ਰੱਬ ਵਲੋਂ ਅਵਤਾਰ ਧਾਰਨ ਦੀ ਗੱਲ ਤਾਂ ਨਰਸਿੰਘ ਅਵਤਾਰ ਰਾਹੀਂ ਜ਼ਰੂਰ ਪੂਰੀ ਕਰ ਲਈ ਹੈ ਪਰ ਇਸ ਅਵਤਾਰ ਕਥਾ ਵਿੱਚ ਚਾਲੂ ਕਹਾਣੀ ਤੋਂ ਵਖਰਾ ਤੁਰ ਕੇ ਬਿਨਾ ਲੋੜ ਦੇ ਆਪਣੀ ਵਖਰੀ ਹੀ ਚਲਾ ਗਿਆ ਹੈ। **ਪ੍ਰਹਿਲਾਦ ਦਾ ਜਨਮ ਗ਼ੈਰ ਕੁਦਰਤੀ ਢੰਗ ਨਾਲ ਦਿਖਾਉਣ ਵਿੱਚ ਇਸ ਕਵੀ ਦਾ ਅਭੀਪ੍ਰਾਇ ਸਮਝ ਵਿੱਚ ਨਹੀਂ ਆਉਂਦਾ।** ਉਂਞ, ਅਵਤਾਰ ਕਥਾ ਵਿੱਚ ਉਸਦਾ ਇਹ ਲਿਖਣਾ ਬਹੁਤ ਹੀ ਅਜੀਬ ਤੇ ਹਾਸੋ-ਹੀਣਾ ਜਿਹਾ ਹੈ ਕਿ ਇੱਕ ਦਿਨ ਹਰਨਾਕਸ਼ ਸੱਜ-ਧੱਜ ਕੇ ਆਪਣੀ ਰਾਣੀ ਕੋਲ ਪੁੱਜਾ ਪਰ ਉਸਦਾ ਧਰਤੀ ਉੱਤੇ ਹੀ ਸਖੱਲਨ ਹੋ ਗਿਆ - " **ਇਕ ਦਯੋਸ ਗਯੋ ਨਿਜ ਨਾਰਿ ਤੀਰ .........॥ ਤਬ ਭਯੋ ਦੁਸ਼ਟ ਕੋ ਬੀਰਜ ਮੁਕਤ ॥੩॥** (ਪੰਨਾ ੧੬੪)। ਚਾਲੂ ਕਹਾਣੀ ਵਿੱਚ ਕਵੀ ਨੂੰ ਇਥੇ ਇਹ ਲੁੱਚ ਤੁੱਲਣ ਦੀ ਉੱਕੀ ਹੀ ਲੋੜ ਨਹੀਂ ਸੀ।

(੨) ਆਮ ਚਾਲੂ ਕਥਾ ਵਿੱਚ ਥੰਮ੍ਹ ਪਾੜ ਕੇ ਨਰਸਿੰਘ ਹਰਨਾਕਸ਼ ਨੂੰ ਖ਼ੁੱਦ ਹੀ ਆਪਣੇ ਨਹੁੰਆਂ ਨਾਲ ਪਾੜ ਕੇ ਮਾਰ ਦਿੰਦਾ ਹੈ ਪਰ ਕਵੀ ਸ਼ਯਾਮ ਨੇ ਇਥੇ ਵੀ ਦੋਹਾਂ ਦੇ **ਆਪਸੀ ਦ੍ਵੰਦ੍ਵ ਜੁੱਧ ਤੋਂ ਪਹਿਲੇ ਗ਼ੈਰ-ਕੁਦਰਤੀ ਰੂਪ ਵਿੱਚ ਦੋਹਾਂ ਦੀਆਂ ਹਜ਼ਾਰਾਂ ਹਾਥੀਆਂ, ਘੋੜਿਆਂ ਨਾਲ ਸੁਸੱਜਿਤ ਫ਼ੌਜਾਂ ਦਾ ਬੇਲੋੜਵਾਂ ਪਰ ਬੜਾ ਭਿਆਨਕ ਜੁੱਧ ਹੋਇਆ ਦੱਸਿਆ ਹੈ** ਜਿਸ ਨਾਲ ਬ੍ਰਹਮਾ ਜੀ ਕੰਬਣ ਲਗ ਗਏ ਸਨ ਤੇ ਸ਼ਿਵ ਜੀ ਦੀ ਸਮਾਧੀ ਭੰਗ ਹੋ ਗਈ ਸੀ।

(੩) **ਸ਼ਿਵ ਪੁਰਾਣ** ਆਦਿਕ ਗ੍ਰੰਥਾਂ ਦੀ ਗਾਥਾ ਅਨੁਸਾਰ ਤਾਂ ਵਿਸ਼ਨੂੰ ਜੀ ਦੇ ਇਸ ਨਰਸਿੰਘ ਅਵਤਾਰ ਦਾ ਕ੍ਰੋਧ ਉਤਰਨ ਵਿੱਚ ਨਹੀਂ ਸੀ ਆ ਰਿਹਾ ਤੇ ਉਹ ਕਿਸੇ ਤੋਂ ਵੀ ਕਾਬੂ ਨਾ ਆਉਣ ਕਾਰਨ ਸ਼ਿਵ ਜੀ ਨੇ ਬਹੁਤ ਜੁਗਤ ਨਾਲ ਉਸ ਨੂੰ ਆਪਣੀ ਮਜ਼ਬੂਤ ਚੁੰਞ, ਖਤਰਨਾਕ ਦੰਦਾਂ ਤੇ

ਖੂੰਖਾਰ ਨਾਖੂਨਾਂ ਨਾਲ ਪਹਿਲਾਂ ਆਕਾਸ਼ ਵਲ ਉਡਾ ਕੇ ਫ਼ਿਰ ਧਰਤੀ ਤੇ ਪਟਕਾ ਕੇ ਜਗ੍ਹਾ ਤੇ ਲਿਆਂਦਾ ਸੀ। **ਕੀ ਇਹੋ ਹੀ ਰੱਬੀ ਅਵਤਾਰ ਦੇ ਲੱਛਣ ਹਨ?**

(੪) ਅਠਵੇਂ ਅਵਤਾਰ ਬਾਵਨ ਨੇ ਤਾਂ ਹੱਦ ਹੀ ਮੁਕਾ ਦਿੱਤੀ ਹੈ। ਜਦ ਦੈਂਤ ਵੀ ਬ੍ਰਾਹਮਣਾਂ ਦੁਆਰਾ ਪ੍ਰਚਾਰੇ ਜੱਗ-ਹਵਨ ਆਦਿਕ ਕਰਨ ਲੱਗ ਗਏ ਸਨ ਤਾਂ ਦੇਵਾਂ ਨੂੰ ਦੈਂਤਾਂ ਨਾਲ ਵਿਅਰਥ ਹੀ ਵੈਰ ਕਰਨਾ ਬੰਦ ਕਰ ਦੇਣਾ ਚਾਹੀਦਾ ਸੀ। ਵਿਸ਼ਨੂੰ ਜੀ ਤੇ ਦੇਵਾਂ ਦੇ ਤਤਕਾਲੀ ਮੂਰਖ ਟੋਲੇ ਨਾਲੋਂ ਤਾਂ ਅਜ ਦੀ ਆਰ.ਐਸ.ਐਸ. ਵਾਲੀ ਫ਼ਿਰਕੂ ਲੀਡਰਸ਼ਿਪ ਹੀ ਜ਼ਿਆਦਾ ਸਿਆਣੀ ਹੈ ਜੋ ਸਿੱਖਾਂ ਨਾਲੋਂ ਟੁਟ ਕੇ ਹਵਨ-ਜੱਗ ਅਤੇ ਹੋਰ ਬ੍ਰਾਹਮਣੀ ਕਰਮ-ਕਾਂਡ ਅਪਨਾਉਣ ਵਾਲੇ ਨਾਮਧਾਰੀਆਂ ਨੂੰ ਵਡਿਆਉਂਦੇ ਹੀ ਨਹੀਂ ਥਕਦੇ ਤੇ ਉਹਨਾਂ ਨੂੰ ਪੂਰੀ ਤਰ੍ਹਾਂ ਗਲ ਲਾਉਂਦੇ ਹਨ ਕਿਉਂਕਿ ਉਹਨਾਂ ਨੂੰ ਪੂਰਾ ਯਕੀਨ ਹੈ ਕਿ "ਬਾਣੀ ਗੁਰੂ" ਦਾ ਤਿਆਗ ਕਰਨ ਵਾਲੇ, ਚੰਡੀ ਜਾਂ ਦੁਰਗਾ ਦੇਵੀ ਦੇ ਪਾਠਾਂ ਦਾ ਪ੍ਰਚਾਰ ਕਰਨ ਵਾਲੇ, ਸੁੱਚ-ਭਿਟ ਆਦਿਕ ਅਨੇਕਾਂ ਹਿੰਦੂ ਕਰਮ ਕਾਂਡਾਂ ਦਾ ਪ੍ਰਚਾਰ ਕਰਨ ਵਾਲੇ ਅਤੇ ਦੇਹਧਾਰੀ ਗੁਰੂ ਥਾਪ-ਥਾਪ ਕੇ ਟਿੰਡ ਵਿੱਚ ਕਾਨਾ ਫਸਾ ਕੇ ਫੁਟ ਪਾਉਣ ਵਾਲੇ ਸੰਪ੍ਰਦਾਇ ਉਹਨਾਂ ਦੇ ਕੰਮ ਆਉਣੇ ਹੀ ਆਉਣੇ ਹਨ। ਇਸ ਦੇ ਉੱਲਟ **ਦੇਵਾਂ ਨੇ ਦੈਂਤਾਂ ਦਾ ਵਿਰੋਧ ਹੀ ਜਾਰੀ ਨਹੀਂ ਰਖਿਆ, ਬਲਕਿ ਵਿਸ਼ਨੂੰ ਜੀ ਨੂੰ ਵੀ ਪੁੱਠੇ ਪਾਸੇ ਲਾ ਕੇ ਉਹਨਾਂ ਤੋਂ ਧਰਮ ਦੀ ਥਾਂ ਅਧਰਮ ਦੀ ਸੰਸਥਾਪਨਾ ਕਰਵਾਈ।**

(੫) ਕਹਾਣੀ ਅਨੁਸਾਰ ਤਾਂ ਬਾਲੀ ਮਾੜਾ ਬੰਦਾ ਨਹੀਂ ਸੀ। ਬਚਨ ਦਾ ਬਲੀ ਸੀ। ਸ਼ੁਕਰਾਚਾਰੀਆ ਵਲੋਂ **ਬਾਵਨ ਅਵਤਾਰ ਦੀ ਅਸਲੀਅਤ ਖੁਲ੍ਹ ਜਾਣ ਪਿਛੋਂ ਵੀ ਉਸਨੇ ਆਪਣਾ ਬਚਨ ਪੂਰਾ ਕੀਤਾ ਸੀ।**

(੬) ਵਿਸ਼ਨੂੰ ਦੇ ਇਸ ਅਵਤਾਰ ਬਾਵਨ ਨੇ ਧੋਖਾ, ਫ਼ਰੇਬ ਅਤੇ ਮਕਰ ਦੀ ਇੰਤਹਾ ਕਰਦਿਆਂ ਅਵਤਾਰ ਵਾਲੀ ਸਾਰੀ ਕਾਰਵਾਈ ਪਾਈ ਹੈ ਜਿਸ ਵਿੱਚ ਧਰਮ ਦੀ ਸੰਸਥਾਪਨਾ ਦਾ ਨਾਮੋ ਨਿਸ਼ਾਨ ਨਹੀਂ ਸੀ ਅਤੇ ਜੋ ਪੁਕਾਰ-ਪੁਕਾਰ ਕੇ **ਉਸਨੂੰ ਅਧਰਮ ਅਤੇ ਧੋਖੇ ਦਾ ਪੱਖ ਪੂਰਾ ਕਰਨ ਵਾਲਾ ਸਾਬਤ ਕਰਦੀ ਹੈ।**

(੭) ਵਿਸ਼ਨੂੰ ਜੀ ਦੇ ਨੌਵੇਂ ਅਵਤਾਰ ਪਰਸਰਾਮ ਜੀ ਦੀਆਂ ਜੀਵਨ ਘਟਨਾਵਾਂ ਅੱਡ-ਅੱਡ ਬ੍ਰਾਹਮਣ ਗ੍ਰੰਥਾਂ ਤੇ ਪੁਰਾਣਾਂ ਵਿੱਚ ਅੱਡ-ਅੱਡ ਕਿਸਮ ਦੀਆਂ ਲਿਖੀਆਂ ਮਿਲਦੀਆਂ ਹਨ ਤੇ ਆਪਾ-ਵਿਰੋਧਾਂ ਨਾਲ ਵੀ ਭਰੀਆਂ ਪਈਆਂ ਸਨ।

ਸਾਕਤ ਕਵੀ ਸ਼ਯਾਮ ਨੇ ਪਰਸਰਾਮ ਅਵਤਾਰ ਦੀ ਚਰਚਾ ਸਮੇਂ ਇਹ ਦਸਿਆ ਹੈ ਕਿ **ਛਤ੍ਰੀ ਰਾਜਿਆਂ ਨੇ ਸਾਰੀ ਧਰਤੀ ਨੂੰ ਜਿੱਤ ਕੇ ਕਬਜ਼ਾ ਕਰ ਲਿਆ ਹੋਇਆ ਸੀ। ਬ੍ਰਾਹਮਣਾਂ ਨੂੰ ਜੱਗਾਂ ਵਿੱਚ ਬਲੀ ਦੇਣ**

**ਲਈ ਜਾਨਵਰ ਨਹੀਂ ਸੀ ਮਿਲ ਰਹੇ।** ਉਹ ਇਕੱਠੇ ਹੋ ਕੇ ਸਾਰੀ ਦਸ਼ਾ ਸਮਝਾਉਣ ਲਈ ਦੇਵਰਾਜ ਇੰਦ੍ਰ ਕੋਲ ਗਏ। ਉਹ ਵੀ ਅਗੋਂ ਛਤ੍ਰੀਆਂ ਦੇ ਵਤੀਰੇ ਤੋਂ ਔਖਾ ਹੋਇਆ ਪਿਆ ਸੀ। ਸਭ ਰਲ ਕੇ ਖੀਰ ਸਮੁੰਦਰ ਵਿਖੇ ਪੁੱਜੇ ਅਰ ਕਾਲ ਜੀ ਅਤੇ ਵਿਸ਼ਨੂੰ ਜੀ ਨੂੰ ਮਿਲੇ।

(੮) ਪੁਰਾਣਾਂ ਨੇ ਇਹ ਵੀ ਲਿਖਿਆ ਹੈ ਕਿ ਦੈਂਤਾਂ ਨੇ ਛਤ੍ਰੀਆਂ ਦਾ ਰੂਪ ਧਾਰ ਲਿਆ ਸੀ ਅਤੇ ਸਾਕਤੀ ਇੱਸ਼ਟ, ਕਾਲ ਨੇ ਵਿਸ਼ਨੂੰ ਨੂੰ ਜਮਦਗਨੀ ਰਿਸ਼ੀ ਦੇ ਘਰ ਪੁੱਜ ਕੇ ਪਰਸਰਾਮ ਰੂਪ ਵਿੱਚ ਅਵਤਾਰ ਲੈ ਕੇ ਛਤ੍ਰੀ ਰਾਜੇ ਮਾਰਨ ਦੀ ਹਦਾਇਤ ਕਰ ਦਿੱਤੀ। ਦੂਜੇ ਪਾਸੇ ਜਿਵੇਂ ਉਪਰ ਦਸਿਆ ਜਾ ਚੁੱਕਾ ਹੈ ਕਿ ਛਤ੍ਰੀ ਰਾਜੇ ਸਹਸ੍ਰਬਾਹੂ ਨੇ ਆਪਣੇ ਸਾਂਢੂ ਜਮਦਗਨੀ ਬ੍ਰਾਹਮਣ ਕੋਲੋਂ ਕਾਮਧੇਨ ਗਾਂ ਖੋਹਣ ਦਾ ਜਤਨ ਕੀਤਾ ਅਤੇ ਨਾ ਮਿਲਣ ਦੀ ਹਾਲਤ ਵਿੱਚ ਜਮਦਗਨੀ ਬ੍ਰਾਹਮਣ ਨੂੰ ਮਾਰ ਦਿੱਤਾ।

ਪਰਸਰਾਮ ਨੂੰ ਘਰ ਪੁੱਜ ਕੇ ਆਪਣੀ ਮਾਤਾ ਤੋਂ ਰਾਜੇ ਸਹਸ੍ਰਬਾਹੂ ਵਲੋਂ ਜੋ ਜਮਦਗਨੀ ਦਾ ਸਾਂਢੂ ਵੀ ਸੀ, ਆਪਣੇ ਪਿਤਾ ਦੇ ਕਤਲ ਬਾਰੇ ਪਤਾ ਚਲਿਆ। ਪਰਸਰਾਮ ਨੇ ਆਪਣੀ ਮਾਤਾ ਨੂੰ 21 ਵਾਰ ਤਿਹਥੜ ਵਿਰਲਾਪ ਕਰਦਿਆਂ ਦੇਖ ਕੇ ਪ੍ਰਣ ਕੀਤਾ ਸੀ ਕਿ ਉਹ 21 ਵਾਰੀ ਸਾਰੀ ਧਰਤੀ ਤੋਂ ਛਤ੍ਰੀਆਂ ਦਾ ਸਮੂਲ ਨਾਸ ਕਰੇਗਾ। ਕਿਹਾ ਜਾਂਦਾ ਹੈ ਕਿ ਉਸਨੇ ਆਪਣੇ ਕੁਹਾੜੇ ਨਾਲ ਧਰਤੀ ਦੇ ਸਾਰੇ ਛਤ੍ਰੀ ਮਾਰ ਦਿੱਤੇ।

(੯) ਵਿਸ਼ਨੂੰ ਜੀ ਦਾ ਇਹ ਪਰਸਰਾਮ ਅਵਤਾਰ ਬਹੁਤ ਕ੍ਰੋਧੀ ਦੇ ਰੂਪ ਵਿੱਚ ਹੀ ਚਿਤ੍ਰਿਆ ਗਿਆ ਹੈ। ਉਸਨੇ ਬਦਲੇ ਦੀ ਭਾਵਨਾ ਨਾਲ ਛਤ੍ਰੀਆਂ ਦੇ ਸਮੂਹਕ ਕਤਲ ਕਰ ਕੇ ਉਹਨਾਂ ਨੂੰ ਮੁਕਾਇਆ ਸੀ। ਇਸ ਭ੍ਰਾਂਤੀ ਨੂੰ ਕੋਈ ਵੀ ਪੁਰਾਣ ਜਾਂ ਬ੍ਰਾਹਮਣ ਲਿਖਾਰੀ ਦੂਰ ਨਹੀਂ ਕਰ ਸਕਿਆ ਕਿ ਸਮੂਲ ਨਾਸ ਕਰ ਦੇਣ ਪਿਛੋਂ ਛਤ੍ਰੀ ਬਾਰ-ਬਾਰ ਫ਼ਿਰ ਕਿਵੇਂ ਪੈਦਾ ਹੋ ਜਾਂਦੇ ਰਹੇ ਹਨ।

(੧੦) ਇਹ ਵੀ ਬੜੀ ਵਿਡੰਬਨਾ ਹੈ ਕਿ ਪਰਸਰਾਮ ਤੇ ਰਾਮਚੰਦ੍ਰ ਨਾਮ ਦੇ ਵਿਸ਼ਨੂੰ ਦੇ ਦੋ ਅਵਤਾਰ ਸਮਕਾਲੀ ਸਨ। "ਇਕੋ ਸਮੇਂ ਵਿਸ਼ਨੂੰ ਜੀ ਦੋ ਥਾਵਾਂ ਤੇ ਕਿਵੇਂ ਜਨਮ ਲੈਣ ਵਿੱਚ ਕਾਮਯਾਬ ਹੋਏ ਸਨ ?" - ਸਮਝ ਵਿੱਚ ਆ ਸਕਣ ਵਾਲੀ ਚੀਜ਼ ਨਹੀਂ।

## (੯)

# ਬ੍ਰਹਮਾ, ਰੁਦ੍ਰ, ਜਲੰਧਰ, ਵਿਸ਼ਨੂੰ[1], ਵਿਸ਼ਨੂੰ[2]

### (੧੦ਵੇਂ ਤੋਂ ੧੪ਵੇਂ ਅਵਤਾਰ ਤਕ)

### ੧੦. ਬ੍ਰਹਮਾ ਅਵਤਾਰ (ਪੰਨਾ ੧੭੨)

ਇਸ ਚਾਰ ਮੂੰਹ ਵਾਲੇ ਬ੍ਰਹਮਾ ਦੇ ਅਵਤਾਰ ਦੇ ਵੇਰਵੇ ਵਿੱਚ ਇਹ ਦਸਿਆ ਗਿਆ ਹੈ ਕਿ ਜਦ ਕਦੀ ਵੀ ਧਰਤੀ ਉਤੇ ਵੇਦ ਮੱਤ ਵਿੱਚ ਗਿਰਾਵਟ ਆਈ ਤਦੋਂ-ਤਦੋਂ ਵਿਸ਼ਨੂੰ ਬ੍ਰਹਮਾ ਰੂਪ ਵਿੱਚ ਅਵਤਾਰ ਲੈਂਦਾ ਰਿਹਾ ਹੈ ਤੇ ਪਾਪਾਂ ਨੂੰ ਖ਼ਤਮ ਕਰਦਾ ਤੇ ਵੇਦ ਮੱਤ ਪ੍ਰਚਲਿਤ ਕਰਦਾ ਰਿਹਾ ਹੈ। ਬ੍ਰਹਮਾ ਅਵਤਾਰ ਦੇ ਅੱਧੇ ਪੰਨੇ ਦੇ ਬਿਆਨ ਵਿੱਚ ਇਹ ਵੀ ਕਹਿ ਦਿੱਤਾ ਗਿਆ ਹੈ ਕਿ ਬ੍ਰਹਮੇ ਤੇ ਵਿਸ਼ਨੂੰ ਵਿੱਚ ਕੋਈ ਫ਼ਰਕ ਨਹੀਂ ਸਮਝਣਾ ਚਾਹੀਦਾ।

### ੧੧. ਰੁਦ੍ਰ (ਸ਼ਿਵ ਅਵਤਾਰ) (ਪੰਨਾ ੧੭੨ ਤੋਂ ੧੭੯)

ਵਿਸ਼ਨੂੰ ਜੀ ਦੇ ਇਸ ਗਿਆਰਵੇਂ ਅਵਤਾਰ ਦੇ ਵੇਰਵੇ ਭੀ ਬਹੁਤ ਬੇਕਾਇਦਾ, ਬੇਦਸਤੂਰੇ ਤੇ ਬੇਤਰਤੀਬੇ (Anomalous) ਜਿਹੇ ਹਨ ਜੋ ਪੰਨਾ ੧੭੨ ਤੋਂ ੧੭੯ ਤਕ ਦੇ ੫੦ ਬੰਦਾਂ ਵਿੱਚ ਬੱਧੇ ਹੋਏ ਹਨ।

ਇਸ ਗਿਆਰਵੇਂ ਕਾਂਡ ਵਿੱਚ ਦਸਿਆ ਗਿਆ ਹੈ ਕਿ ਲੋਕਾਂ ਵਲੋਂ ਯੋਗ ਮੱਤ ਦੇ ਨਿਯਮ ਛੱਡ ਦਿੱਤੇ ਜਾਣ ਕਾਰਨ ਧਰਤੀ 'ਤੇ ਪਾਪਾਂ ਦਾ ਭਾਰ ਵੱਧ ਗਿਆ ਅਤੇ ਧਰਤੀ ਨੂੰ ਗਾਂ ਦਾ ਰੂਪ ਧਾਰ ਕੇ ਖੀਰ ਸਮੁੰਦਰ ਵਿਖੇ ਪੁੱਜਣਾ ਪਿਆ । ਸਾਕਤੀ ਇੱਸ਼ਟ, ਕਾਲ ਨੇ ਵਿਸ਼ਨੂੰ ਜੀ ਨੂੰ ਆਪਣੇ ਕੋਲ ਬੁਲਾ ਕੇ ਰੁਦ੍ਰ ਦੇ ਰੂਪ ਵਿੱਚ ਗਿਆਰਵਾਂ ਅਵਤਾਰ ਧਾਰਨ ਕਰਕੇ ਕਾਰਵਾਈ ਪਾਉਣ ਦੀ ਆਗਿਆ ਦਿੱਤੀ। ਸ਼ਿਵ ਨੇ ਜੁੱਧ ਲੜੇ ਅਤੇ ਸੁਅੰਬਰ ਤੋਂ ਪਰਬਤ-ਪੁੱਤਰੀ, ਪਾਰਬਤੀ ਪ੍ਰਾਪਤ ਕੀਤੀ ਸੀ। ਅੰਧਕ ਦੈਂਤ ਨਾਲ ਜੁੱਧ ਕੀਤਾ ਅਤੇ ਅਨੇਕਾਂ ਦੈਂਤਾਂ ਦਾ ਹਨਨ ਕੀਤਾ। ਸ਼ਿਵ ਨੇ ਕਾਮਦੇਵ ਨੂੰ ਜ਼ਲੀਲ ਕਰਕੇ ਸ਼ਰੀਰ-ਵਿਹੂਣਾ ਕਰ ਦਿੱਤਾ ਸੀ।

ਤ੍ਰਿਪੁਰ ਨਾਮ ਦੇ ਇਕ ਅਲੌਕਿਕ ਅਸਥਾਨ ਨੂੰ ਮਯ ਤੇ ਹੋਰ ਰਾਖਸ਼ਾਂ ਨੇ ਰਲ ਕੇ ਤਾਰਕ ਦੈਂਤ ਦੇ ਤਿੰਨ ਲੜਕਿਆਂ ਤਰਕਾਕਸ਼, ਕਮਲਾਕਸ਼ ਅਤੇ

ਵਿਦਯੁਨਮਾਲੀ ਲਈ ਸਿਰਜਿਆ ਸੀ। ਤ੍ਰਿਪੁਰ ਵਿੱਚ ਇੱਕ ਵੱਡਾ ਦੈਂਤ ਤ੍ਰਿਪਰ ਹੋਇਆ ਜਿਸਨੇ ਚੌਦਾਂ ਲੋਕਾਂ ਨੂੰ ਜਿੱਤ ਲਿਆ ਹੋਇਆ ਸੀ। ਉਸਨੂੰ ਕੇਵਲ ਉਹ ਵਿਅਕਤੀ ਮਾਰ ਸਕਦਾ ਸੀ ਜੋ ਕੇਵਲ ਇੱਕ ਤੀਰ ਮਾਤਰ ਨਾਲ ਤਿੰਨਾਂ ਹੀ ਪੁਰਾਂ ਨੂੰ ਵਿੰਨ੍ਹ ਸਕੇ। ਸ਼ਿਵ ਨੇ ਤਿੰਨੋਂ ਪੁਰ ਤੇ ਫ਼ੇਰ ਉਸ ਕਰੜੇ ਦੈਂਤ ਨੂੰ ਵੀ ਵਿੰਨ੍ਹ ਦਿੱਤਾ। ਆਸਮਾਨ ਤੋਂ ਦੇਵਾਂ ਨੇ ਫੁੱਲਾਂ ਦੀ ਵਰਖਾ ਕੀਤੀ।

ਕਈ ਸਾਲਾਂ ਪਿਛੋਂ ਕਸ਼ਜਪ ਦੇ ਪੁਤੱਰ ਅੰਧਕ ਦੈਂਤ ਨੇ ਜੋ ਇੱਕ ਹਜ਼ਾਰ ਸਿਰਾਂ ਅਤੇ ਦੋ ਦੋ ਹਜ਼ਾਰ ਭੁਜਾਵਾਂ ਤੇ ਨੇਤਰਾਂ ਵਾਲਾ ਸੀ, ਉਠ ਕੇ ਊਧਮ ਮਚਾਇਆ। ਸ਼ਿਵ ਜੀ ਆਪਣੇ ਬੱਲਦ ਤੇ ਬੈਠੇ ਅਤੇ ਉਹਨਾਂ ਨੇ ਆਪਣੇ ਤ੍ਰਿਸੂਲ ਨਾਲ ਉਸ ਉੱਤੇ ਕਹਿਰੀ ਹਮਲਾ ਕਰ ਦਿਤਾ। ਮਹਾਂ ਭਿਆਨਕ ਤੇ ਨਾ ਸਮਝ ਸਕਿਆ ਜਾਣ ਵਾਲਾ ਜੰਗ ਦੇਵਾਂ ਤੇ ਦੈਂਤਾਂ ਵਿਚ ਹੋਇਆ। ਦਾਨਵ ਸੈਨਾ ਮਾਰੀ ਗਈ ਤੇ ਫ਼ਿਰ ਅੰਧਕ ਤੇ ਸ਼ਿਵ ਵਿੱਚ ਦ੍ਵੰਦ੍ਵ ਜੁੱਧ ਸ਼ੁਰੂ ਹੋਇਆ। ਭਿਆਨਕ ਜੰਗ ਪਿਛੋਂ ਸ਼ਿਵ ਨੇ ਤ੍ਰਿਸੂਲ ਨਾਲ ਅੰਧਕ ਦਾ ਸਿਰ ਵੱਢ ਦਿੱਤਾ।

ਰੁਦ੍ਰ ਨੇ ਸ਼ਿਵ ਦਾ ਹੋਰ ਭਿਆਨਕ ਰੂਪ ਧਾਰਿਆ। ਬਹੁਤ ਹੀ ਬੇ-ਹੱਦ ਗਰਮੀ ਪੈਦਾ ਹੋਈ। ਜਗਤ ਦੇ ਜੀਵ ਸੜਨ ਮਰਨ ਲਗੇ। ਰੁਦ੍ਰ ਨੇ ਆਪਣੇ ਹਥਿਆਰ ਤੇ ਕ੍ਰੋਧ ਸਮੁੰਦਰ ਵਿੱਚ ਸੁਟ ਦਿੱਤੇ। ਸ਼ਿਵ ਜੀ ਦਾ ਉਹ ਕ੍ਰੋਧ ਜਲੰਧਰ ਦੈਂਤ ਦਾ ਰੂਪ ਧਾਰ ਗਿਆ। ਇਸ ਬਲਵਾਨ ਦੈਂਤ ਨੇ ਕੁਬੇਰ ਦੇ ਖਜ਼ਾਨੇ ਨੂੰ ਲੁਟ ਲਿਆ, ਬ੍ਰਹਮੇ ਦੀਆਂ ਚੀਕਾਂ ਕਢਵਾ ਦਿੱਤੀਆਂ, ਇੰਦ੍ਰ ਦੇ ਸਿਰ ਤੇ ਝੁਲਣ ਵਾਲਾ ਛਤ੍ਰ ਖੋਹ ਕੇ ਆਪਣੇ ਸਿਰ 'ਤੇ ਕਰ ਲਿਆ। ਉਸਨੇ ਸੂਰਜ ਚੰਨ੍ਹ ਸਮੇਤ ਨੌਂ ਦੇ ਨੌਂ ਗ੍ਰਹਿ ਆਪਣੇ ਕਬਜ਼ੇ ਵਿੱਚ ਲੈ ਲਏ। ਸਭ ਦੇਵਤੇ ਬੇ-ਹਾਲ ਹੋ ਕੇ ਕੈਲਾਸ਼ ਪਰਬਤ ਤੇ ਸ਼ਿਵ ਜੀ ਦੀ ਪੂਜਾ ਅਤੇ ਪ੍ਰਾਰਥਨਾ ਲਈ ਪੁੱਜੇ।

ਇਸ ਕਾਂਡ ਵਿੱਚ ਸ਼ਜਾਮ ਨੇ ਦਕਸ਼ ਪ੍ਰਜਾਪਤੀ ਨਾਮ ਦੇ ਇੱਕ ਵੱਧੀਆ ਰਾਜੇ ਦਾ ਹੋਣਾ ਵੀ ਲਿਖਿਆ ਹੈ ਜਿਸ ਦੇ ਘਰ ਦਸ ਹਜ਼ਾਰ ਕੰਨਿਆਵਾਂ ਪੈਦਾ ਹੋਈਆਂ ਦੱਸੀਆਂ ਗਈਆਂ ਹਨ। ਦਕਸ਼ ਨੇ ਸੁਅੰਬਰ ਰਚਿਆ ਜਿਸ ਰਾਹੀਂ ਕਸ਼ਿਅਪ ਨੂੰ ਚਾਰ ਅਤੇ ਚੰਦ੍ਰਮਾ ਨੂੰ ਕਈ ਕੰਨਿਆਵਾਂ ਹੱਥ ਲਗੀਆਂ। ਜਿਸ ਕੰਨਿਆਂ ਨੂੰ ਜੋ ਰਾਜਾ ਪਸੰਦ ਆਇਆ, ਦੇਸ਼ ਵਿਦੇਸ਼ ਵਿੱਚੋਂ ਆਏ ਉਸੇ ਰਾਜੇ ਨਾਲ ਉਸ ਨੇ ਸੰਜੋਗ ਕਰ ਲਿਆ।

*(ਗਰੁੜ ਪੁਰਾਣ ਅਨੁਸਾਰ ਦੱਕਸ਼ ਬ੍ਰਹਮਾ ਦੇ ਸੱਜੇ ਅੰਗੂਠੇ ਵਿੱਚੋਂ ਨਿਕਲਿਆ ਸੀ ਤੇ ਖੱਬੇ ਵਿੱਚੋਂ ਉਸ ਦੀ ਇਸਤ੍ਰੀ ਪੈਦਾ ਹੋਈ ਸੀ। ਭਾਗਵਤ ਅਨੁਸਾਰ ਦੱਕਸ਼ ਬ੍ਰਹਮਾ ਦਾ ਮਾਨਸ ਪੁੱਤਰ ਹੈ। ਵਿਸ਼ਨੂੰ ਪੁਰਾਣ ਅਤੇ ਮਹਾਂ ਭਾਰਤ ਅਨੁਸਾਰ ਦੱਕਸ਼ ਪ੍ਰਜਾਪਤਿ ਪ੍ਰਚੇਤਾ ਦਾ ਪੁੱਤਰ ਸੀ। ਇਹਨਾਂ ਪੁਰਾਣਾਂ*

*ਅਨੁਸਾਰ ਧਰਮਰਾਜ ਨੂੰ ੧੦, ਕਸ਼ਿਅਪ ਨੂੰ ੧੩, ਚੰਦ੍ਰਮਾ ਨੂੰ ੧੭ ਤੇ ਸ਼ਿਵ ਨੂੰ ਇੱਕ ਸਤੀ ਮਿਲੀ ਸੀ।* ਸਤੀ ਜਾਂ ਗਿਰਿਜਾ ਨੂੰ ਰੁਦ੍ਰ ਵਿਆਹ ਕੇ ਘਰ ਲੈ ਆਇਆ ਪਰ ਇੱਥੇ ਹੋਰ ਪੰਗਾ ਪੈ ਗਿਆ। ਦੱਕਸ਼ ਨੇ ਹੋਰ ਧੀਆਂ ਤੇ ਜਵਾਈਆਂ ਨੂੰ ਨਿਓਤਾ ਦਿੱਤਾ ਪਰ ਗਿਰਿਜਾ ਤੇ ਰੁਦ੍ਰ ਨੂੰ ਨਾ ਬੁਲਾਇਆ। ਨਾਰਦ ਨੇ ਗਿਰਿਜਾ ਨੂੰ ਉਸਦੇ ਪਿਤਾ ਵਿਰੁੱਧ ਜਾ ਭੜਕਾਇਆ। ਆਪਣੀ ਤੇ ਆਪਣੇ ਪਤੀ ਰੁਦ੍ਰ ਦੀ ਹਤਕ ਨੂੰ ਨਾ ਸਹਾਰਦਿਆਂ ਗਿਰਿਜਾ ਨੇ ਜੱਗ ਦੀ ਅਗਨੀ ਦੇ ਕੁੰਡ ਵਿੱਚ ਛਾਲ ਮਾਰ ਕੇ ਆਤਮ-ਹੱਤਿਆ ਕਰ ਲਈ। ਉੱਧਰ ਨਾਰਦ ਰੁਦ੍ਰ ਨੂੰ ਭੜਕਾਉਣ ਦੇ ਇਰਾਦੇ ਨਾਲ ਰੁਦ੍ਰ ਨੂੰ ਇਸ ਦੁਰਘਟਨਾ ਬਾਰੇ ਵੀ ਦਸ ਆਇਆ। ਰੁਦ੍ਰ ਨੇ ਜਦ ਆਪਣੀ ਪਤਨੀ ਦੀ ਸੜੀ ਲਾਸ਼ ਦੇਖੀ ਤਾਂ ਉਸ ਨੇ ਕ੍ਰੋਧ ਵਿਚ ਆ ਕੇ ਮਹਾਂ ਭਿਆਨਕ ਪ੍ਰਲੈ ਮਚਾ ਦਿੱਤੀ ਤੇ ਸਭ ਰਾਜੇ ਮਾਰ ਦਿੱਤੇ ਤੇ ਕੇਵਲ ਇੱਕਲਾ ਦੱਕਸ਼ ਹੀ ਬਚਿਆ ਤੇ ਅੰਤ ਉਸ ਦਾ ਸੀਸ ਵੀ ਤ੍ਰਿਸੂਲ ਨਾਲ ਲਾਹ ਦਿੱਤਾ ਗਿਆ।

ਬਚੇ ਹੋਏ ਸਭ ਜੀਵ ਤੇ ਰਾਜੇ ਗੱਲ ਵਿੱਚ ਪਲੂ ਪਾ ਕੇ ਰੁਦ੍ਰ ਪਾਸ ਪੁਜੇ ਤੇ ਉਸਦੀ ਖੁਸ਼ਾਮਦ ਕਰਦਿਆਂ ਕਹਿਣ ਲਗੇ ਕਿ ਅਸੀਂ ਆਪ ਦੇ ਤਪ ਤੇਜ ਨੂੰ ਪਹਿਲਾਂ ਪਛਾਣ ਨਹੀਂ ਸੀ ਸਕੇ। ਹੁਣ ਸਾਡੇ ਤੇ ਤੁਸੀਂ ਕਿਰਪਾ ਕਰ ਦਿਓ। ਰੁਦ੍ਰ ਇਹ ਸੁਣ ਕੇ ਕਿਰਪਾ ਦੇ ਘਰ ਵਿੱਚ ਆ ਗਿਆ ਤੇ ਉਸਨੇ ਦੱਕਸ਼ ਪ੍ਰਜਾਪਤਿ ਦੇ ਸਿਰ ਤੇ ਬਕਰੇ ਦਾ ਸਿਰ ਫ਼ਿਟ ਕਰ ਦਿੱਤਾ। ਸ਼ਿਵ ਨਾਰ-ਹੀਣ ਹੋ ਜਾਣ ਕਾਰਨ ਖਿੱਝ ਖਿੱਝ ਕੇ ਬਹੁਤ ਦੁਖੀ ਹੋਏ ਅਤੇ ਕ੍ਰੋਧ-ਵਸ ਹੋ ਕੇ ਉਹਨਾਂ ਨੇ ਕਾਮ ਨੂੰ ਸਾੜ ਕੇ ਸਰੀਰ-ਹੀਣ ਕਰ ਦਿਤਾ।

## ੧੨. ਜਲੰਧਰ ਅਵਤਾਰ (ਪੰਨਾ ੧੭੯ ਤੋਂ ੧੮੧)

ਵਿਸ਼ਨੂੰ ਦੇ ਇਸ ਬਾਰ੍ਹਵੇਂ ਅਵਤਾਰ ਦੀ ਇਹ ਬੇ-ਸਿਰਪੈਰ ਗਾਥਾ ਸ਼ਜ਼ਾਮ ਕਵੀ ਨੇ ੨੮ ਬੰਦਾਂ ਵਿੱਚ ਮੁਕਾਈ ਹੈ। ਰੁਦ੍ਰ ਦੀ ਇਸਤ੍ਰੀ ਸੜ੍ਹ ਮਰਨ ਉਪਰੰਤ ਕੈਲਾਸ਼ ਪਰਬਤ ਤੇ ਜਾ ਉਤਰੀ ਅਤੇ ਬਚਪਨਾ ਖਤਮ ਹੋਣ ਤੇ ਜਵਾਨ ਹੋ ਜਾਣ ਪੁਰ ਆਪਣੇ ਪਤੀ ਨਾਲ ਇੱਕ-ਮਿਕ ਹੋਣ ਲਗੀ। ਰੁਦ੍ਰ ਨੇ ਉਸ ਨੂੰ ਵਿਆਹ ਕੇ ਆਪਣੇ ਘਰ ਲੈ ਆਂਦਾ।

ਉਧਰ ਦੂਜੇ ਪਾਸੇ ਵਿਸ਼ਨੂੰ ਤੇ ਉਸ ਦੀ ਇਸਤ੍ਰੀ ਵਿੱਚ ਕੁੱਝ ਹੋਰ ਭਾਣਾ ਵਾਪਰ ਗਿਆ। ਉਸਦੀ ਇਸਤ੍ਰੀ ਨੇ ਵੈਂਗਣਾਂ ਦੀ ਸਬਜ਼ੀ ਪਕਾਈ। ਵਿਸ਼ਨੂੰ ਤੋਂ ਪਹਿਲਾਂ ਉਥੇ ਨਾਰਦ ਆ ਧਮਕਿਆ। ਭੁੱਖ ਲਗੀ ਹੋਣ ਕਾਰਣ ਨਾਰਦ ਨੇ ਉਸ ਤੋਂ ਇਹ ਸਬਜ਼ੀ ਮੰਗ ਲਈ। ਇਸ ਸਬਜ਼ੀ ਨੂੰ ਉਹ ਵਿਸ਼ਨੂੰ ਤੋਂ ਪਹਿਲਾਂ ਨਾਰਦ ਨੂੰ ਦੇਣ ਲਈ ਤਿਆਰ ਨ ਹੋਈ ਜਿਸ ਕਾਰਨ ਉਹ ਨਾਰਦ

ਦੇ ਸਰਾਪ ਦੀ ਅਧਿਕਾਰੀ ਬਣੀ। ਉਸ ਨੇ ਉਸ ਨੂੰ ਸਰਾਪ ਦਿੱਤਾ ਕਿ ਉਹ ਦੂਜਾ ਸਰੀਰ ਧਾਰ ਕੇ ਜਲੰਧਰ ਦੈਂਤ ਦੇ ਘਰ ਵਸੇ। ਜਦ ਵਿਸ਼ਨੂੰ ਜੀ ਘਰ ਪੁੱਜੇ ਤਾਂ ਸ੍ਰਾਪ ਬਾਰੇ ਜਾਣ ਕੇ ਬਹੁਤ ਦੁਖੀ ਹੋਏ। ਉਹਨਾਂ ਨੇ ਆਪਣੀ ਇਸਤ੍ਰੀ ਦੀ ਛਾਇਆ ਤੋਂ ਨਕਲੀ ਬਿੰਦ੍ਰਾ ਜਲੰਧਰ ਦੈਂਤ ਦੀ ਇਸਤ੍ਰੀ ਸਾਜ ਲੈਣ ਦੀ ਯੋਜਨਾ ਬਣਾਈ ਜਿਸਨੇ ਧੂਮ੍ਰਕੇਸ਼ ਨਾਮ ਦੇ ਦੈਂਤ ਦੇ ਘਰ ਜਨਮ ਲਿਆ ਤੇ ਜਲੰਧਰ ਦੈਂਤ ਦੀ ਪਤਨੀ ਬਣੀ ਪਰ ਉਥੇ ਵੀ ਜਲ ਵਿੱਚ ਕਮਲ ਦੀ ਤਰ੍ਹਾਂ ਨਿਰਲੇਪ ਤੇ ਪਵਿੱਤਰ ਰਹੀ।

ਜਲੰਧਰ ਦੈਂਤ ਨੂੰ ਜਦ ਰੁਦ੍ਰ ਦੀ ਨਾਰ ਦੀ ਖ਼ੂਬਸੂਰਤੀ ਬਾਰੇ ਪਤਾ ਚਲਿਆ ਤਾਂ ਉਸ ਉਤੇ ਮੋਹਿਤ ਹੋ ਕੇ ਰੁਦ੍ਰ (ਸ਼ਿਵ ਜੀ) ਨੂੰ ਨੋਟਿਸ ਦੇ ਦਿਤਾ:-

**ਕੈ ਸ਼ਿਵ ਨਾਰ ਸ਼ੀਂਗਾਰ ਕੈ ਮਮ ਗ੍ਰਿਹ ਦੇਹੁ ਪਠਾਇ।**
**ਨਾਤਰ ਸ਼ੂਲ ਸੰਭਾਲ ਕੈ ਸੰਗ ਲਰਹੁ ਮੁਰ ਆਇ।**

(ਚੌਬੀਸ ਅਵਤਾਰ ਪੰਨਾ ੧੭੯)

**"ਮਾਂਗੀ ਨਾਰ ਨ ਦੀਨੀ ਰੁਦ੍ਰਾ"** ਦੀ ਗਲ ਬਣ ਜਾਣ ਤੇ ਜਲੰਧਰ ਦੈਂਤ ਔਖਾ ਹੋਇਆ। ਉਸਨੇ ਨੇ ਆਪਣੀ ਹਾਥੀਆਂ, ਘੋੜਿਆਂ, ਰੱਥਾਂ ਤੇ ਪੈਦਲ ਸੂਰਮਿਆਂ ਦੀਆਂ ਫ਼ੌਜਾਂ ਲੈ ਕੇ ਰੁਦ੍ਰ ਤੇ ਹਮਲਾ ਕਰ ਦਿੱਤਾ। ਰੁਦ੍ਰ ਦੀ ਬੇਨਤੀ ਉੱਤੇ "ਕਾਲ ਪੁਰਖ" ਨੇ ਪ੍ਰਸੰਨ ਹੋ ਕੇ ਉਸ ਦੀ ਮਦਦ ਕਰਨ ਲਈ ਵਿਸ਼ਨੂੰ ਨੂੰ ਜਲੰਧਰ ਦੇ ਰੂਪ ਵਿੱਚ ਬਾਰ੍ਹਵਾਂ ਅਵਤਾਰ ਧਾਰਨ ਕਰਕੇ ਜਲੰਧਰ ਦੈਂਤ ਦਾ ਸਰਬ-ਨਾਸ਼ ਕਰਨ ਦੀ ਹਦਾਇਤ ਦਿੱਤੀ।

ਜਲੰਧਰ ਦੈਂਤ ਤੇ ਰੁਦ੍ਰ ਦਾ ਭਿਆਨਕ ਜੰਗ ਛਿੜ ਗਿਆ। ਨਾਲ ਹੀ ਵਿਸ਼ਨੂੰ ਦੇ ੧੨ ਵੇਂ ਅਵਤਾਰ ਜਲੰਧਰ ਨੇ ਵੀ ਜਲੰਧਰ ਦੈਂਤ ਨੂੰ ਮਾਰਨ ਦੀ ਯੋਜਨਾ ਸ਼ੁਰੂ ਕਰ ਦਿੱਤੀ। ਦੈਂਤ ਦੀ ਬੇਸ਼ੁਮਾਰ ਸੈਨਾ ਮਾਰੀ ਜਾਣ ਲਗੀ। ਦੋਹਾਂ ਧਿਰਾਂ ਤੋਂ ਤੀਰਾਂ ਦੀ ਬਰਖਾ ਹੋਣ ਲਗੀ। ਧਰਤੀ ਤੇ ਆਕਾਸ਼ ਦੇ ਦਰਮਿਆਨ ਤੀਰ ਹੀ ਤੀਰ ਚਲਣ ਲਗੇ। ਰਣ ਦੇ ਦ੍ਰਿਸ਼ ਨੂੰ ਦੇਖ ਕੇ ਹਰੀ ਨੇ ਦੈਂਤ ਦਲ ਵਿੱਚ ਛਾਲ ਮਾਰ ਕੇ ਭਿਆਨਕ ਹਮਲਾ ਕੀਤਾ। ਤ੍ਰਿਸੂਲ ਦੇ ਡਰਾਉਣੇ ਹਮਲੇ ਨਾਲ ਦੇਵ ਦਾਨਵ ਸਭ ਡਰ ਕੇ ਕੰਬਣ ਲਗੇ।

ਕਾਲ ਪੁਰਖ ਦੀ ਆਗਿਆ ਹੋਣ ਤੇ ਵਿਸ਼ਨੂੰ ਨੇ ਜਲੰਧਰ ਦੇ ਰੂਪ ਵਿੱਚ ਅਵਤਾਰ ਲਿਆ ਸੀ। ਉਹ ਜਲੰਧਰ ਦੈਂਤ ਦੀ ਤਰ੍ਹਾਂ ਸਜ ਧਜ ਗਿਆ ਤੇ ਬ੍ਰਿੰਦਾ ਕੋਲ ਜਾ ਪੁੱਜਾ। ਉਸ ਨੇ ਉਸੇ ਰੂਪ ਵਿੱਚ ਬ੍ਰਿੰਦਾ ਦਾ ਸਤ ਭੰਗ ਕਰ ਦਿੱਤਾ। ਬ੍ਰਿੰਦਾ ਨੂੰ ਵਰ ਸੀ ਕਿ ਉਸਦਾ ਪਤੀ ਜਲੰਧਰ ਜੰਗ ਵਿੱਚ ਕੇਵਲ ਤਦ ਹੀ ਹਾਰੇਗਾ ਜਦ ਕੋਈ ਬ੍ਰਿੰਦਾ ਦਾ ਸਤ ਭੰਗ ਕਰ ਲਏਗਾ।

ਜਲੰਧਰ ਦੈਂਤ ਨੂੰ ਸਰੀਰ ਤਿਆਗਣਾ ਪਿਆ ਤੇ ਬ੍ਰਿੰਦਾ ਵਿਸ਼ਨੂੰ ਦੀ ਨਾਰ ਬਣ ਗਈ ਸੀ। ਭਗਵਾਨ ਦੀ ਇਸ ਯੋਜਨਾ ਬਿਨਾ ਜਲੰਧਰ ਦੈਂਤ ਮਰਨਾ ਹੀ ਨਹੀਂ ਸੀ। ਵਿਸ਼ਨੂੰ ਨੇ ਇਸੇ ਕਾਰਨ ਜਲੰਧਰ ਦਾ ਅਵਤਾਰ ਧਾਰਨ ਕੀਤਾ ਸੀ। **ਬ੍ਰਿੰਦਾ ਦਾ ਸਤਿ ਕੀ ਭੰਗ ਹੋਇਆ, ਜਲੰਧਰ ਦੈਂਤ ਦੀ ਸਾਰੀ ਸੈਨਾ ਹੀ ਮਾਰੀ ਕਟੀ ਗਈ। ਜਲੰਧਰ ਦੈਂਤ ਦਾ ਹੰਕਾਰ ਚੂਰ ਹੋਰ ਗਿਆ।** ਤੇਜ-ਹੀਣ ਹੋਣ ਪੁਰ ਵੀ ਉਸਨੇ ਜੁੱਧ ਜਾਰੀ ਰਖਿਆ। ਪਰ ਉਸ ਦੇ ਸਭ ਸਾਥੀ ਭੱਜ ਗਏ। ਹੁਣ ਦੋਹਾਂ ਵਿੱਚ ਜੁੱਧ ਹੋਇਆ। ਉਥੇ ਤੀਸਰਾ ਕੋਈ ਵੀ ਨਹੀਂ ਸੀ। ਕਿਤਨੇ ਮਹੀਨਿਆਂ ਤਕ ਇਹ ਜੁੱਧ ਹੁੰਦਾ ਰਿਹਾ। ਜਲੰਧਰ ਸ਼ਿਵ ਉਤੇ ਕ੍ਰੋਧਵਾਨ ਹੋਇਆ। **ਸ਼ਿਵ (ਰੁਦ੍ਰ) ਨੇ ਸ਼ਕਤੀ ਦਾ ਧਿਆਨ ਧਾਰਿਆ। ਸ਼ਕਤੀ ਨੇ ਕਿਰਪਾ ਕੀਤੀ ਅਤੇ ਰੁਦ੍ਰ ਬਹੁਤ ਬਲਵਾਨ ਹੋ ਗਿਆ, ਤੇ ਜੁੱਧ ਲਈ ਅੜ ਬੈਠਾ।** ਉਧਰ ਵਿਸ਼ਨੂੰ ਨੇ ਉਸਦੀ ਨਾਰ ਦਾ ਸਤਿ ਭੰਗ ਕੀਤਾ ਅਤੇ ਰੁਦ੍ਰ ਇਧਰ ਦੇਵੀ ਵਲੋਂ ਦਿੱਤੇ ਗਏ ਤੇਜ ਨਾਲ ਤਪ ਗਿਆ। ਵਿਸ਼ਨੂੰ ਜੀ ਨੇ "ਤਾਂ ਤੇ ਹੋਤ ਪਵਿਤ੍ਰ ਸਰੀਰਾ ਜਸ ਨਾਏ ਜਲ ਗੰਗ ਗਹੀਰਾ।" ਇਥੇ ਕਵੀ ਅਨੁਸਾਰ ਉਸ ਨੇ ਥੋੜੇ ਵਿੱਚ ਹੀ ਅਧੂਰੇ ਰੂਪ ਅੰਦਰ ਗੱਲ ਮੁਕਾਈ ਹੈ :-

**ਤਾ ਤੇ ਕਥਾ ਥੋਰ ਹੀ ਭਾਸੀ।**
**ਨਿਰਖ ਭੂਲਿ ਕਬਿ ਕਰੋ ਨ ਹਾਸੀ।।੨॥** (ਪੰਨਾ ੧੯੧)

**ਪਦਮ ਪੁਰਾਣ** ਮੁਤਾਬਿਕ ਜਲੰਧਰ ਦੈਂਤ ਸ਼ਿਵ ਦੀ ਕ੍ਰੋਧ ਅਗਨੀ ਪ੍ਰਗਟ ਕਰਨ ਸਮੇਂ ਸਮੁੰਦਰ ਵਿੱਚ ਪੈਦਾ ਹੋਇਆ ਸੀ। ਵੱਡਾ ਹੋ ਕੇ ਉਸ ਨੇ ਬਹੁਤ ਦੇਵਤਿਆਂ ਨੂੰ ਮਾਰਿਆ ਤੇ ਇੰਦ੍ਰ ਲੋਕ ਤਕ ਨੂੰ ਜਿੱਤਿਆ। ਇੰਦ੍ਰ ਦੀ ਮਦਦ ਲਈ ਸ਼ਿਵ ਵੀ ਆ ਗਿਆ ਸੀ।

ਜਲੰਧਰ ਦੈਂਤ ਦੀ ਇਸਤ੍ਰੀ ਬ੍ਰਿੰਦਾ ਪਤੀ ਦੀ ਜਿੱਤ ਲਈ ਬ੍ਰਹਮੇ ਦੀ ਪੂਜਾ ਕਰਨ ਬੈਠੀ। ਵਿਸ਼ਨੂੰ ਜੀ ਨੇ ਧੋਖੇ ਨਾਲ ਜਲੰਧਰ ਦੈਂਤ ਦਾ ਰੂਪ ਧਾਰ ਕੇ ਸਤ ਭੰਗ ਕੀਤਾ ਸੀ ਕਿਉਂਕਿ ਉਸ ਬਾਰੇ ਇਹ ਸ੍ਰਾਪ ਸੀ ਕਿ ਉਸ ਦਾ ਸਤ ਭੰਗ ਹੋਣ ਤੇ ਹੀ ਉਸਦੇ ਪਤੀ ਦੀ ਹਾਰ ਹੋਏਗੀ ਤੇ ਉਹ ਮਾਰਿਆ ਜਾਏਗਾ। ਇਸ ਪੁਰਾਣ ਵਿੱਚ ਬ੍ਰਿੰਦਾ ਵਲੋਂ ਪਤੀ ਨਾਲ ਸਤੀ ਹੋ ਜਾਣਾ ਹੀ ਲਿਖਿਆ ਹੈ ।

## ੧੩. ਵਿਸ਼ਨੂੰ[੧] ਅਵਤਾਰ (ਪੰਨਾ ੧੯੧ ਤੋਂ ੧੯੨)

ਆਮ ਤੋਰ ਤੇ ਵਿਸ਼ਨੂੰ ਜੀ ਵਲੋਂ ਹੀ ਚੌਵੀ ਜਾਂ ਦਸ ਅਵਤਾਰ ਲੈ ਕੇ ਸਮੇਂ ਸਮੇਂ ਧਰਤੀ ਤੇ ਪਾਪਾਂ ਦਾ ਭਾਰ ਹੌਲਾ ਕਰਨ ਦੀ ਗੱਲ ਹੀ ਅਵਤਾਰ ਕਥਾਵਾਂ ਵਿੱਚ ਅਤੇ ਪੁਰਾਣਾਂ ਵਿੱਚ ਚਲਦੀ ਹੈ ਅਤੇ ਲਗਪਗ ਐਸੀ ਚਰਚਾ ਹੀ ਇਸ ਸਾਕਤੀ ਗ੍ਰੰਥ ਬਚਿਤ੍ਰ ਨਾਟਕ ਦੇ ਅਵਤਾਰਾਂ ਦੇ ਵੇਰਵਿਆਂ ਵਿੱਚ ਹੈ, ਪਰ ਚੂੰਕਿ ਸਜਾਮ ਕਵੀ ਬਹੁਤ ਹੀ ਅਲਪ-ਬੁਧੀ ਦਾ ਸੁਆਮੀ ਅਤੇ (highly confused) ਵਿਅਕਤੀ ਹੈ, ਇਸ ਲਈ ਉਹ ਕਿਸੇ ਇਕ ਗੱਲ ਜਾਂ ਸਿਧਾਂਤ ਤੇ ਨਹੀਂ ਟਿਕਦਾ ਅਤੇ ਸਮੇਂ ਸਮੇਂ ਪਲਟਾ ਮਾਰ ਕੇ ਆਪਾ-ਵਿਰੋਧੀ ਗੱਲਾਂ ਕਰ ਜਾਂਦਾ ਹੈ ਜਿਹਨਾਂ ਤੋਂ ਉਸਦੇ ਮੂਲਕ ( basic) ਵਿਚਾਰ ਵੀ ਉਘੜ ਆਉਂਦੇ ਹਨ। **ਚੌਵੀ ਅਵਤਾਰਾਂ ਵਾਲੀ ਰਚਨਾ ਵਿੱਚ ਉਸਨੇ ੧੭ ਵਾਰੀ ਮੰਗਲ ਦੇ ਤੌਰ ਤੇ "ਸ੍ਰੀ ਭਗਉਤੀ ਜੀ ਸਹਾਇ" ਲਿਖ ਕੇ ਅਤੇ ੩-੪ ਵਾਰ ਦੇਵੀ ਜੂ ਕੀ ਉਸਤਤਿ ਦੇ ਕਈ ਬੰਦ ਲਿਖ ਕੇ ਆਪਣੇ ਆਪ ਨੂੰ ਦੇਵੀ ਭਗਤ ਸਪੱਸ਼ਟ ਕਰ ਦਿੱਤਾ ਹੈ।** ਇਸ ਤੋਂ ਇਲਾਵਾ ਉਸਦੀ ਰਚਨਾ ਵਿੱਚ ਅਕਾਲ ਪੁਰਖ ਪਰਮੇਸ਼ਰ ਦੀ ਜਗ੍ਹਾ ਥਾਂ ਥਾਂ ਤੇ " **ਕਾਲ ਪੁਰਖ** " "**ਕਾਲ**" "**ਮਹਾਂਕਾਲ**" ਦਾ ਜ਼ਿੱਕਰ ਬੜੀ ਸ਼ਿੱਦਤ ਨਾਲ ਕੀਤਾ ਜਾਂਦਾ ਹੈ ਅਤੇ ਉਸ ਦੇ ਸਰੂਪ ਨਿਰੂਪਣ ਸਮੇਂ ਉਸ ਨੂੰ ਕਈ ਵਾਰ ਗੁਰਮਤਿ ਵਲੋਂ ਦਰਸਾਏ ਨਿਰਾਕਾਰ ਤੇ ਸਤਿ ਸਦੀਵੀ ਪਰਮੇਸ਼ਰ ਦੇ ਨੇੜੇ ਤੇੜੇ ਲੈ ਕੇ ਖੜਾ ਕਰਨ ਦਾ ਕੁਜਤਨ ਕੀਤਾ ਜਾਂਦਾ ਹੈ; ਭਾਵੇਂ ਬਹੁਤੀ ਥਾਈਂ ਇਹ ਸਾਕਤਮਤੀਆ ਕਵੀ ਇਸ ਨੂੰ ਆਪਣੇ ਇੱਸ਼ਟ ਦੇਵ ਦੇ ਤੌਰ ਤੇ ਪੂਰੇ ਭਿਆਨਕ ਤੇ ਸਾਕਾਰ ਰੂਪ ਵਿੱਚ ਚਿਤਰਦਾ ਹੈ ਜੋ ਉਂਝ ਨਿਰਾ ਕਾਲਪਨਿਕ ਸਰੂਪ ਹੀ ਹੁੰਦਾ ਹੈ।

ਇਥੇ ਤੇਰ੍ਹਵੇਂ ਅਵਤਾਰ ਦੇ ਆਰੰਭ ਵਿੱਚ ਵੀ "ਵਿਕਲ ਹੋਤੁ ਧਰਨ ਜਬ ਭਾਰਾ - ਕਾਲ ਪੁਰਖ ਪਹਿ ਕਰਤ ਪੁਕਾਰਾ"। ਸਭ ਦੇਵਾਂ ਦੀ ਅੰਸ਼ ( ?) ਲੈ ਕੇ ਵਿਸ਼ਨੂੰ ਜੀ ਨੇ ਤੇਰ੍ਹਵਾਂ ਅਵਤਾਰ ਵਿਸ਼ਨੂੰ ਰੂਪ ਵਿੱਚ ਲੈ ਲਿਆ, ਕਹਿ ਕੇ ਬੇ ਹੱਦ ਹਾਸੋ-ਹੀਣੀ (ludicrous) ਤੇ ਮੂਰਖਤਾ ਭਰੀ ਵਿਚਾਰ ਪੇਸ਼ ਕੀਤੀ ਹੈ। ਫ਼ਿਰ ਅਠ-ਨੌ ਪੰਗਤੀਆਂ ਵਿੱਚ ਹੀ **ਇਸ ਅਵਤਾਰ ਦਾ ਕੋਈ ਵੇਰਵਾ ਦੇਣ ਤੋਂ ਬਿਨਾ ਹੀ "ਆਨ ਹਰਤ ਪ੍ਰਿਥਵੀ ਕੋ ਭਾਰਾ " ਅਤੇ "ਭੂਮਿ ਭਾਰ ਹਰਿ ਸੁਰਪੁਰ ਜਾਈ " ਕਹਿ ਕੇ ਇਸ ਦਾ ਸਿਆਪਾ ਹੀ ਮੁਕਾ ਦਿੱਤਾ ਹੈ।**

## ੧੪. ਵਿਸ਼ਨੂੰ[੨] ਅਵਤਾਰ (ਬਿਨਾ ਨਾਮ ਦੇ) (ਪੰਨਾ ੧੮੨)

ਸਾਕਤ ਕਵੀ ਸਜਾਮ ਚੌਵੀ ਅਵਤਾਰਾਂ ਦੇ ਵੇਰਵੇ ਦਿੰਦਿਆਂ ਆਪਣੇ

ਭੰਗ, ਅਫ਼ੀਮ ਆਦਿ ਨਸ਼ਿਆਂ ਦੇ ਪ੍ਰਭਾਵ ਕਾਰਨ ਇਥੇ ਚੌਦਵੇਂ ਅਵਤਾਰ ਤੇ ਆ ਕੇ ਦਿਮਾਗੀ ਤੌਰ ਤੇ ਬਹੁਤ ਹੀ ਹਿਲ ਗਿਆ ਪ੍ਰਤੀਤ ਹੁੰਦਾ ਹੈ। ਵਿਸ਼ਨੂੰ ਦੇ ਇਸ ਚੌਦਵੇਂ ਅਵਤਾਰ ਦੇ ਵੇਰਵੇ ਤੇ ਕਰਤਬ ਇਸ ਕਵੀ ਨੇ ਕੀ ਦੇਣੇ ਹਨ, ਇਹ ਆਪਣੀ ਇਸ ਦਸ-ਬਾਰਾਂ ਪੰਗਤੀਆਂ ਵਿੱਚ ਮੁਕਾਈ ਰਚਨਾ ਵਿਚ ਸਿਰਲੇਖ ਅਤੇ ਅੰਤਿਕਾ ਵਿੱਚ ਵੀ ਵਿਸ਼ਨੂੰ ਅਵਤਾਰ ਦਾ ਨਾਮ ਨਹੀਂ ਦੇ ਸਕਿਆ। ਯਭਲੀਆਂ ਮਾਰਦਿਆਂ ਉਹ ਕੁੱਝ ਪੰਗਤੀਆਂ ਜ਼ਰੂਰ ਐਸੀਆਂ ਲਿਖ ਗਿਆ ਹੈ ਜਿਹਨਾਂ ਨੂੰ ਪੜ੍ਹ ਸੁਣ ਕੇ ਕੁੱਝ ਸਿੱਖ ਗੁਮਰਾਹ ਹੋ ਕੇ ਇਸ ਰਚਨਾ ਨੂੰ ਇੱਕ ਸਿਖ ਵਿਚਾਰਧਾਰਾ ਵਾਲੇ ਕਵੀ ਦੀ ਰਚਨਾ ਮੰਨਣ ਦਾ ਭੁਲੇਖਾ ਖਾ ਸਕਦੇ ਹਨ।

ਵਿਸ਼ਨੂੰ ਜੀ ਧਰਤੀ ਤੇ ਪਾਪਾਂ ਦਾ ਭਾਰ ਹਰਨ ਲਈ ਅਵਤਾਰ ਲੈ ਲੈ ਕੇ ਖੀਰ ਸਮੁੰਦਰ ਵਿੱਚ ਥਕੇ ਟੁਟੇ ਹੋਏ ਸੱਪ ਦੀ ਛਾਂ ਹੇਠ ਲੰਮੇ ਪਏ ਸਨ। ਵਿਸ਼ਨੂੰ ਜੀ ਨੇ ਇਹ ਅਵਤਾਰ **ਮਧੁ ਤੇ ਕੀਟਭ ਨਾਮ ਦੇ ਦੈਂਤਾਂ ਦੇ ਉਪਦ੍ਰਵਾਂ ਤੋਂ ਦੇਵਾਂ ਨੂੰ ਬਚਾਉਣ ਲਈ ਹੀ ਧਾਰਨ ਕੀਤਾ ਸੀ ਅਤੇ ਮਧੁ ਕੀਟਭ ਨੂੰ ਮਾਰਨ ਲਈ ੫੦੦੦ ਸਾਲ ਤਕ ਦਾ ਲੰਬਾ ਸਮਾਂ ਇਸ ਅਵਤਾਰ ਦਾ ਲਗ ਗਿਆ ਸੀ।** ਉਂਝ ਇਹਨਾਂ ਦੋਨਾਂ ਦੈਂਤਾਂ ਦਾ ਜਨਮ ਵਿਸ਼ਨੂੰ ਜੀ ਦੇ ਕੰਨਾਂ ਵਿੱਚੋਂ ਨਿਕਲੀ ਮੈਲ ਤੋਂ ਵੀ ਹੋਇਆ ਦੱਸਿਆ ਗਿਆ ਹੈ ਤੇ ਨਿਰਮਤ ਹੁੰਦਿਆਂ ਹੀ ਸੂਰਜ ਤੇ ਚੰਨ੍ਹ ਦੀ ਤਰ੍ਹਾਂ ਰੋਸ਼ਨੀ ਦੇਣ ਲਗ ਗਏ ਸਨ। **ਪੁਰਾਣਾਂ ਵਿੱਚੋਂ ਜਾਂ ਇਸੇ ਸਾਕਤ ਮਤੀ ਪੁਸਤਕ ਬਚਿਤ੍ਰ ਨਾਟਕ ਦੇ ਹੋਰ ਅਧਿਆਵਾਂ ਨੂੰ ਵਾਚੀਏ ਤਾਂ ਇਹ ਦੋਵੇਂ ਦੈਂਤ ਚੰਡੀ ਦੇਵੀ ਨੇ ਮਾਰੇ ਸਨ, ਵਿਸ਼ਨੂੰ ਨੇ ਨਹੀਂ। ਇਹ ਕਹਾਣੀ ਮਾਰਕੰਡੇਯ ਵਿੱਚ ਵੀ ਦਿੱਤੀ ਹੋਈ ਹੈ।**

## ਤਫ਼ਸੀਲ, ਤਸ਼ਰੀਹ ਤੇ ਤਸ਼ਖ਼ੀਸ ਸਬੰਧੀ ਟਿੱਪਣੀਆਂ

(੧) ਬਚਿਤ੍ਰ ਨਾਟਕ ਦੇ ਚੌਵੀ ਅਵਤਾਰਾਂ ਵਿੱਚੋਂ ਵਿਸ਼ਨੂੰ ਦੇ ਦਸਵੇਂ ਅਵਤਾਰ ਨੂੰ ਪੰਨਾ ਨੰਬਰ ੧੭੨ ਦੇ ਅੱਧੇ ਕੁ ਸਫ਼ੇ ਵਿੱਚ ਬੜੇ ਅਜੀਬ ਤਰੀਕੇ ਨਾਲ ਅੰਕਿਤ ਕੀਤਾ ਗਿਆ ਹੈ। ਇੱਕ ਪਾਸੇ ਤਾਂ ਵਿਸ਼ਨੂੰ ਤੇ ਬ੍ਰਹਮਾ ਦੋਨੋਂ ਹੀ ਤ੍ਰੈ-ਮੂਰਤੀ (Trinity) ਦੇ ਮੈਂਬਰ ਹਨ ਤੇ ਦੂਜੇ ਪਾਸੇ ਵਿਸ਼ਨੂੰ ਜੀ ਦਸਵੇਂ ਅਵਤਾਰ ਦੇ ਤੌਰ ਤੇ ਬ੍ਰਹਮੇ ਦੇ ਰੂਪ ਵਿੱਚ ਪੇਸ਼ ਕੀਤੇ ਜਾ ਰਹੇ ਹਨ। ਸ਼ਯਾਮ ਜੈਸੇ ਨਿਰਬੁਧ ਜਾਂ ਅਲਪ-ਬੁੱਧ ਲਿਖਾਰੀ ਪਾਸੋਂ ਐਸੇ ਆਪਾ-ਵਿਰੋਧ (paradoxes) ਰਹਿ ਜਾਣੇ ਸੁਭਾਵਕ ਹਨ।

(੨) ਦਲੀਲ ਦੀ ਦੁਨੀਆਂ ਵਿੱਚ ਇਹ ਵਿਚਾਰ ਬਹੁਤ ਹੀ

ਕਾਲਪਨਿਕ ਤੇ ਨਾ ਸਮਝ ਆਉਣ ਵਾਲਾ ਹੈ ਕਿ ਤ੍ਰੈਮੂਰਤੀ (Trinity) ਦਾ ਇੱਕ ਦੇਵਤਾ ਦੂਜੇ ਦੇਵਤੇ ਦਾ ਅਵਤਾਰ ਕਿਵੇਂ ਧਾਰ ਰਿਹਾ ਹੈ। ਜਿਵੇਂ ਪਿਛਲੇ ਕਾਂਡ ਵਿੱਚ ਵਿਸ਼ਨੂੰ ਜੀ ਨੇ ਬੋਗਸ ਤੌਰ ਤੇ ਬ੍ਰਹਮਾ ਦੇ ਰੂਪ ਵਿੱਚ ਦਸਵਾਂ ਅਵਤਾਰ ਧਾਰਿਆ ਹੈ ਤਿਵੇਂ ਹੀ ਇਸ ਕਾਂਡ ਵਿਚ ਵਿਸ਼ਨੂੰ ਜੀ ਨੇ ਰੁਦ੍ਰ (ਸ਼ਿਵ) ਦੇ ਰੂਪ ਵਿਚ ੧੧ ਵਾਂ ਅਵਤਾਰ ਉਸੇ ਬੋਗਸ ਤੇ ਸਮਝ ਤੋਂ ਪਰੇ ਰਹਿਣ ਵਾਲੇ ਢੰਗ ਨਾਲ ਧਾਰਨ ਕੀਤਾ ਹੈ।

(੩) ਰੁਦ੍ਰ ਨੇ ਅਨੇਕਾਂ ਸੂਰਮਿਆਂ ਤੇ ਰਾਜਿਆਂ ਨੂੰ ਕਾਲ ਪੁਰਖ ਦਾ ਧਿਆਨ ਧਰ ਕੇ ਉਸ ਦੇ ਬਲ ਨਾਲ ਜ਼ਿੰਦਾ ਕਰ ਦਿੱਤਾ ਸੀ। ਰਾਜੇ ਦੀਆਂ ਹੋਰ ਕੁੜੀਆਂ ਤੇ ਜਵਾਈ ਤਾਂ ਉਸ ਵਲੋਂ ਜ਼ਿੰਦਾ ਕਰ ਦਿੱਤੇ ਗਏ ਸਨ ਪਰ ਰੁਦ੍ਰ ਆਪਣੀ ਪਤਨੀ ਨੂੰ ਜ਼ਿੰਦਾ ਨਾ ਕਰ ਸਕਿਆ। ਇਹ ਗੱਲ ਸਾਧਾਰਨ ਸਮਝ ਦੇ ਅਨੁਕੂਲ ਤਾਂ ਨਹੀਂ ਬੈਠਦੀ।

(੪) ਰੁਦ੍ਰ ਅਤੇ ਜਲੰਧਰ ਅਵਤਾਰ ਦੇ ਵੇਰਵੇ ਅਤੇ ਘਟਨਾਵਾਂ ਅਸੰਭਵ ਅਰ ਨਿਰਾਧਾਰ ਕਿਸਮ ਦੀਆਂ ਹਨ। ਇਹਨਾਂ ਦੇ ਕਥਾਨਕ ਸਪੱਸ਼ਟ ਰੂਪ ਵਿੱਚ ਕਾਲਪਨਿਕ ਅਤੇ ਅਣਹੋਣੇ ਹਨ। ਪੰਜ-ਪੰਜ ਹਜ਼ਾਰ ਸਾਲਾਂ ਦੇ ਜੰਗ ਇਹਨਾਂ ਵੇਰਵਿਆਂ ਨੂੰ ਪੂਰੀ ਤਰ੍ਹਾਂ ਝੂਠਾ ਸਾਬਤ ਕਰਦੇ ਹਨ।

(੫) ਰੁਦ੍ਰ ਅਵਤਾਰ ਨੂੰ ਅਤਿ ਦਾ ਕ੍ਰੋਧੀ, ਖੁੰਦਕੀ, ਇਸਤ੍ਰੀ-ਪ੍ਰਸਤ ਅਰ ਖ਼ੁਸ਼ਾਮਦ-ਪਸੰਦ ਦੇ ਰੂਪ ਵਿੱਚ ਚਿਤਰਿਆ ਗਿਆ ਹੈ। ਜਲੰਧਰ ਅਵਤਾਰ ਕੇਵਲ ਧੋਖਾ ਤੇ ਫ਼ਰੇਬ ਹੀ ਨਹੀਂ ਕਰਦਾ, ਜਲੰਧਰ ਦੈਂਤ ਦੀ ਆਚਰਨਸ਼ੀਲ ਇਸਤ੍ਰੀ ਦਾ ਧੋਖੇ ਨਾਲ ਸਤਿ ਭੰਗ ਕਰਦਾ ਹੈ। ਇਹ ਅਵਤਾਰ ਧਰਮ ਦੀ ਸੰਸਥਾਪਨਾ ਦੀ ਥਾਂ ਧਰਮ-ਵਿਰੋਧੀ ਆਚਰਨ ਅਪਨਾਉਂਦੇ ਅਤੇ ਪ੍ਰਚਾਰਦੇ ਪ੍ਰਤੀਤ ਹੋ ਰਹੇ ਹਨ।

(੬) **੧੪ਵੇਂ ਅਵਤਾਰ ਬਾਰੇ ਲਿਖੀ ਤੀਜੀ ਪੰਗਤੀ ਤੋਂ ਪ੍ਰਤੀਤ ਹੁੰਦਾ ਹੈ ਕਿ ਤੇਰ੍ਹਵੇਂ ਦੀ ਤਰ੍ਹਾਂ ਚੌਦਵਾਂ ਅਵਤਾਰ ਵੀ ਵਿਸ਼ਨੂੰ ਜੀ ਦਾ ਹੀ ਹੈ।**

ਇਸ ੧੦-੧੨ ਪੰਗਤੀਆਂ ਦੀ ਰਚਨਾ ਦੇ ਚੌਥੇ ਬੰਦ ਵਿਚ ਕਵੀ ਨੇ ਆਪਣੇ ਨਾਮ ਦੀ ਵੀ ਸਪੱਸ਼ਟ ਘੋਸ਼ਣਾ ਕੀਤੀ ਹੈ ਅਤੇ ਪਹਿਲੇ ਬੰਦ ਵਿੱਚ ਹੀ ਉਸਨੇ ਇਸ ਗੱਲ ਨੂੰ ਲੁਕਾ ਕੇ ਨਹੀਂ ਰਖਿਆ ਕਿ **ਉਸਦਾ ਇੱਸ਼ਟ ਬ੍ਰਹਮਾ, ਵਿਸ਼ਨੂੰ, ਸ਼ਿਵ, ਇੰਦ੍ਰ, ਚੰਦ੍ਰ ਜਾਂ ਸੂਰਜ ਦੇਵਤਾ ਨਹੀਂ, ਬਲਕਿ ਸਾਕਤੀ ਇੱਸ਼ਟ "ਕਾਲ ਪੁਰਖ" ਜਾਂ "ਮਹਾਂਕਾਲ" ਹੈ,** ਯਥਾ:-

**ਕਾਲ ਪੁਰਖ ਕੀ ਦੇਹ ਮੋਂ, ਕੋਟਿਕ ਬਿਸ਼ਨ ਮਹੇਸ਼।**
**ਕੋਟਿ ਇੰਦ੍ਰ ਬ੍ਰਹਮਾ ਕਿਤੇ, ਰਵਿ ਸਸਿ ਕੋਟਿ ਜਲੇਸ਼।੧॥**

**ਮਧੁ ਕੀਟਭ ਕੇ ਬਧ ਨਮਿਤ ਜਾ ਦਿਨ ਜਗਤੁ ਮੁਰਾਰ॥**
**ਸੁ ਕਬਿ ਸਜਾਮ ਤਾ ਕੋ ਕਰੇ ਚੌਦਸਵੋਂ ਅਵਤਾਰ॥੪॥**
**(ਚੌਬੀਸ ਅਵਤਾਰ) (ਪੰਨਾ ੧੯੨)**

# (੧੦) ਅਰਿਹੰਤ, ਮਨੂ, ਧਨੰਤਰ, ਸੂਰਜ ਅਤੇ ਚੰਦ੍ਰ ਅਵਤਾਰ

**(੧੫ਵੇਂ ਤੋਂ ੧੯ਵਾਂ ਅਵਤਾਰ)**

## ੧੫. ਅਰਿਹੰਤ ਦੇਵ (ਪੰਨਾ ੧੯੨ - ੧੯੪)

ਦੈਂਤ ਇੱਕਠੇ ਹੋ ਕੇ ਸੋਚਣ ਲੱਗੇ ਕਿ ਜਦੋਂ-ਜਦੋਂ ਉਹਨਾਂ ਦੀ ਤਰੱਕੀ ਹੁੰਦੀ ਹੈ ਤੇ ਤਪ-ਤੇਜ ਵੱਧਦਾ ਹੈ, ਤਦ-ਤਦ ਵਿਸ਼ਨੂੰ ਅਵਤਾਰ ਲੈ ਕੇ ਉਹਨਾਂ ਦਾ ਨਾਸ ਅਤੇ ਪਤਨ ਕਰਦਾ ਹੈ। ਦੈਂਤਾਂ ਦੇ ਗੁਰੂ ਨੇ ਆਪਣੀ ਅਕਲ ਮੁਜਬ ਦੈਂਤਾਂ ਨੂੰ ਰਾਏ ਦਿੱਤੀ ਕਿ ਤੁਸੀਂ ਵੀ ਦੇਵਾਂ ਦੀ ਤਰ੍ਹਾਂ ਬ੍ਰਾਹਮਣਾਂ ਦੇ ਦਸੇ ਜੱਗ-ਹਵਨ ਅਤੇ ਹੋਰ ਬ੍ਰਾਹਮਣੀ ਕਰਮ-ਕਾਂਡ ਕਰਿਆ ਕਰੋ।

ਜਿਉਂ ਹੀ ਦੈਂਤਾਂ ਵਲੋਂ ਇਹ ਬ੍ਰਾਹਮਣੀ ਰਾਹ ਅਪਨਾਉਣਾ ਸ਼ੁਰੂ ਹੋਇਆ, ਦੇਵਤੇ ਘਬਰਾਏ ਤੇ ਸੋਚਣ ਲਗੇ ਕਿ ਹੁਣ ਦੈਂਤ ਧਰਤੀ ਤੇ ਬਹੁਤ ਹੀ ਛਾ ਜਾਣਗੇ ਤੇ ਉਹਨਾਂ ਦਾ ਜਾਹੋ-ਜਲਾਲ ਵੱਧ ਜਾਏਗਾ। ਦੇਵਾਂ ਦੀ ਮਦਦ ਕਰਨ ਦੇ ਮਨੋਰਥ ਨਾਲ ਸਾਕਤੀ ਇੱਸ਼ਟ, ਕਾਲ ਪੁਰਖ ਨੇ ਵਿਸ਼ਨੂੰ ਨੂੰ ਸਲਾਹ ਦਿੱਤੀ ਕਿ ਉਹ ਅਰਿਹੰਤ ਦੇਵ ਦਾ ਅਵਤਾਰ ਧਾਰ ਕੇ ਦੈਂਤਾਂ ਦਾ ਆਗੂ ਬਣ ਜਾਏ ਤੇ ਸਭ ਦੈਂਤਾਂ ਨੂੰ ਬ੍ਰਾਹਮਣੀ ਮੱਤ ਦੇ ਉੱਲਟ ਚਲਾ ਕੇ ਕੁਰਾਹੇ ਪਾ ਦਏ ਜਿਸ ਨਾਲ ਦੈਂਤ ਕਮਜ਼ੋਰ ਹੋ ਜਾਣਗੇ ਤੇ ਉਹਨਾਂ ਦਾ ਜ਼ਵਾਲ ਆ ਜਾਏਗਾ।

ਅਰਿਹੰਤ ਦੇਵ ਸ੍ਰਾਵਗ ਗੁਰੂ ਦੇ ਤੌਰ ਤੇ ਦੈਂਤਾਂ ਦਾ ਆਗੂ ਬਣ ਗਿਆ। ਉਸਨੇ ਦੈਂਤਾਂ ਦੇ ਹੱਥ ਮੋਚਨੇ ਫੜਾ ਕੇ ਉਹਨਾਂ ਨੂੰ ਕੇਸ-ਹੀਣ ਹੋਣ ਦੀ ਸਿਖਿਆ ਦਿੱਤੀ। ਸ਼ਿੱਖਾ-ਹੀਣ ਦੈਂਤਾਂ ਦੇ ਪੜ੍ਹੇ ਗਏ ਮੰਤ੍ਰ ਤੇ ਕੀਤੇ ਜੱਗ ਨਿਸਫਲ ਜਾਣ ਲਗੇ। ਅਰਿਹੰਤ ਦੇਵ ਨੇ ਜੀਵ-ਹਿੰਸਾ ਵਿਰੁੱਧ ਜ਼ੋਰਦਾਰ ਪ੍ਰਚਾਰ ਕੀਤਾ ਜਿਸਦੇ ਫਲ-ਸਰੂਪ ਜੱਗਾਂ ਵਿੱਚ ਜਾਨਵਰਾਂ ਦੀ ਬਲੀ ਨਹੀਂ ਸੀ ਦਿੱਤੀ ਜਾ ਸਕਦੀ। ਤੀਰਥ ਇਸ਼ਨਾਨਾਂ ਤੇ ਪਾਣੀ ਨਾਲ ਨਹਾਉਣ ਵਿਰੁੱਧ ਪ੍ਰਚਾਰ ਕਰਨ ਨਾਲ ਅਪਵਿਤ੍ਰਤਾ ਹੀ ਅਪਵਿਤ੍ਰਤਾ ਫੈਲ ਗਈ ਜਿਸ ਕਾਰਨ

ਕੀਤੇ ਜਾ ਰਹੇ ਜੱਗ ਤੇ ਰਟੇ ਜਾ ਰਹੇ ਮੰਤ੍ਰ ਫਲ ਦੇਣੋਂ ਹਟ ਗਏ।

***ਭਾਗਵਤ ਪੁਰਾਣ*** *ਵਿੱਚ ਇਸੇ ਅਵਤਾਰ ਨੂੰ ਬੋਧ ਅਵਤਾਰ ਕਰਕੇ ਲਿਖਿਆ ਹੈ, ਜਿਸ ਰਾਹੀਂ ਪਤਾ ਚਲਦਾ ਹੈ ਕਿ ਇਸ ਆਗੂ ਨੇ ਦੈਂਤਾਂ ਵਿੱਚ ਇਹ ਪ੍ਰਚਾਰ ਕੀਤਾ ਕਿ ਸਾਫ਼ ਪਾਣੀ ਨਹੀਂ ਵਰਤਣਾ, ਜੱਗਾਂ ਵਿੱਚ ਬਲੀ ਨਹੀਂ ਦੇਣੀ ਅਤੇ ਗੰਦੇ-ਮੰਦੇ ਕਪੜੇ ਪਾਈ ਰਖਣੇ ਹਨ। ਇਸ ਸਭ ਕਾਸੇ ਨਾਲ ਦੈਂਤਾਂ ਨੇ ਸ੍ਰਾਵਗਾਂ ਦੇ ਮੱਤ ਨੂੰ ਮੰਨਦਿਆਂ ਆਪਣੀ ਤਰੱਕੀ ਦਾ ਰਾਹ ਰੋਕ ਕੇ ਪਤਨ ਜਾਂ ਗਿਰਾਵਟ ਨੂੰ ਜਾ ਗਲੇ ਲਗਾਇਆ।*

ਇਸ ਅਵਤਾਰ ਬਾਰੇ ਲਿਖੇ ਬੰਦ ਨੰ: ੧੭ ਵਿਚ ਇਹ ਦਸਿਆ ਗਿਆ ਹੈ ਕਿ **ਅਰਿਹੰਤ ਦੇਵ ਨੇ ੧੦੦੦੦ ਸਾਲ ਤਕ ਦੈਂਤਾਂ ਵਿੱਚ ਉੱਲਟੇ ਮੱਤ ਦਾ ਪ੍ਰਚਾਰ ਜਾਰੀ ਰੱਖਿਆ** ਜਿਸ ਕਾਰਨ ਦੈਂਤ ਆਪਣੀ ਸਤਿਆ ਅਤੇ ਤਾਕਤ ਗਵਾ ਬੈਠੇ। ਉਂਝ, **ਇਹ ਤੱਥ ਆਪਣੇ ਆਪ ਵਿੱਚ ਇਤਿਹਾਸ-ਵਿਰੁੱਧ, ਪੂਰੀ ਤਰ੍ਹਾਂ ਨਾ ਮੰਨਣ-ਯੋਗ ਅਤੇ ਦਲੀਲ ਤੋਂ ਬੁਰੀ ਤਰ੍ਹਾਂ ਵਿਹੂਣਾ ਹੈ।**

ਰੱਬ ਦੀ ਹੋਂਦ ਤੋਂ ਹੀ ਮੁਨਕਰ ਕਰਨ ਵਾਲਾ ਪ੍ਰਸਿੱਧ ਬੰਦ ਇਸੇ ਅਵਤਾਰ-ਕਥਾ ਵਿੱਚੋਂ ਹੇਠਾਂ ਲਿਖੇ ਅਨੁਸਾਰ ਪੇਸ਼ ਕੀਤਾ ਜਾ ਰਿਹਾ ਹੈ:-

**ਅੰਨ ਅੰਨ ਤੋਂ ਹੋਤ ਜਯੋਂ ਘਾਸ ਘਾਸ ਤੇ ਹੋਇ॥**
**ਤੈਸੇ ਮਨੁਛ ਮਨੁਛ ਤੇ ਅਵਰੁ ਨ ਕਰਤਾ ਕੋਇ॥੧੪॥**

(ਪੰਨਾ ੧੮੩)

## ੧੬. ਮਨੂ ਰਾਜਾ ਅਵਤਾਰ (ਪੰਨਾ ੧੮੪)

ਅੱਠ ਕੁ ਬੰਦਾਂ ਵਾਲੇ ਅੱਧੇ ਸਫ਼ੇ ਮਾਤਰ ਵਿੱਚ ਵਿਸ਼ਨੂੰ ਜੀ ਦਾ ਸੋਲ੍ਹਵਾਂ ਅਵਤਾਰ ਮਨੂੰ ਰਾਜੇ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਵਿਸ਼ਨੂੰ ਨੇ ਅਰਿਹੰਤ ਅਵਤਾਰ ਧਾਰ ਕੇ ਅਤੇ ਦੈਂਤਾਂ ਨੂੰ ਸ੍ਰਾਵਗੀ ਮੱਤ ਵਲ ਲਗਾ ਕੇ ੧੦੦੦੦ ਸਾਲ ਤਕ ਕਮਜ਼ੋਰ ਕੀਤਾ ਸੀ ਪਰ ਦੇਵਾਂ ਬਾਰੇ ਉਥੇ ਐਸੀ ਕੋਈ ਗੱਲ ਨਹੀਂ ਲਿਖੀ ਗਈ ਸੀ।

ਸੋਲ੍ਹਵੇਂ ਅਧਿਆਇ ਵਿੱਚ ਕਾਂਟਾ ਹੀ ਬਦਲ ਦਿੱਤਾ ਗਿਆ ਹੈ। ਇਹ ਮੰਨ ਲਿਆ ਗਿਆ ਹੈ ਕਿ ਕਿਆ ਦੈਂਤ ਤੇ ਕਿਆ ਦੇਵਤੇ ਸਭ ਲੋਕਾਈ ਅਰਿਹੰਤ ਦੇਵ ਵਲੋਂ ਪ੍ਰਚਾਰੇ ਗਏ ਸ੍ਰਾਵਗ ਮੱਤ ਦੇ ਰਗੇਦੇ ਵਿੱਚ ਆ ਗਈ ਸੀ ਅਤੇ ਸਭ ਨੇ ਬ੍ਰਾਹਮਣੀ ਮੱਤ ਦੇ ਕਰਮ-ਕਾਂਡੀ ਨਿਯਮਾਂ ਤੇ ਰਹੁ-ਰੀਤਾਂ ਨੂੰ ਛੱਡ ਕੇ ਬ੍ਰਾਹਮਣੀ ਧਰਮ ਦੇ ਉੱਲਟ ਚਲਣਾ ਸ਼ੁਰੂ ਕਰ ਦਿੱਤਾ ਸੀ। ਇਸ ਸਭ ਕਾਸੇ ਕਾਰਨ ਸਾਕਤ ਕਵੀ ਸ਼ਜਾਮ ਦੇ ਇੱਸ਼ਟ ਕਾਲ ਪੁਰਖ ਨੇ ਵਿਸ਼ਨੂੰ ਜੀ ਨੂੰ ਹੁਕਮ ਦਿੱਤਾ ਕਿ ਹੁਣ ਉਹ ਰਾਜੇ ਮਨੂ ਦੇ ਰੂਪ ਵਿੱਚ ਸੋਲ੍ਹਵਾਂ ਅਵਤਾਰ ਲੈ

ਲੈਣ ਅਤੇ ਮਨੂ ਸਿਮ੍ਰਿਤੀ ਰਚ ਕੇ ਉਸਦੇ ਨਿਯਮਾਂ ਨੂੰ ਵੀ ਸਖ਼ਤੀ ਨਾਲ ਸਭ ਉੱਤੇ ਲਾਗੂ ਕਰ ਦੇਣ। ਅਗੋਂ ਤੋਂ ਜੋ ਵੀ ਜੀਵ ਇਸ ਸਿਮ੍ਰਿਤੀ ਦੇ ਨਿਯਮਾਂ ਜਾਂ ਕਾਨੂੰਨਾਂ ਨੂੰ ਨਾ ਮੰਨੇ, ਉਸਨੂੰ ਸਜ਼ਾ ਦਿੱਤੀ ਜਾਏ ਤੇ ਰਾਜੇ ਵਲੋਂ ਉਸਨੂੰ ਮਾਰ ਤਕ ਦਿੱਤਾ ਜਾਏ। ਇੱਕ ਤਾਂ ਮਨੂ ਸਿਮ੍ਰਿਤੀ ਲਿਖਕੇ ਬ੍ਰਾਹਮਣੀ ਨਿਯਮ ਤੇ ਰਹੁ-ਰੀਤਾਂ ਦਾ ਨਿਰਨਾ ਕਰ ਦਿੱਤਾ ਗਿਆ ਅਤੇ ਦੂਜੇ, ਇਹਨਾਂ ਨੂੰ ਸਭ ਪਰਜਾ ਲਈ ਲਾਜ਼ਮੀ ਕਰਾਰ ਦਿੱਤਾ ਗਿਆ। ਕੁੱਝ ਲੋਕਾਂ ਨੇ ਮਨੂ ਸਿਮ੍ਰਿਤੀ ਦੇ ਪ੍ਰਚਾਰ ਕਾਰਨ ਤੇ ਕੁੱਝ ਲੋਕਾਂ ਨੇ ਰਾਜ-ਬਲ ਦੇ ਡਰ ਕਾਰਨ ਸ੍ਰਾਵਗੀ ਮੱਤ ਛੱਡ ਕੇ ਮਨੂੰ ਸਿਮ੍ਰਿਤੀ ਦੁਆਰਾ ਪ੍ਰਚਾਰਿਆ ਜਾਤ-ਪਾਤ ਦੇ ਵਿਤਕਰਿਆਂ ਅਤੇ ਕਰਮ-ਕਾਂਡਾਂ ਵਾਲਾ ਅਰ ਬ੍ਰਾਹਮਣੀ ਰਹੁ-ਰੀਤਾਂ ਨਾਲ ਲੱਦਿਆ ਹੋਇਆ ਸਿਮ੍ਰਿਤੀ ਮੱਤ ਪ੍ਰਵਾਨ ਕਰ ਲਿਆ।

## ੧੭. ਧਨੰਤਰ ਵੈਦ ਅਵਤਾਰ (ਪੰਨਾ ੧੯੫)

ਵਿਸ਼ਨੂੰ ਜੀ ਦਾ ਧਨੰਤਰ ਵੈਦ ਅਵਤਾਰ ਬਹੁਤ ਅਜੀਬ ਕਿਸਮ ਦੀ ਚੀਜ਼ ਪੇਸ਼ ਹੋਈ ਹੈ। ਇਸ ਸਾਕਤੀ ਪੁਸਤਕ ਦੇ ਪੰਨਾ ਨੰਬਰ ੧੯੫ 'ਤੇ ਅੰਕਿਤ ੬ ਬੰਦਾਂ ਵਿੱਚ ਇਸਦਾ ਆਪਣੇ ਕਿਸਮ ਦਾ ਬਿਓਰਾ ਦੇ ਕੇ ਕਵੀ ਸ਼ਜਾਮ ਨੇ ਆਪਣੀ ਕਾਵਿ ਕਲਾ ਦਾ ਅਤੇ ਆਪਣੇ ਵੈਦਗੀਰੀ ਕਰਨ ਵਾਲੇ ਵੈਦ ਅਵਤਾਰ ਜੀ ਦਾ ਪੂਰਾ ਜਲੂਸ ਹੀ ਕਢਵਾ ਲਿਆ ਹੈ।

ਕਵੀ ਸ਼ਜਾਮ ਮੁਤਾਬਿਕ ਲੋਕਾਂ ਨੇ ਬਹੁਤ ਹੀ ਧਨਵਾਨ ਹੋ ਜਾਣ ਕਾਰਨ ਭਾਂਤ-ਸੁਭਾਂਤੇ ਸੁਆਦੀ ਪਕਵਾਨ ਤੇ ਵਿਅੰਜਨ ਬਹੁਤ ਮਾਤਰਾ ਵਿੱਚ ਖਾਣੇ ਸ਼ੁਰੂ ਕਰ ਦਿੱਤੇ ਸਨ।

*ਫਲ-ਸਰੂਪ ਲੋਕੀਂ ਆਮ ਹੀ ਬੀਮਾਰ ਰਹਿਣੇ ਸ਼ੁਰੂ ਹੋ ਗਏ ਸਨ। ਅਜ ਦੇ ਜੁਗ ਦੇ ਕੁਦਰਤੀ ਇਲਾਜਾਂ ਦੇ ਸਰਬ-ਪ੍ਰਮੁੱਖ ਵਿਦਵਾਨ ਅਤੇ ਮਾਹਿਰ ਅਤੇ ਨਿਸ਼ਕਾਮ ਹੋ ਕੇ ਲੋਕਾਂ ਦੀ ਸੇਵਾ ਕਰਨ ਵਾਲੇ, ਸ੍ਰੀ ਸਵਾਮੀਨਾਥਨ ਜੀ ਦਿੱਲੀ ਵਾਲਿਆਂ ਦਾ, ਜਿਹਨਾਂ ਨੂੰ ਕਿਸੇ ਵਿਅਕਤੀ ਨੇ ਵੀ ਪਿਛਲੇ ਸੱਠ ਸਾਲਾਂ ਵਿੱਚ ਕਦੀ ਬੀਮਾਰ ਨਹੀਂ ਦੇਖਿਆ, ਸਪਸ਼ੱਟ ਕਥਨ ਹੈ ਕਿ ਬਹੁਤੇ ਸੁਆਦੀ ਖਾਣੇ ਖਾਣ ਨਾਲ ਅਤੇ ਵਿੱਤੋਂ ਵੱਧ ਖਾਣ ਨਾਲ ਬੀਮਾਰੀਆਂ ਦਾ ਪੈਦਾ ਹੋ ਜਾਣਾ ਸਦਾ ਹੀ ਸੁਭਾਵਕ ਰਿਹਾ ਹੈ। ਸਿਹਤਯਾਬੀ ਦੇ ਨਿਯਮ ਭੰਗ ਕਰਨ ਨਾਲ ਸਰੀਰ ਵਿੱਚ ਬੀਮਾਰੀ ਆਉਣੀ ਹੀ ਆਉਣੀ ਹੁੰਦੀ ਹੈ। ਜਦ ਤੋਂ ਜਗਤ ਬਣਿਆ ਹੈ ਤਦ ਤੋਂ ਸਿਹਤਯਾਬੀ ਦੇ ਨਿਯਮ ਭੰਗ ਕਰਨ ਵਾਲੇ ਮਨੁੱਖ ਬੀਮਾਰ ਹੁੰਦੇ ਆਏ ਹਨ ਅਤੇ ਇਹਨਾਂ ਨਿਯਮਾਂ ਨੂੰ ਪਾਲਣ ਵਾਲੇ ਤੰਦਰੁਸਤ ਜੀਵਨ ਬਸਰ ਕਰਦੇ ਰਹੇ ਹਨ। ਕਾਮ, ਕ੍ਰੋਧ, ਲੋਭ, ਈਰਖਾ, ਮਤਸਰ ਆਦਿਕ ਵਿਸ਼ਿਆਂ ਵਿਕਾਰਾਂ ਨਾਲ ਬੀਮਾਰੀਆਂ ਦਾ ਵਾਧਾ ਹੀ ਹੁੰਦਾ ਆਇਆ ਹੈ।*

*ਜਦ ਲੋਕੀਂ ਬੀਮਾਰ ਹੋਣ ਲਗੇ ਤਾਂ ਬੀਮਾਰੀਆਂ ਤੋਂ ਨਜਾਤ ਪ੍ਰਾਪਤ ਕਰਨ ਹਿਤ ਕਾਲ ਪੁਰਖ ਕੋਲ ਬੇਨਤੀਆਂ ਕਰਨ ਲਈ ਪੁੱਜੇ। ਉਹਨਾਂ ਦੀ ਬੇਨਤੀ ਸੁਣ ਕੇ ਸਾਕਤੀ ਇਸ਼ੱਟ, ਕਾਲ ਪੁਰਖ ਨੇ ਵਿਸ਼ਨੂੰ ਜੀ ਨੂੰ ਧਨੰਤਰ ਵੈਦ ਦਾ ਅਵਤਾਰ ਲੈਣ ਦਾ ਮਸ਼ਵਰਾ ਅਤੇ ਹੁਕਮ ਦਿੱਤਾ। ਇਥੇ ਸ਼ਯਾਮ ਕਵੀ ਇਹ ਨਹੀਂ ਸਮਝਾ ਸਕਿਆ ਕਿ ਲੋਕਾਂ ਨੇ ਕਾਲ ਪੁਰਖ ਕੋਲ ਇਹ ਬੇਨਤੀ ਕਦੋਂ ਕੀਤੀ ਤੇ ਕਾਲ ਪੁਰਖ ਨੇ ਵਿਸ਼ਨ ਚੰਦ ਨੂੰ ਧਨੰਤਰ ਵੈਦ ਦਾ ਅਵਤਾਰ ਲੈਣ ਦਾ ਹੁਕਮ ਕਦੋਂ ਅਤੇ ਕਿਹਨਾਂ ਹਾਲਤਾਂ ਵਿੱਚ ਦਿੱਤਾ ਸੀ ?*

## ੧੮ ਸੂਰਜ ਅਵਤਾਰ (ਪੰਨਾ ੧੮੫ ਤੋਂ ੧੮੭)

ਸ਼ਯਾਮ ਕਵੀ ਨੇ ੨੭ ਬੰਦਾਂ ਵਿੱਚ ਵਿਸ਼ਨੂੰ ਦੇ ਅਠਾਰ੍ਹਵੇਂ ਅਵਤਾਰ ਸੂਰਜ ਬਾਰੇ ਕਾਫ਼ੀ ਵਿਸਥਾਰ ਨਾਲ ਵੇਰਵਾ ਦਿੱਤਾ ਹੈ। ਇਹ ਵੇਰਵਾ ਬਹੁਤ ਹੀ ਅਜੀਬੋ-ਗਰੀਬ ਅਤੇ ਅਸੰਭਵ ਅਰ ਬੇ-ਦਲੀਲੇ ਤਤਾਂ ਨਾਲ ਭਰਿਆ ਪਿਆ ਹੈ ਅਤੇ ਹੱਦੋਂ ਵੱਧ ਹਾਸੋ-ਹੀਣਾ ਹੈ।

ਉਹੀ ਪੁਰਾਣੀ ਰਟ ਕਿ ਸਾਕਤੀ ਇੱਸ਼ਟ, ਕਾਲ ਪੁਰਖ ਦੀ ਆਗਿਆ ਨਾਲ ਵਿਸ਼ਨੂੰ ਨੇ ਸੂਰਜ ਦਾ ਅਵਤਾਰ ਲਿਆ। ਸੂਰਜ ਦੇ ਨਿਕਲਦਿਆਂ ਹੀ ਲੋਕੀਂ ਧਰਮ ਦੇ ਨਾਮ ਉੱਤੇ ਸਭ ਪ੍ਰਕਾਰ ਦੇ ਬ੍ਰਾਹਮਣੀ ਕਰਮ-ਕਾਂਡ ਪੂਰੇ ਉਤਸ਼ਾਹ ਨਾਲ ਕਰਨ ਲਗ ਗਏ ਸਨ। ਪਰ ਕੁੱਝ ਅਰਸੇ ਪਿਛੋਂ ਫ਼ਿਰ ਉਹੀ ਪੁਰਾਣੀ ਖੇਡ ਸ਼ੁਰੂ ਹੋ ਗਈ। ਦੈਂਤਾਂ ਦਾ ਪ੍ਰਤਾਪ ਵੱਧਣ ਲਗਾ ਅਤੇ ਦੇਵਤੇ ਪਿਤਾ-ਪੁਰਖੀ ਮਰਯਾਦਾ ਜਾਂ ਆਪਣੀ ਰਘੂਕੁਲ ਰੀਤ ਮੁਤਾਬਕ ਫ਼ਿਰ ਤੋਂ ਫਾਡੀ ਰਹਿਣ ਲਗ ਗਏ ।

**ਦੀਰਘ ਬਪੁ** ਨਾਮ ਦਾ ਇੱਕ ਵੱਡਾ ਦੈਂਤ ਆਗੂ ਪ੍ਰਗਟ ਹੋਇਆ ਜਿਸਦਾ ਸਰੀਰ ਇੱਕ ਗਜ਼ ਰੋਜ਼ ਵੱਧ ਕੇ ਬਹੁਤ ਹੀ ਵੱਡ-ਆਕਾਰੀ ਬਣ ਰਿਹਾ ਸੀ। ਸੂਰਜ ਦੇ ਰੱਥ ਦੇ ਰਥਵਾਨ ਵੀ ਉਸ ਨੂੰ ਦੇਖ ਕੇ ਕੰਬਣ ਲਗ ਜਾਂਦੇ ਸਨ ਤੇ ਰੱਥ ਰੋਕਣ ਤੇ ਮਜਬੂਰ ਹੋ ਜਾਂਦੇ ਸਨ। ਜਦੋਂ ਦੈਂਤਾਂ ਨੇ ਸੂਰਜ ਦਾ ਰੱਥ ਪੂਰੀ ਤਰ੍ਹਾਂ ਰੋਕ ਦਿੱਤਾ ਤਾਂ ਸੂਰਜ ਨੇ ਦੈਂਤਾਂ ਨਾਲ ਉਸੇ ਅਸੰਭਵ ਕਿਸਮ ਦਾ ਭਿਆਨਕ ਜੰਗ ਸ਼ੁਰੂ ਕਰ ਦਿੱਤਾ ਜਿਸ ਕਿਸਮ ਦੇ ਜੰਗ ਕਵੀ ਸ਼ਯਾਮ ਨੇ ਸਾਰੇ ਹੀ "ਬਚਿਤ੍ਰ ਨਾਟਕ" ਵਿੱਚ ਆਮ ਖ਼ਾਸ ਦੋਹਾਂ ਹੀ ਹਾਲਤਾਂ ਵਿੱਚ ਬਹੁਤਾਇਤ ਵਿੱਚ ਦਿਖਾਏ ਹਨ। ਸੂਰਜ ਨੇ ਆਪਣੇ ਹੱਥ ਵਿੱਚ ਧਨੁੱਖ ਬਾਣ ਲੈ ਕੇ ਐਸਾ ਬਾਣ ਚਲਾਇਆ ਕਿ ਦੈਂਤ ਫ਼ੌਜਾਂ ਹਾਰ ਗਈਆਂ ਤੇ ਦੈਂਤ ਆਗੂ ਵੀ ਮਾਰਿਆ ਗਿਆ।

ਇਹ ਅਵਤਾਰ-ਕਥਾ ਕਰਮ-ਕਾਂਡੀ, ਪੁਰਾਣ ਮਤੀਏ ਸਾਕਤ ਬ੍ਰਾਹਮਣਾਂ ਦੀ ਲਿਖੀ ਹੋਈ ਹੈ ਜੋ ਆਦਿ ਤੋਂ ਹੀ ਲੋਕਾਂ ਵਿਚ ਜੱਗਾਂ, ਹਵਨਾਂ, ਕਰਮ-ਕਾਂਡਾਂ, ਸ਼ਰਾਧਾਂ, ਵੇਦ-ਪਾਠਾਂ, ਮੰਤ੍ਰ-ਪਾਠਾਂ, ਭਰਮਾਂ-ਵਹਿਮਾਂ ਅਰ ਪਖੰਡ

ਜਾਲਾਂ ਦਾ ਪ੍ਰਚਾਰ ਕਰਨਾ ਚਾਹੁੰਦੇ ਰਹੇ ਸਨ।

## ੧੯. ਚੰਦ੍ਰ ਅਵਤਾਰ (ਪੰਨਾ ੧੮੭ ਤੋਂ ੧੮੮)

ਸੂਰਜ ਅਵਤਾਰ ਦੇ ਦੌਰ ਵਿੱਚ ਵਿਸ਼ਨੂੰ ਜੀ ਨੇ ਕਾਲ ਪੁਰਖ ਦੀ ਆਗਿਆ ਨੂੰ ਮੰਨ ਕੇ ਬੜੀ ਹਾਸੋ-ਹੀਣੀ ਸਥਿਤੀ ਪੈਦਾ ਕਰ ਲਈ ਸੀ ਅਤੇ ਇਸ ਨੂੰ ਮੋੜਾ ਦੇਣ ਦੇ ਆਸ਼ੇ ਨਾਲ ਕਾਲ ਪੁਰਖ ਦੇ ਹੁਕਮ ਨਾਲ ਵਿਸ਼ਨੂੰ ਜੀ ਨੇ ਚੰਦ੍ਰਮਾ ਦਾ ਅਵਤਾਰ ਲਿਆ। ਸ਼ਯਾਮ ਕਵੀ ਵਲੋਂ ਲਿਖਿਆ ਗਿਆ ਇਸ ਅਵਤਾਰ ਦਾ ਸਾਰਾ ਬਿਓਰਾ ੧੫ ਬੰਦਾਂ ਵਿੱਚ ਆ ਗਿਆ ਹੈ ਜੋ ਬੜਾ ਹੀ ਗ਼ੈਰ-ਵਿਗਿਆਨਕ ਅਤੇ ਦਲੀਲ-ਵਿਹੂਣਾ ਹੈ ਅਰ ਕਿਤੇ ਵੀ ਯੁਕਤੀ-ਸੰਗਤ ਉੱਕਾ ਹੀ ਨਹੀਂ।

**ਸੂਰਜ ਦੀ ਅਤਿ ਦੀ ਤਪਸ਼ ਕਾਰਨ ਇੱਕ ਪਾਸੇ ਦੇਸ਼ ਦੀ ਖੇਤੀ-ਬਾੜੀ ਸੜ੍ਹ ਕੇ ਤਬਾਹ ਹੋ ਰਹੀ ਸੀ ਅਤੇ ਦੂਜੇ ਪਾਸੇ ਕਾਮ ਦੀ ਉੱਤੇਜਨਾ ਮਰ ਜਾਣ ਕਾਰਨ ਇਸਤ੍ਰੀਆਂ ਆਪਣੇ ਪਤੀਆਂ ਦੀਆਂ ਸੇਵਾ ਕਰਨੋਂ ਹਟ ਗਈਆਂ ਸਨ। ਕਵੀ ਸ਼ਯਾਮ ਦਾ ਇਹ ਬਹੁਤ ਹੀ ਬੇਤੁਕਾ ਜਿਹਾ ਅਤੇ ਬਹੁਤ ਹੀ ਘਟੀਆ ਟੋਟਕਾ ਹੀ ਹੈ।** ਕਵੀ ਸ਼ਯਾਮ ਮੁਤਾਬਿਕ ਸੰਸਾਰ ਦੀ ਸਭ ਕਿਸਮ ਦੀ ਪੈਦਾਵਾਰ ਹੀ ਰੁੱਕਣ ਲਗ ਗਈ ਸੀ।

ਕਾਲ ਪੁਰਖ ਨੇ ਵਿਸ਼ਨੂੰ ਨੂੰ ਸਾਰੀ ਗੱਲ ਸਮਝਾਈ ਤੇ ਉਸ ਮੁਤਾਬਿਕ ਵਿਸ਼ਨੂੰ ਨੇ ਚੰਦ੍ਰਮਾ ਦੇ ਰੂਪ ਵਿਚ ਜਨਮ ਲੈ ਲਿਆ ਸੀ। ਇੱਕ ਦੰਮ ਹੀ ਖੇਤੀ-ਬਾੜੀ ਦੀ ਉਪਜ ਵੱਧਣ ਲਗੀ। ਨਾਲ ਹੀ **ਚੰਦ੍ਰਮਾ ਨੇ ਇਸਤ੍ਰੀਆਂ ਉੱਤੇ ਖਿੱਚ ਕੇ ਕਾਮ ਦਾ ਤੀਰ ਚਲਾ ਦਿੱਤਾ।** ਨਤੀਜੇ ਦੇ ਤੌਰ ਤੇ ਉਹ ਆਪਣੇ ਪਤੀਆਂ ਦੀ ਸੇਵਾ ਲਈ ਤਤਪਰ ਹੋ ਗਈਆਂ ਅਤੇ ਸੰਸਾਰ ਵਿਚ ਚਹਿਲ-ਪਹਿਲ ਸ਼ੁਰੂ ਹੋ ਗਈ।

ਅਜਿਹੀ ਹਾਲਤ ਵਿਚ ਚੰਦ੍ਰਮਾ ਦਾ ਹੰਕਾਰ ਬਹੁਤ ਵੱਧ ਗਿਆ। ਦਿਮਾਗ਼ ਭੌਂ ਜਾਣ ਕਾਰਨ **ਚੰਦ੍ਰ ਅਵਤਾਰ ਨੇ ਦੇਵਤਿਆਂ ਦੇ ਗੁਰੂ ਬ੍ਰਿਹਸਪਤੀ ਦੀ ਇਸਤ੍ਰੀ ਉਧਾਲ ਕੇ ਉਸ ਨਾਲ ਵਿਭਚਾਰ ਕੀਤਾ।** ਕੁੱਝ ਬ੍ਰਾਹਮਣੀ ਗ੍ਰੰਥਾਂ ਨੇ ਗੋਤਮ ਰਿਖੀ ਦੀ ਇਸਤ੍ਰੀ ਨਾਲ ਵੀ ਕੁਕਰਮ ਦੀ ਗੱਲ ਲਿਖੀ ਹੈ। ਚੰਦ੍ਰਮਾ ਨੂੰ ਰਿਖੀ ਨੇ ਕਾਲੇ ਮਿਰਗ ਦੀ ਖਲ ਮਾਰੀ ਜਿਸ ਕਾਰਨ ਉਸ ਦੇ ਮੱਥੇ ਤੇ ਸਦਾ ਲਈ ਕਲੰਕ ਲਗ ਗਿਆ। ਚੰਦ੍ਰਮਾ ਨੂੰ ਉਸ ਦੀਆਂ ਕਲਾਵਾਂ ਘਟਦੇ ਰਹਿਣ ਦਾ ਸਰਾਪ ਵੀ ਮਿਲਿਆ। ਇਸ ਕਾਰਨ ਚੰਦ੍ਰਮਾ ਨੂੰ ਬਹੁਤ ਸ਼ਰਮਸਾਰ ਹੋਣਾ ਪਿਆ। ਇਸ ਸ਼ਰਮ ਤੇ ਪਾਪ ਦੇ ਪ੍ਰਭਾਵ ਤੋਂ ਬੱਚਣ ਲਈ ਬੜਾ ਲੰਬਾ ਸਮਾਂ ਚੰਦ੍ਰਮਾ ਨੇ ਤਪੱਸਿਆ ਕੀਤੀ ਜੋ ਸਮਾਂ ਪਾ

ਕੇ ਕਾਲ ਪੁਰਖ ਨੇ ਪ੍ਰਵਾਨ ਕੀਤੀ ਤੇ ਉਸ ਦਾ ਤਪਦਿੱਕ ਰੋਗ ਦੂਰ ਕੀਤਾ ਅਤੇ ਚੰਦ੍ਰਮਾ ਨੂੰ ਸੂਰਜ ਤੋਂ ਵੀ ਉੱਚਾ ਮੁਰਾਤਬਾ ਬਖਸ਼ ਦਿੱਤਾ।

## ਤਫ਼ਸੀਲ, ਤਸ਼ਰੀਹ, ਤਸ਼ਖ਼ੀਸ ਸਬੰਧੀ ਟਿੱਪਣੀਆਂ

(੧) **ਅਰਿਹੰਤ** ਅਵਤਾਰ ਵਿੱਚ ਇਹ ਬ੍ਰਾਹਮਣ ਲਿਖਾਰੀ ਇਹ ਪ੍ਰਚਾਰ ਕਰ ਰਿਹਾ ਹੈ ਕਿ ਤੀਰਥ ਇਸ਼ਨਾਨ ਅਤੇ ਜੱਗ-ਹਵਨ ਆਦਿਕ ਕਰਮ ਕਰਨ ਨਾਲ ਅਤੇ ਜੱਗਾਂ ਵਿੱਚ ਪਸ਼ੂਆਂ ਦੀਆਂ ਬਲੀਆਂ ਦੇਣ ਨਾਲ ਹੀ ਮਨੁੱਖ ਸਮਾਜ ਦੀ ਤਰੱਕੀ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੀਰਥ ਇਸ਼ਨਾਨਾਂ, ਜੱਗਾਂ-ਹਵਨਾਂ ਅਤੇ ਪਸ਼ੂਆਂ ਦੀਆਂ ਬਲੀਆਂ ਦਾ ਜ਼ੋਰਦਾਰ ਖੰਡਨ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਵਲੋਂ ਦਿੱਤੀ ਚਲੀ ਜਾ ਰਹੀ ਨਿਰਨਾ-ਜਨਕ ਵਿਚਾਰਧਾਰਾ ਦੇ ਉੱਲਟ ਕਿਸੇ ਹੋਰ ਵਿਚਾਰ ਦਾ ਗੁਰੂ ਦਸਮੇਸ਼ ਕਿਵੇਂ ਪ੍ਰਚਾਰ ਕਰ ਸਕਦੇ ਹਨ ?

(੨) **ਅਰਿਹੰਤ** ਅਵਤਾਰ ਵਿੱਚ ਸਾਕਤੀ ਇੱਸ਼ਟ ਕਾਲ ਪੁਰਖ ਵਿਸ਼ਨੂੰ ਨੂੰ ਹੁਕਮ ਦੇ ਰਿਹਾ ਹੈ ਕਿ ਵਿਸ਼ਨੂੰ ਜੀ ਅਰਿਹੰਤ ਦਾ ਅਵਤਾਰ ਲੈ ਕੇ ਦਾਨਵਾਂ (ਤੇ ਹੋਰ ਲੋਕਾਂ) ਨੂੰ ਕੁਰਾਹੇ ਪਾਏ ਤਾ ਕਿ ਦਾਨਵਾਂ ਦਾ ਜ਼ਵਾਲ ਹੋ ਸਕੇ। **ਕੀ ਧਰਮ ਦੀ ਗ਼ਲਾਨੀ ਹੋਣ ਦੀ ਹਾਲਤ ਵਿੱਚ ਵਿਸ਼ਨੂੰ ਜੀ ਦੇ ਅਵਤਾਰ ਨੇ ਇਹੋ ਜਿਹੇ ਧਰਮ ਦੀ ਸੰਸਥਾਪਨਾ ਕਰਨੀ ਹੁੰਦੀ ਹੈ ? ਜੇ ਰੱਬ ਹੀ ਆਪਣੀ ਕਾਇਨਾਤ ਨੂੰ ਕੁਰਾਹੇ ਪਾਉਣ ਦਾ ਜਤਨ ਕਰੇ ਤਾਂ ਕੀ ਉਸ ਨੂੰ ਰੱਬ ਮੰਨਿਆ ਜਾ ਸਕਦਾ ਹੈ ?** ਅਸਲੀਅਤ ਇਹ ਹੈ ਕਿ ਵਿਪ੍ਰ ਜੀ ਨੇ ਆਪਣੀ ਨੀਵੀਂ ਸੋਚਣੀ ਨਾਲ ਇਹੋ ਜਿਹੇ ਪੁੱਠਾ ਪ੍ਰਚਾਰ ਕਰਨ ਵਾਲੇ ਬਨਾਵਟੀ ਰੱਬ ਖੜ੍ਹੇ ਕਰਨ ਦਾ ਅਪਰਾਧ ਕੀਤਾ ਹੈ।

(੩) ਕੀ ਕੋਈ ਵਿਵੇਕਪੂਰਨ ਮਨੁੱਖ ਵਿਪ੍ਰਵਾਦੀਆਂ ਦੀ ਇਹ ਬੇਤੁਕੀ ਗੱਲ ਥੋੜੀ ਬਹੁਤ ਵੀ ਮੰਨ ਸਕਦਾ ਹੈ ਕਿ ਪਸ਼ੂਆਂ ਦਾ ਬਲਿਦਾਨ ਦੇ ਕੇ ਅਤੇ ਸ਼ਿਖਾ-ਸੰਜੁਗਤ ਹੋ ਕੇ ਹੀ ਮੰਤ੍ਰ ਜਾਪ ਕਰਨ ਨਾਲ ਮੰਤ੍ਰ ਫਲੀਭੂਤ ਹੋ ਸਕਦੇ ਹਨ ? ਗੁਰਮਤਿ ਫੋਕੇ ਮੰਤ੍ਰਾਂ, ਜੰਤ੍ਰਾਂ ਅਤੇ ਤੰਤ੍ਰਾਂ ਉੱਤੇ ਇਸ ਕਿਸਮ ਦਾ ਵਿਸ਼ਵਾਸ ਕਰਨ ਦੀ ਕਿਤੇ ਵੀ ਆਗਿਆ ਨਹੀਂ ਦਿੰਦੀ।

(੪) **ਅਰਿਹੰਤ** ਦੇਵ ੧੦,੦੦੦ ਸਾਲ ਉੱਪਰ ਬਿਆਨੀ ਪੁੱਠੀ ਵਿਚਾਰਧਾਰਾ ਦਾ ਅਤੇ ਨਾਸਕਤਾ ਦਾ ਪ੍ਰਚਾਰ ਕਿਵੇਂ ਕਰ ਸਕਦਾ ਹੈ ? ਇਤਨੇ ਲੰਬੇ ਸਮੇਂ ਦੀ ਇਤਿਹਾਸਕਤਾ ਨਾਲ ਇੱਕ ਵੀ ਇਤਿਹਾਸਕਾਰ ਕਿਸੇ ਤਰ੍ਹਾਂ ਵੀ ਸਹਿਮਤ ਨਹੀਂ ਹੋ ਸਕਦਾ। ਜੈਨੀਆਂ ਦੇ ਪੂਜਯ 'ਜਿਨ' ਨੂੰ ਜਾਂ ਬੁੱਧ ਮਤ ਦਾ ਉਸ ਰਿਖੀ ਨੂੰ ਜੋ ਗਿਆਨ ਦੁਆਰਾ ਨਿਰਵਾਣ ਨੂੰ ਪ੍ਰਾਪਤ ਹੋਇਆ ਸੀ, ਨੂੰ ਹੀ ਅਰਿਹੰਤ (ਅਰ੍ਹੰਤ) ਮੰਨਿਆ ਜਾ ਸਕਦਾ ਹੈ। ਰੱਬ ਦੀ ਹੋਂਦ ਤੋਂ ਹੀ ਮੁਨਕਰ ਹੋਣ ਦਾ ਪ੍ਰਚਾਰ ਕਰਨ ਨਾਲ ਧਰਮ ਦੀ ਸੰਸਥਾਪਨਾ ਕਿਵੇਂ ਹੋ ਸਕੇਗੀ।

(੫) **ਵਿਸ਼ਨੂੰ ਜੀ ਵੀ ਧੰਨ ਹਨ ਕਿ ਕਦੀ ਤਾਂ ਦੈਂਤਾਂ ਨੂੰ ਗੁੰਮਰਾਹ ਕਰਨ ਲਈ ਬ੍ਰਾਹਮਣੀ ਮੱਤ ਦੇ ਵਿਰੁੱਧ ਚੱਲਣ ਵਾਲਾ ਅਰਿਹੰਤ ਅਵਤਾਰ ਲੈਂਦੇ ਹਨ ਅਤੇ ਕਦੀ ਨਿਰੋਲ ਬ੍ਰਾਹਮਣਵਾਦੀ ਪ੍ਰਚਾਰ ਲਈ ਉਹ ਕੇਵਲ ਮਨੂ ਅਵਤਾਰ ਧਾਰਨ ਕਰ ਕੇ ਮਨੂ ਸਿਮ੍ਰਿਤੀ ਹੀ ਨਹੀਂ ਰਚਦੇ ਬਲਕਿ ਉਸ ਬਾਰੇ ਸਿਰਜੇ ਕਾਨੂੰਨਾਂ ਤੋਂ ਮੂੰਹ ਮੋੜਨ ਵਾਲਿਆਂ ਨੂੰ ਮੌਤ ਦੀਆਂ ਸਜ਼ਾਵਾਂ ਤਕ ਵੀ ਦਿੰਦੇ ਹਨ।**

(੬) ਇਸੇ ਸ਼ਯਾਮ ਕਵੀ ਨੇ ਖੀਰ ਸਮੁੰਦਰ ਦੇ ਮੰਥਨ ਕਰਵਾਉਣ ਦਾ ਮਹਾਨ ਕਾਰਜ ਪਹਿਲੇ ਹੀ ਕਰਵਾ ਲਿਆ ਸੀ, ਜਿਸ ਅਨੁਸਾਰ ਖੀਰ ਸਮੁੰਦਰ ਵਿੱਚੋਂ **ਧਨੰਤਰ ਵੈਦ** ਬਹੁਤ ਪਹਿਲੇ ਹੀ ਨਿਕਲ ਚੁੱਕਾ ਸੀ।

(੭) **ਇਹ ਸਮਝਾਉਣ ਦੀ ਜ਼ਿਮੇਵਾਰੀ ਵੀ ਕਵੀ ਸ਼ਯਾਮ ਦੀ ਹੈ ਕਿ ਧਨੰਤਰ ਵੈਦ ਸਮੁੰਦਰ ਵਿੱਚ ਪਹਿਲਾਂ ਹੀ ਜੰਮਿਆ ਪਿਆ ਸੀ ਜਾਂ ਇਸ ਨੂੰ ਸਮੁੰਦਰ ਮੰਥਨ ਵੇਲੇ ਤਾਜ਼ੇ ਤੌਰ ਤੇ ਜਮਾਇਆ ਗਿਆ ਸੀ।** ਜੇ ਪਹਿਲਾਂ ਹੀ ਜੰਮਿਆ-ਜੰਮਾਇਆ ਪਿਆ ਸੀ ਅਤੇ ਕਈ ਹਜ਼ਾਰ ਬਰਸ ਪਹਿਲਾਂ ਉਹ ਸਮੁੰਦਰ ਵਿਚੋਂ ਮੰਥਨ ਸਮੇਂ ਬਾਹਰ ਕੱਢ ਲਿਆ ਗਿਆ ਸੀ ਤਾਂ ਹੁਣ ਲੋਕਾਂ ਦੀ ਬਿਪਤਾ ਟਾਰਨ ਵਾਸਤੇ ਵਿਸ਼ਨ ਚੰਦ ਨੇ ਧਨੰਤਰ ਵੈਦ ਦੇ ਰੂਪ ਵਿੱਚ ਅਵਤਾਰ ਲੈਣਾ ਕਿਵੇਂ ਮੰਨ ਲਿਆ ਸੀ ਅਤੇ ਉਸ ਨੇ ਅਮਲੀ ਰੂਪ ਵਿੱਚ ਇਹ ਅਵਤਾਰ ਕਿਵੇਂ ਲਿਆ ਹੋਣਾ ਹੈ ?

(੮) ਇਤਨੇ ਮਹਾਨ ਵਿਸ਼ਨੂੰ ਜੀ ਦੇ ਇਤਨੇ ਮਹਾਨ ਵੈਦ, ਧਨੰਤਰ ਦੇ ਰੂਪ ਵਿਚ ਅਵਤਾਰ ਲੈਣ ਦੇ ਬਾਵਜੂਦ ਅਤੇ **ਆਯੁਰਵੇਦ ਦੇ ਗਿਆਨ ਨੂੰ ਈਜਾਦ ਕਰਨ ਤੇ ਪ੍ਰਚਾਰ ਕਰਨ ਦੇ ਬਾਵਜੂਦ ਸਾਡਾ ਮਹਾਨ ਭਾਰਤ ਦੇਸ਼ ਬੀਮਾਰਾਂ ਤੇ ਬੀਮਾਰੀਆਂ ਨਾਲ ਭਰੇ ਵੱਡੇ ਤੇ ਸਿਰਕੱਢ ਦੇਸ਼ਾਂ ਦੀ ਪਹਿਲੀ ਕਤਾਰ ਵਿੱਚ ਕਿਵੇਂ ਆ ਰਿਹਾ ਹੈ, ਇਹ ਗੱਲ ਸਮਝ ਨਹੀਂ ਆ ਰਹੀ।**

(੯) **ਸੂਰਜ** ਅਵਤਾਰ ਵਾਲੇ ਕਾਂਡ ਵਿੱਚ ਬਹੁਤ ਸਾਰੇ ਅਸੰਭਵ ਬਿਆਨ ਅਤੇ ਹੱਦੋਂ ਵੱਧ ਮਨੋ-ਕਲਪਿਤ ਅਤੇ ਦਲੀਲ-ਵਿਹੂਣੇ ਤਤ ਭਰੇ ਪਏ ਹਨ ਜਿਹਨਾਂ ਨੂੰ ਪੜ੍ਹ-ਵਾਚ ਕੇ ਐਉਂ ਲਗਦਾ ਹੈ ਕਿ ਜਾਂ ਤਾਂ **ਸ਼ਯਾਮ ਕਵੀ ਆਪ ਹੀ ਇੱਕ ਵੱਡਾ ਸ਼੍ਰੋਮਣੀ ਮੂਰਖ ਹੈ ਅਥਵਾ ਉਸ ਨੇ ਪਹਿਲਾਂ ਹੀ ਐਸਾ ਮਿਥ ਰਖਿਆ ਹੈ ਕਿ ਉਸਦੇ ਇਸ "ਬਚਿਤ੍ਰ ਨਾਟਕ" ਨੂੰ ਪੜ੍ਹਨ ਲਈ ਨਾਮੀ ਗਿਰਾਮੀ ਮੂਰਖ ਮਿਲ ਹੀ ਜਾਣਗੇ।**

(੧੦) **ਸੂਰਜ** ਅਵਤਾਰ ਦੀ ਕਹਾਣੀ ਵਿੱਚ ਦਸਿਆ ਗਿਆ ਹੈ ਕਿ **ਦੀਰਘ ਬਪੁ ਦੈਂਤ ਦਾ ਸਰੀਰ ਰੋਜ਼ਾਨਾ ਇੱਕ ਗਜ਼ ਵਧਦਾ ਜਾਂਦਾ ਸੀ।** ਅਜ ਦੇ ਵਿਗਿਆਨ ਦੇ ਜੁੱਗ ਵਿੱਚ ਇਹੋ ਜਿਹੀ ਗੱਪ ਨੂੰ ਕਿਸਨੇ ਮੰਨਣਾ ਹੈ ? ਫ਼ਿਰ **ਇਹ ਕੌਣ ਹਿਸਾਬ ਲਗਾ ਕੇ ਦਸੇਗਾ ਕਿ ਇਹ**

**ਸਰੀਰ ਕਿਤਨਾ ਕੁ ਵੱਧਿਆ ਅਤੇ ਕਿਥੇ ਜਾ ਕੇ ਰੁਕਿਆ।**

(੧੧) ਕੀ **ਸੂਰਜ** ਜੋ ਗੈਸ ਦਾ ਇੱਕ ਅਤਿ ਵੱਡਾ ਤੇ ਅਤਿ ਗਰਮੀ ਵਾਲਾ ਗੋਲਾ ਹੈ, **ਹੱਥ ਵਿੱਚ ਧਨੁੱਖ ਬਾਣ ਲੈ ਕੇ ਮਨੁੱਖ ਦੀ ਤਰ੍ਹਾਂ ਤੀਰ ਚਲਾਉਂਦਿਆਂ ਜੰਗ ਕਰ ਸਕਦਾ ਹੈ?** ਜੇ ਨਹੀਂ ਤਾਂ ਇਸ ਗਪੌੜ ਸੰਖ ਸ਼ਯਾਮ ਦੀਆਂ ਬੇਤੁਕੀਆਂ ਗੱਲਾਂ ਦਾ ਕੀ ਕਰੀਏ?

(੧੨) ਅਜ ਦੇ ਗਿਆਨ ਦੇ ਜੁਗ ਵਿੱਚ ਆਪਣੇ ਮਨ ਨੂੰ ਇਹ ਮੰਨਣ ਲਈ ਕਿਵੇਂ ਰਾਜ਼ੀ ਕੀਤਾ ਜਾਏ ਕਿ **ਸੂਰਜ ਆਸਮਾਨ ਵਿਚ ਚਲਦਾ ਹੈ ਅਤੇ ਉਸਨੇ ਰੱਥ ਉਤੇ ਸਵਾਰ ਹੋ ਕੇ ਆਕਾਸ਼ ਦਾ ਸਫ਼ਰ ਕਰਨਾ ਹੁੰਦਾ ਹੈ।**

(੧੩) **ਸੂਰਜ** ਅੱਗ ਦਾ ਬੁਹੁਤ ਹੀ ਵਿਸ਼ਾਲ-ਕਾਇ ਗੋਲਾ ਹੈ ਜੋ ਸਾਡੀ ਧਰਤੀ ਤੋਂ ਕਈ ਗੁਣਾ ਵੱਡਾ ਅਤੇ ਹੱਦ ਦਰਜੇ ਦੀ ਗਰਮੀ ਵਾਲਾ ਹੈ। ਉਹ ਇੱਕ ਸਾਧਾਰਣ ਔਰਤ ਦੀ ਕੁਖੋਂ ਕਿਵੇਂ ਪੈਦਾ ਹੁੰਦਾ ਦਸਿਆ ਜਾ ਰਿਹਾ ਹੈ? ਦੂਸਰਾ ਸੁਆਲ ਭਾਵੇਂ ਬਹੁਤ ਸਾਧਾਰਨ ਹੈ ਪਰ ਉਸਦਾ ਉੱਤਰ ਕਵੀ ਸ਼ਯਾਮ ਕੋਲ ਕਦਾਚਿਤ ਨਹੀਂ ਹੋ ਸਕਦਾ। **ਜਦ ਤਕ ਵਿਸ਼ਨੂੰ ਨੇ ਸੂਰਜ ਦਾ ਅਵਤਾਰ ਨਹੀਂ ਸੀ ਲਿਆ ਤਦ ਤਕ ਸੂਰਜ ਕਿੱਥੇ ਸੀ? ਉਸ ਤੋਂ ਪਹਿਲਾਂ ਜੋ ੧੭ ਅਵਤਾਰ ਹੋਏ ਹਨ, ਕੀ ਉਹ ਸਾਰੀ ਕਾਰਵਾਈ ਹਨੇਰੇ ਵਿੱਚ ਹੀ ਪਾਉਂਦੇ ਰਹੇ ਸਨ?** ਸੂਰਜ ਮਨੁੱਖ ਤਾਂ ਹੈ ਨਹੀਂ, ਫ਼ਿਰ ਉਸ ਨੇ ਦੈਂਤਾਂ ਨੂੰ ਕਿਵੇਂ ਮਾਰਿਆ ਤੇ ਹਰਾਇਆ।

(੧੪) ਜਦੋਂ **ਸੂਰਜ** ਨਿਕਲ ਆਇਆ ਉਸ ਪਿਛੋਂ ਹੀ ਲੋਕਾਂ ਨੇ ਬ੍ਰਾਹਮਣੀ ਕਰਮ-ਕਾਂਡ ਕੀਤੇ ਤੇ ਧਰਮ ਦੇ ਨਾਮ ਉੱਤੇ ਕਈ ਕਾਰਵਾਈਆਂ ਕੀਤੀਆਂ। ਗਾਇਤ੍ਰੀ, ਵੇਦ ਪਾਠ, ਸੰਧਿਆ, ਜੱਗ, ਹਵਨ, ਸਿਮ੍ਰਿਤੀਆਂ ਤੇ ਸ਼ਾਸਤਰਾਂ ਦੇ ਪਾਠ ਆਦਿਕ ਬਿਪ੍ਰਨੀ ਕਰਮ ਵੀ ਇਸ ਅਵਤਾਰ ਨੇ ਬਹੁਤ ਪ੍ਰਚਲਿਤ ਕਰਵਾਏ। ਫ਼ਿਰ **ਕੀ ਕਾਰਨ ਸੀ ਕਿ ਦੈਂਤ ਅਤੇ ਦੀਰਘ-ਕਾਇ ਰਾਖਸ਼ ਫ਼ਿਰ ਵੀ ਵੱਧੇ-ਫੁਲੇ ਅਤੇ ਦੇਵਤੇ ਆਪਣੇ ਕੁਲਾ ਧਰਮ ਅਨੁਸਾਰ ਪਿਛਾਖੜ ਹੀ ਰਹਿ ਗਏ?**

(੧੫) ਕਵੀ ਦੀ ਲਿਖਤ ਅਨੁਸਾਰ ਸੂਰਜ ਅਵਤਾਰ ਦੇ ਮਾੜੇ ਅਸਰ ਨੂੰ ਜ਼ਾਇਲ ਕਰਨ ਲਈ ਸਾਕਤੀ ਇੱਸ਼ਟ ਕਾਲ ਪੁਰਖ ਦੀ ਆਗਿਆ ਅਨੁਸਾਰ ਵਿਸ਼ਨੂੰ ਨੇ **ਚੰਦ੍ਰਮਾ** ਦਾ ਅਵਤਾਰ ਲਿਆ। **ਕੀ ਸ੍ਰਿਸ਼ਟੀ ਵਿੱਚ ਪਹਿਲਾਂ ਚੰਦ੍ਰਮਾ ਨਹੀਂ ਸੀ? ਫ਼ਿਰ ਚੰਦ੍ਰਮਾ ਦਾ ਜਨਮ ਤਾਂ ਸਮੁੰਦਰ ਮੰਥਨ ਸਮੇਂ ਹੋ ਜਾਣ ਦੀ ਕਹਾਣੀ ਵੀ ਇਹ ਬ੍ਰਾਹਮਣ ਕਵੀ ਪਾ ਚੁੱਕਾ ਹੈ।** ਇਸ ਹਾਲਤ ਵਿੱਚ ਵਿਸ਼ਨੂੰ ਵਲੋਂ ਚੰਦ੍ਰ ਅਵਤਾਰ ਦੇ ਰੂਪ ਵਿੱਚ ਅਵਤਾਰ ਲੈਣ ਵਾਲੀ ਗੱਲ ਸਮਝ ਤੋਂ ਬਾਹਰ ਹੈ।

(੧੬) ਕੀ ਇਹ ਬਹੁਤ ਹਾਸੋ ਹੀਣੀ ਯਭਲੀ ਨਹੀਂ ਕਿ **ਚੰਦ੍ਰਮਾ** ਨੇ

ਇਸਤ੍ਰੀਆਂ 'ਤੇ ਕਾਮ ਦਾ ਤੀਰ ਚਲਾਇਆ ਅਤੇ ਫ਼ਲਸਰੂਪ ਉਹ ਮਰਦਾਂ ਪ੍ਰਤੀ ਆਪਣੇ ਫ਼ਰਜ਼ ਅਦਾ ਕਰਨ ਲਗ ਗਈਆਂ ਅਤੇ ਸੰਸਾਰ ਦੀ ਖੇਤੀ ਬਾੜੀ ਦੀ ਉਪਜ ਵੀ ਵੱਧ ਗਈ।

(੧੭) ਕੀ **ਚੰਦ੍ਰਮਾ ਮਨੁੱਖ ਸੀ ਜਿਸਨੇ ਗੁਰੂ ਬ੍ਰਹਸਪਤੀ ਦੀ ਇਸਤ੍ਰੀ ਅਥਵਾ ਗੌਤਮ ਦੀ ਇਸਤ੍ਰੀ ਨਾਲ ਵਿਭਚਾਰ ਜਾਂ ਜ਼ਬਰ ਜਿਨਾਹ ਕੀਤਾ।** ਨਾ ਹੀ ਚੰਦ੍ਰਮਾ ਨੂੰ ਦੇਵਤਿਆਂ ਦੇ ਸ੍ਰਾਪ ਕਾਰਨ ਕਲੰਕ ਲਗਣ ਅਤੇ ਚੰਦ੍ਰਮਾ ਵਲੋਂ ਤੱਪ ਸਾਧਣ ਨਾਲ ਉਸਨੂੰ ਤਪਦਿਕ ਰੋਗ ਤੋਂ ਛੁਟਕਾਰਾ ਮਿਲ ਜਾਣ ਦੀ ਗੱਲ ਉੱਤੇ ਕੋਈ ਵਿਵੇਕੀ ਤੇ ਸੋਚ ਸੂਝ ਵਾਲਾ ਮਨੁੱਖ ਯਕੀਨ ਕਰ ਸਕਦਾ ਹੈ।

(੧੮) ਕਹਾਣੀ ਦਾ ਪੌਰਾਣਕ ਤੇ ਬੇਸਿਰਪੈਰ ਤਤ ਇਸ ਅਵਤਾਰ-ਕਥਾ ਨੂੰ ਬਹੁਤ ਹੀ ਵਾਹਿਯਾਤ ਰੂਪ ਵਿੱਚ ਪੇਸ਼ ਕਰਦਾ ਹੈ। **ਚੰਦ੍ਰਮਾ** ਤਾਂ ਖ਼ੁਦ ਇੱਕ ਗ੍ਰਹਿ ਹੈ ਜਿਸਦਾ ਆਕਾਰ ਆਪਣੇ ਆਪ ਵਿੱਚ ਬਹੁਤ ਵੱਡਾ ਹੈ। **ਚੰਨ੍ਹ ਬਿਨਾ ਖੇਤੀ-ਬਾੜੀ ਸੜ੍ਹਨ ਲਗੀ ਤੇ ਤੀਵੀਆਂ ਕਾਮ (sex) ਤੋਂ ਪੂਰੀ ਤਰ੍ਹਾਂ ਭਜ ਨਿਕਲੀਆਂ, ਆਪਣੇ ਆਪ ਵਿੱਚ ਇੱਕ ਵਾਹਿਯਾਤ ਅਤੇ ਮੂਰਖਾਨਾ ਕਲਪਨਾ ਹੈ।** ਫ਼ਿਰ ਚੰਦ੍ਰਮਾ ਨਾਮ ਦੇ ਅਵਤਾਰ ਦੇ ਪੈਦਾ ਹੋਣ ਉੱਤੇ ਤੀਵੀਆਂ ਵਿੱਚ ਕਾਮ ਪੈਦਾ ਹੋਣਾ ਕਿਵੇਂ ਸ਼ੁਰੂ ਹੋ ਗਿਆ? ਇਹ ਸਭ ਕੁੱਝ ਬਾਵਲੇ ਹੋਏ ਦਿਮਾਗ਼ ਦੀ ਪੈਦਾਵਾਰ ਪ੍ਰਤੀਤ ਹੁੰਦੇ ਹਨ।

(੧੯) **ਵਿਸ਼ਨੂੰ ਦੇ ਇਸ ੧੯ਵੇਂ ਅਵਤਾਰ, ਚੰਦ੍ਰਮਾ ਤੋਂ ਪਹਿਲਾਂ ਦੇ ਸਮੇਂ ਵਿਚ ਖੇਤੀ ਉਪਜ ਕਿਵੇਂ ਹੁੰਦੀ ਤੇ ਪੂਰੀ ਪੈਂਦੀ ਰਹੀ ਅਤੇ ਤੀਵੀਆਂ ਅਗਲੀਆਂ ਪੀੜ੍ਹੀਆਂ ਨੂੰ ਕਿਵੇਂ ਜਨਮ ਦਿੰਦੀਆਂ ਰਹੀਆਂ?** ਇਹਨਾਂ ਸੁਆਲਾਂ ਦਾ ਜਵਾਬ ਦੇਣ ਦੀ ਸ਼ਾਇਦ ਸਾਕਤ ਕਵੀ ਸ਼ਜਾਮ ਵਿੱਚ ਕਦੀ ਵੀ ਸ਼ਕਤੀ ਨਾ ਪੈਦਾ ਹੋ ਸਕੇ।

(੨੦) ਫ਼ਿਰ ਜਬ ਜਬ ਹੋਤ ਅਰਿਸ਼ਟ ਅਪਾਰਾ " ਅਤੇ " ਜਬ ਜਬ ਹੋਇ ਧਰਮ ਧਰਮ ਕੀ ਹਾਨੀ " ਵਾਲੀਆਂ ਗੱਪਾਂ ਦੀ ਰੋਸ਼ਨੀ ਵਿੱਚ ਇਸ ਤਥ ਨੂੰ ਕਿਵੇਂ ਹਜ਼ਮ ਕਰੀਏ **ਕਿ ਵਿਸ਼ਨੂੰ ਜੀ ਦੇ ੧੯ ਵੇਂ ਅਵਤਾਰ, ਚੰਦ੍ਰਮਾ ਦੇ ਦੌਰ ਵਿੱਚ ਇਕ ਤਰ੍ਹਾਂ ਭਗਵਾਨ ਵਿਸ਼ਨੂੰ ਖ਼ੁੱਦ ਕਿਵੇਂ ਦੇਵਤਿਆਂ ਦੇ ਗੁਰੂ ਬ੍ਰਹਸਪਤੀ ਦੀ ਇਸਤ੍ਰੀ ਤਾਰਾ ਜਾਂ ਗੋਤਮ ਦੀ ਪਤਨੀ ਅਹਿਲਿਆ ਨੂੰ ਉਧਾਲ ਕੇ ਲੈ ਜਾਂਦੇ ਤੇ ਉਸ ਨਾਲ ਕੁਕਰਮ ਕਮਾਉਂਦੇ ਹਨ।**

## (੧੧). ਰਾਮਾਵਤਾਰ (੨੦ਵਾਂ ਅਵਤਾਰ) (ਪੰਨਾ ੧੮੮ ਤੋਂ ੨੫੪)

ਚੌਵੀ ਅਵਤਾਰਾਂ ਵਿੱਚੋਂ ਪ੍ਰਮੁੱਖ ਦੋ ਅਵਤਾਰ ਹਨ - ਰਾਮ ਜੀ ਤੇ ਕ੍ਰਿਸ਼ਨ ਜੀ ਜਿਹਨਾਂ ਦੀਆਂ ਕਹਾਣੀਆਂ ਪੁਰਾਣ-ਪੰਥੀ ਬ੍ਰਾਹਮਣੀ ਸਮਾਜ ਵਿੱਚ ਬਹੁਤ ਜ਼ਿਆਦਾ ਪ੍ਰਚਲਿਤ ਅਰ ਚਰਚਿਤ ਹਨ। ਬਚਿੱਤਰ ਨਾਟਕ ਨਾਮ ਦੀ ਇਸ ਪੁਸਤਕ ਵਿੱਚ "ਰਾਮ ਅਵਤਾਰ" ਨੇ ੬੭ ਸਫ਼ੇ ਮਲੇ ਹੋਏ ਹਨ। ਇਸ ਦੀ ਕਹਾਣੀ ਵਾਲਮੀਕੀ ਦੀ ਰਾਮਾਇਣ, ਤੁਲਸੀਦਾਸ ਦੀ ਰਾਮ-ਚਰਿਤ-ਮਾਨਸ, ਰੀਤੀ ਕਾਲ ਦੀ ਰਾਮਚੰਦ੍ਰਿਕਾ ਅਤੇ ਦਰਜਨਾਂ ਹੋਰ ਪੁਸਤਕਾਂ ਵਿੱਚ ਵੀ ਬਿਆਨੀ ਹੋਈ ਕਈ ਰੂਪਾਂ ਵਿੱਚ ਮਿਲਦੀ ਹੈ। ਰਾਮਲੀਲਾ ਰਾਹੀਂ ਵੀ ਇਸ ਕਹਾਣੀ ਦਾ ਬਹੁਤ ਪ੍ਰਚਾਰ ਹੋਇਆ ਹੈ ਅਰ ਟੀ.ਵੀ. ਦੇ ਪਰਦੇ ਉੱਤੇ ਦਿਖਾਏ ਸੀਰੀਅਲ ਦੀ ਕਹਾਣੀ ਵੀ ਬਹੁਤ ਹੀ ਹਰਮਨ-ਪਿਆਰੀ ਬਣੀ ਰਹੀ ਸੀ। ਭਾਵੇਂ ਸਭ ਪੁਸਤਕਾਂ ਦੀ ਕਹਾਣੀ ਦੀਆਂ ਘਟਨਾਵਾਂ ਦੇ ਕਥਾਨਕਾਂ ਵਿੱਚ ਆਪੋ ਵਿੱਚ ਕਾਫ਼ੀ ਫ਼ਰਕ ਹਨ ਪਰ ਮੋਟੇ ਤੌਰ ਤੇ ਇਹ ਮੰਨਣਾ ਹੀ ਪੈਂਦਾ ਹੈ ਕਿ ਇਹ ਕਹਾਣੀ ਬਹੁਤ ਹੀ ਰੋਚਕ, ਦਿਲਚਸਪ ਅਤੇ ਕੁੱਝ ਕੁ ਘਰੋਗੀ ਜੀਵਨ ਸਬੰਧੀ ਸਿਖਿਆਵਾਂ ਨਾਲ ਵੀ ਭਰੀ ਹੋਈ ਕਰ ਕੇ ਜਾਣੀ ਜਾਂਦੀ ਹੈ।

ਧਰਮ ਚਰਚਾ ਦੇ ਮਾਮਲੇ ਵਿੱਚ ਇਸ ਕਹਾਣੀ ਨੂੰ ਪੁਰਾਣ-ਪੰਥੀਆਂ ਅਤੇ ਸਨਾਤਨੀ ਬ੍ਰਾਹਮਣਾਂ ਨੇ ਬਹੁਤ ਪ੍ਰੇਮ ਤੇ ਸ਼ਰਧਾ ਨਾਲ ਵਰਤਿਆ ਹੈ। ਹਿੰਦੀ ਖੇਤਰ ਦੇ ਵੱਡੇ ਪਾਏਦਾਰ ਹਿੰਦੂ ਵਿਦਵਾਨਾਂ ਤੋਂ ਅਲਾਵਾ ਦੱਖਣ ਭਾਰਤ ਦੇ ਕੁੱਝ ਕੁ ਹਿੰਦੂ ਵਿਦਵਾਨਾਂ, ਸਰਿਤਾ ਪਰਚੇ ਦੀ ਲਹਿਰ ਵਾਲੇ ਕੁੱਝ ਸੁਧਾਰਵਾਦੀਆਂ ਅਤੇ ਦਲਿਤ ਸ਼੍ਰੇਣੀ ਵਿੱਚ ਗਿਣੇ ਜਾਣ ਵਾਲੇ ਸਮਾਜ ਦੇ ਅਨੇਕਾਂ ਆਗੂਆਂ ਨੂੰ ਇਸ ਕਹਾਣੀ ਦੇ ਅਨੇਕਾਂ ਕਥਾਨਕਾਂ, ਮੋੜਾਂ ਅਤੇ ਕੁੱਝ ਕੁ ਬਾਬਾਂ ਨਾਲ ਗੰਭੀਰ ਮੱਤ-ਭੇਦ ਅਤੇ ਇਤਰਾਜ਼ ਵੀ ਰਹੇ ਹਨ। ਅਸੀਂ ਇੱਥੇ ਕੇਵਲ ਕਵੀ ਸ਼ਯਾਮ ਲਿਖਤ ਰਾਮਾਵਤਾਰ ਦੇ ਮਸੌਦੇ ਉੱਤੇ ਸੰਖੇਪ ਜਿਹੀ ਵਿਚਾਰ ਕਰਾਂਗੇ। **ਇਹ ਕਹਾਣੀ ਆਮ-ਫ਼ਹਿਮ ਅਤੇ ਪ੍ਰਚਲਿਤ ਹੋਣ ਕਾਰਨ ਇਸ ਦੇ ਸਾਰੰਸ਼ ਨੂੰ ਲਿਖਣ ਦੀ ਥਾਂ ਅਸੀਂ ਇਸਦੀ ਤਫ਼ਸੀਲ, ਤਸ਼ਰੀਹ ਤੇ ਤਸ਼ਖ਼ੀਸ ਸਬੰਧੀ ਨੁਕਤੇ ਹੀ ਮੁਖ ਤੌਰ ਤੇ ਵਿਚਾਰ ਲਈ ਲੈ ਰਹੇ ਹਾਂ।**

(੧) ਸ਼ਯਾਮ ਕਵੀ ਨੇ ਆਪਣੀ ਲਿਖਤ ਵਿੱਚ **ਸਾਰੀ ਧਰਤੀ** ਉੱਤੇ ਰਾਜੇ ਅੱਜ ਦਾ ਅਤੇ ਜਾਂ ਫ਼ਿਰ ਦਸ਼ਰਥ ਦਾ ਰਾਜ ਦਸਿਆ ਹੈ। **ਲਗਦਾ ਹੈ**

**ਕਿ ਇਹ ਕਵੀ ਅਯੋਧਿਆ ਨਗਰ ਤੇ ਇਸ ਦੇ ਆਸ-ਪਾਸ ਦੇ ਕੁੱਝ ਖੇਤਰ ਨੂੰ ਹੀ ਸਾਰਾ ਸੰਸਾਰ ਜਾਂ ਧਰਤੀ ਸਮਝੀ ਬੈਠਾ ਹੈ।**

(੨) ਅੰਨ੍ਹੇ ਮਾਂ-ਬਾਪ ਦੀ ਸੇਵਾ ਭਾਵਨਾ ਵਾਲਾ ਆਦਰਸ਼ਕ ਪੁੱਤਰ, ਸ੍ਰਵਣ ਦਸ਼ਰਥ ਕੋਲੋਂ ਗ਼ਲਤੀ ਨਾਲ ਮਾਰਿਆ ਗਿਆ ਸੀ। ਦਸ਼ਰਥ ਪਸ਼ਚਾਤਾਪ ਕਰਕੇ ਮਰ ਜਾਣਾ ਚਾਹੁੰਦਾ ਸੀ। **ਪਰ ਕਹਾਣੀ ਵਿੱਚ ਆਕਾਸ਼ਵਾਣੀ ਰਾਹੀਂ ਉਸਨੂੰ ਮਰਨੋਂ ਰੋਕ ਕੇ ਦਸਿਆ ਗਿਆ ਹੈ। ਆਕਾਸ਼ ਵਾਣੀ ਰਾਹੀਂ ਉਸਨੂੰ ਦਸਿਆ ਗਿਆ ਹੈ ਕਿ ਭਗਵਾਨ ਵਿਸ਼ਨੂੰ ਨੇ ਉਸ ਦੇ ਘਰ ਅਵਤਾਰ ਲੈਣਾ ਹੈ ਇਸ ਲਈ ਉਹ ਮਰਨ ਦਾ ਵਿਚਾਰ ਛੱਡ ਦੇਵੇ। ਆਕਾਸ਼ਵਾਣੀ ਮਹਿਜ਼ ਇੱਕ ਵਹਿਮ ਹੈ। (ਇਹ ਰੇਡੀਓ ਵਾਲੀ ਆਕਾਸ਼ਵਾਣੀ ਨਹੀਂ; ਆਕਾਸ਼ਵਾਣੀ ਤੋਂ ਭਾਵ ਆਸਮਾਨ ਤੋਂ ਆਈਆਂ ਆਵਾਜ਼ਾਂ ਹਨ। ਇਹ ਪੁਰਾਣ-ਪੰਥੀ ਨਾ ਤਾਂ ਆਕਾਸ਼ ਨੂੰ ਸਮਝ ਰਹੇ ਹਨ ਅਤੇ ਨਾ ਹੀ ਇਹਨਾਂ ਆਵਾਜ਼ਾਂ ਦੇ ਬੇ-ਬੁਨਿਆਦ ਕਿੱਸਿਆਂ ਨੂੰ ਆਮ ਪਾਠਕਾਂ ਲਈ ਸਮਝ-ਗੋਚਰਾ ਬਣਾ ਸਕਦੇ ਹਨ।)**

(੩) ਵੱਡੀ ਉਮਰ ਤਕ ਦਸ਼ਰਥ ਦੇ ਘਰ ਸੰਤਾਨ ਨਾ ਪੈਦਾ ਹੋਣ ਕਾਰਨ ਉਸ ਵਲੋਂ ਬ੍ਰਾਹਮਣਾਂ ਤੋਂ ਪੁੱਤਰ ਯੱਗ ਕਰਵਾਇਆ ਗਿਆ ਜਿਸ ਵਿੱਚ ਬ੍ਰਾਹਮਣਾਂ ਨੂੰ ਦਾਨ ਆਦਿਕ ਦਿੱਤਾ ਗਿਆ। ਜੱਗ ਦੀ ਖੀਰ ਦੇ ਚਾਰ ਹਿੱਸੇ ਬਣਾ ਕੇ ਦੋ ਰਾਣੀਆਂ ਨੂੰ ਇੱਕ-ਇੱਕ ਹਿੱਸਾ ਤੇ ਤੀਜੀ ਨੂੰ ਖੀਰ ਦੇ ਦੋ ਹਿੱਸੇ ਖਲਾਏ ਗਏ ਅਤੇ ਇਸ ਖੀਰ ਕਾਰਨ ਦਸ਼ਰਥ ਦੀਆਂ ਤਿੰਨ ਰਾਣੀਆਂ ਦੇ ਘਰ ਚਾਰ ਪੁੱਤਰ ਰਾਮ, ਲਛਮਣ, ਭਰਤ ਤੇ ਸ਼ਤਰੂਘਨ ਪੈਦਾ ਹੋਏ। ਇਹ ਚਾਰੋਂ ਪੁੱਤਰ ਰੱਬ ਦੀ ਵਿਸ਼ੇਸ਼ ਪੈਦਾਇਸ਼ ਹੋਣ ਕਾਰਨ ਜਨਮ ਲੈਣ ਲਈ ੯-੯ ਮਹੀਨਿਆਂ ਦੀ ਥਾਂ ੧੨-੧੨ ਮਹੀਨਿਆ ਤੋਂ ਵੀ ਵੱਧ ਦਾ ਸਮਾਂ ਲੈ ਗਏ। **ਆਕਾਸ਼ਵਾਣੀ ਹੋਣਾ, ਦਸ਼ਰਥ ਵਲੋਂ ਪਹਿਲਾਂ ਵਾਲੀ ਸਾਰੀ ਉਮਰ ਵਿੱਚ ਪੁੱਤਰ ਜੱਗ ਨਾ ਕਰਨਾ ਤੇ ਬੜੀ ਪਿਛਲੇਰੀ ਉਮਰ ਵਿੱਚ ਪੁੱਜ ਕੇ ਪੁੱਤਰ ਯਗ ਦਾ ਆਯੋਜਨ ਕਰਕੇ, ਬ੍ਰਾਹਮਣਾਂ ਨੂੰ ਦਾਨ ਦੇ ਕੇ, ਰਾਣੀਆਂ ਨੂੰ ਖੀਰ ਖਲਾ ਕੇ ਪੁੱਤਰ ਉਤਪੰਨ ਕਰਨ ਦੇ ਯੋਗ ਬਣਾਉਣ ਵਾਲੀਆਂ ਗੱਲਾਂ, ਚਾਰ ਵਿੱਚੋਂ ਦੋ ਭਾਗ ਖੀਰ ਖਾਣ ਵਾਲੀ ਰਾਣੀ ਦੇ ਦੋ ਪੁੱਤਰ ਹੋਣ ਵਾਲੀਆਂ ਗੱਲਾਂ, ਤਾਂ ਕਥਾਨਕ ਦੀ ਰੋਚਕਤਾ ਵਧਾਉਣ ਤੇ ਕਲਪਨਾ ਦੇ ਸੋਮੇ ਤੋਂ ਉਪਜੇ ਹੋਣ ਕਾਰਨ ਕਰਕੇ ਕੁੱਝ-ਕੁੱਝ ਸਮਝ ਲਗਦੇ ਹਨ ਪਰ ਪੁੱਤਰ ਜਨਮਣ ਲਈ ਤਿੰਨਾਂ ਰਾਣੀਆਂ ਨੂੰ ੯-੯ ਮਹੀਨਿਆਂ ਦੀ ਥਾਈਂ ੧੨-੧੨ ਮਹੀਨਿਆਂ ਤੋਂ ਵੀ ਵੱਧ ਦਾ ਸਮਾਂ ਲਗਾਉਣ ਬਾਰੇ ਸ਼ਯਾਮ ਕਵੀ ਵਲੋਂ ਉਹਨਾਂ ਰਾਣੀਆਂ ਨੂੰ ਅਕਾਰਨ ਹੀ ਮਹਿਜ਼ ਜ਼ਲੀਲ ਕਰਾਉਣ ਦੀ ਤੁਕ ਉੱਕੀ ਸਮਝ ਨਹੀਂ**

**ਆ ਰਹੀ।**

(੪) ਰਾਮ ਜੀ ਦਿਨਾਂ ਵਿੱਚ ਵੱਡੇ ਹੋ ਗਏ ਤੇ ਸਭ ਭਰਾਵਾਂ ਨੇ ਅੱਠ ਦਿਨਾਂ ਵਿੱਚ ਸਾਰੀ ਯੁੱਧ ਵਿਦਿਆ ਸਿਖ ਲਈ। **ਅੱਠ ਦਿਨਾਂ ਵਿੱਚ ਸਾਰੀ ਯੁੱਧ ਵਿਦਿਆ ਕਿਵੇਂ ਸਿਖੀ ਗਈ? ਇਹ ਕੌਣ ਸਮਝਾਏਗਾ?**

(੫) ਆਮ ਪ੍ਰਚਲਿਤ ਕਹਾਣੀ ਵਿੱਚ ਰਾਮ ਜੀ ਤੇ ਸੀਤਾ ਜੀ ਨੂੰ ਆਦਰਸ਼ ਪਾਤਰਾਂ ਦੇ ਤੌਰ ਤੇ ਦਸਿਆ ਹੈ ਅਤੇ ਤੁਲਸੀ ਦੇ ਰਾਮਚਰਿਤ ਮਾਨਸ ਵਿੱਚ ਵੀ ਰਾਮ ਜੀ ਨੂੰ (ਬਮੈਅ ਸੀਤਾ ਜੀ ਦੇ) ਮਰਯਾਦਾ ਪੁਰਸ਼ੋਤਮ ਕਰ ਕੇ ਬਿਆਨਿਆ ਗਿਆ ਹੈ ਪਰ ਇਸ ਲਿਖਾਰੀ ਨੇ **ਹੇਠ ਲਿਖੇ ਲਫ਼ਜ਼ ਲਿਖ ਕੇ ਸੀਤਾ ਜੀ ਦੀ ਇੱਕ ਤਰ੍ਹਾਂ ਬਹੁਤ ਹਤਕ ਜਿਹੀ ਹੀ ਕੀਤੀ ਹੈ ਤੇ ਉਹਨਾਂ ਨੂੰ ਬੜੇ ਘਟੀਆ ਤੇ ਗਿਰੇ ਜਿਹੇ ਰੂਪ ਵਿੱਚ ਪੇਸ਼ ਕਰ ਦਿੱਤਾ ਹੈ।** ਸੁਅੰਬਰ ਸਮੇਂ ਸ਼ਿਵ ਧਨੁੱਖ ਰਾਹੀਂ ਪਰੀਖਿਆ ਦੀ ਗੱਲ ਵੀ ਸ਼ਾਇਦ ਸਮਝ ਪੈ ਜਾਏ ਪਰ ਰਾਮ ਜੀ ਨੂੰ ਨਗਰ ਵਿੱਚ ਵੜਦਿਆਂ ਦੇਖ ਕੇ ਹੀ **ਸੀਤਾ ਜੀ ਦਾ ਕਾਮ ਵੱਸ ਹੋ ਕੇ ਹਾਲੋਂ-ਬੇਹਾਲ ਹੋ ਜਾਣਾ ਕਥਾਨਕ ਨੂੰ ਬਹੁਤ ਘਟੀਆ ਬਣਾ ਗਿਆ ਹੈ।** ਤ੍ਰਿਯਾ-ਚਰਿਤ੍ਰਾਂ ਵਾਲੀ ਲਿਖਤ ਦੀ ਤਰ੍ਹਾਂ ਇੱਥੇ ਵੀ ਇਹ ਸਾਕਤ-ਮੱਤੀਆ ਸ਼ਜਾਮ ਆਪਣੀ ਅਸ਼ਲੀਲਤਾ ਤੋਂ ਬਾਜ਼ ਨਹੀਂ ਆਇਆ।

**ਸੀਆ ਪੇਖ ਰਾਮੰ॥ ਬਿਧੀ ਬਾਣ ਕਾਮੰ॥**
**ਗਿਰੀ ਝੂਮਿ ਭੂਮੰ॥ ਮਦੀ ਜਾਣ ਘੂਮੰ॥** (ਪੰਨਾ ੧੯੬)

**ਸੀਤਾ ਜੀ ਦਾ ਕਾਮ ਦੇ ਤੀਰਾਂ ਨਾਲ ਵਿੰਨਿਆ ਜਾਣਾ ਅਤੇ ਰਾਮ ਜੀ ਨੂੰ ਦੇਖਣ ਮਾਤਰ ਤੇ ਹੀ ਸ਼ਰਾਬੀ ਦੀ ਤਰ੍ਹਾਂ ਮਦ-ਮੱਸਤ ਹੋ ਕੇ ਚੱਕਰ ਖਾ ਕੇ ਧਰਤੀ ਤੇ ਡਿੱਗ ਪੈਣਾ ਧਰਮੀ ਪੁਰਖਾਂ ਨੂੰ ਜਚ ਨਹੀਂ ਰਿਹਾ ਪਰ ਸਾਕਤ ਮੱਤੀਏ ਸ਼ਜਾਮ ਦੀਆਂ ਕਾਮੁਕ ਰੁੱਚੀਆਂ ਆਦਿਕ ਦਾ ਅਸੀਂ ਕੀ ਕਰ ਸਕਦੇ ਹਾਂ?**

(੬) ਸੀਤਾ ਸੁਅੰਬਰ ਵੇਲੇ ਰਾਮ ਜੀ ਨੇ ਸ਼ਿਵ ਧਨੁੱਖ ਹੀ ਭੰਨ ਕੇ ਰਖ ਦਿੱਤਾ। ਪਰਸ਼ੂਰਾਮ ਜੀ ਆਏ ਅਤੇ ਉਹ ਰਾਮ ਜੀ ਤੇ ਵਰ੍ਹੇ ਤੇ ਦੋਹਾਂ ਵਿੱਚ ਜੰਗ ਹੋਇਆ। ਪਰਸ਼ੂਰਾਮ ਦਾ ਕੁਹਾੜਾ ਰਾਮ ਜੀ ਵਲੋਂ ਤੋੜ ਦਿੱਤਾ ਗਿਆ।

ਇਥੇ ਇਹ ਗੱਲ ਧਿਆਨ ਮੰਗਦੀ ਹੈ ਕਿ **ਪਰਸ਼ੂਰਾਮ ਜੀ ਪਿੱਛੇ ਜਿਹੇ ਵਿਸ਼ਨੂੰ ਜੀ ਦੇ ੯ਵੇਂ ਅਵਤਾਰ ਦੇ ਤੌਰ ਤੇ ਬਿਆਨੇ ਜਾ ਚੁੱਕੇ ਹਨ ਪਰ ਇੱਥੇ ਫ਼ਿਰ ਆ ਟਪਕੇ ਹਨ।** ਭਗਵਾਨ ਦੇ ਇਹਨਾਂ ਦੋਹਾਂ ਅਵਤਾਰਾਂ ਦੇ ਇਕੱਠੇ ਹੋ ਜਾਣ ਦੀ ਗੱਲ ਬੜੀ ਅਜੀਬ ਜਿਹੀ ਲਗਦੀ ਹੈ। ਇਹ ਦੋਵੇਂ ਵਿਸ਼ਨੂੰ ਜੀ ਦੇ ਹੀ ਅਵਤਾਰ ਹਨ ਅਤੇ ਕਹਾਣੀ ਵਿੱਚ ਆਪੋ

ਵਿੱਚ ਵਿਰੋਧੀ ਦੱਸੇ ਗਏ ਹਨ।

(੭) ਫ਼ਿਰ ਜਦੋਂ-ਜਦੋਂ ਧਰਮ ਦੀ ਗਲਾਨੀ ਹੁੰਦੀ ਹੈ ਧਰਮ ਦੀ ਸੰਸਥਾਪਨਾ ਲਈ ਭਗਵਾਨ ਜੀ ਵਲੋਂ ਦੇਹ ਰੂਪ ਵਿੱਚ ਜਨਮ ਲੈਣ ਤੇ ਭਾਂਤ ਸੁਭਾਂਤੀ ਕਾਰਵਾਈ ਪਾਉਂਦੇ ਫਿਰਨ ਦੀ ਗੱਲ ਤਾਂ ਸ਼ਾਇਦ ਕੁੱਝ ਬੰਦੇ ਮੰਨ ਹੀ ਜਾਣ **ਪਰ ਹੁਣ ਇਹ ਦੋਵੇਂ ਭਗਵਾਨ ਆਪੋ ਵਿੱਚ ਜੰਗ ਕਰਦੇ ਦਸੇ ਗਏ ਹਨ ਅਤੇ ਇਸ ਗੱਲ ਨੂੰ ਪਚਾ ਸਕਣਾ ਕਾਫ਼ੀ ਔਖਾ ਹੈ।**

ਜੰਗ ਵੇਲੇ ਦੋ ਭਗਵਾਨਾਂ ਦਾ ਕਵੀ ਸ਼ਯਾਮ ਵਲੋਂ ਦਿੱਤਾ ਸਾਰਾ ਵਾਰਤਾਲਾਪ ਪੜ੍ਹਨ-ਸੁਣਨ ਵਾਲਾ ਹੈ। **ਕੁੱਕੜਾਂ ਦੀ ਤਰ੍ਹਾਂ ਦੋਹਾਂ ਭਗਵਾਨਾਂ ਨੂੰ ਲੜਦਿਆਂ ਦੇਖ ਤੇ ਉਹਨਾਂ ਦੇ ਬਚਨ ਸੁਣ ਕੇ ਹਾਸਾ ਛੁੱਟ ਜਾਂਦਾ ਹੈ ਉੱਥੇ ਅਵਤਾਰਵਾਦ ਵਾਲਾ ਇਹ ਥੋਥਾ ਸਿਧਾਂਤ ਆਪਣੀ ਕਲਈ ਖੁਲ੍ਹ ਜਾਣ ਪਿੱਛੋਂ ਡਿਗਦਾ ਢਹਿੰਦਾ ਪ੍ਰਤੀਤ ਹੁੰਦਾ ਹੈ,** ਯਥਾ :-

**ਪਰਸਰਾਮ ਬਾਚ ਰਾਮ ਸੋ :**

**ਜੇਤਕ ਬੈਨ ਕਹੇ ਸੁ ਕਹੇ, ਜੁ ਪੈ ਫੇਰਿ ਕਹੇ ਤੁ ਪੈ ਜੀਤ ਨ ਜੈਹੋ।**
**ਹਾਥਿ ਹਥਿਆਰ ਗਹੇ ਸੁ ਗਹੇ, ਜੁ ਪੈ ਫੇਰਿ ਗਹੇ ਤੁਪੈ ਫੇਰਿ ਨ ਲੈਹੋ।**
**ਰਾਮ ਰਿਸੈ ਰਣ ਮੈ ਰਘੁਬੀਰ ਕਹੋ ਭਜਿ ਕੈ ਕਤ ਪ੍ਰਾਨ ਬਚੈਹੋ।**
**ਤੋਰ ਸ਼ਰਾਸਨ ਸ਼ੰਕਰ ਕੋ, ਹਰਿ ਸੀਅ ਚਲੇ ਘਰਿ ਜਾਨ ਨ ਪੈਹੋ।੧੫੦।।**

**(ਪੰਨਾ ੧੯੮)**

(ਜੋ ਗੱਲਾਂ ਮੂੰਹੋਂ ਕੱਢ ਚੁੱਕਾ ਹੈਂ; ਉਹ ਤਾਂ ਕੱਢੀਆਂ ਗਈਆਂ, ਹੁਣ ਹੋਰ ਫ਼ਾਲਤੂ ਗੱਲ ਮੂੰਹੋਂ ਕੱਢਣ ਨਾਲ ਜ਼ਿੰਦਾ ਵਾਪਸ ਨਹੀਂ ਜਾ ਸਕੇਂਗਾ। ਹੁਣ ਤਕ ਜੋ ਹਥਿਆਰ ਤੂੰ ਚੁੱਕ ਚੁੱਕਾ ਹੈਂ, ਚੁੱਕ ਚੁੱਕਾ ਹੈਂ; ਪਰ ਹੁਣ ਹੋਰ ਚੁੱਕ ਕੇ ਵਾਪਸ ਨਹੀਂ ਜਾ ਸਕੇਂਗਾ। ਪਰਸਰਾਮ ਨੇ ਗੁੱਸੇ ਵਿੱਚ ਕਿਹਾ ਕਿ ਹੇ ਰਾਮਚੰਦ੍ਰ, ਤੂੰ ਸ਼ੰਕਰ ਜੀ ਦਾ ਧਨੁੱਖ ਤੋੜ ਕੇ ਇਹ ਕਿਵੇਂ ਸੋਚ ਲਿਆ ਕਿ ਹੁਣ ਤੂੰ ਸੀਤਾ ਨੂੰ ਇੱਥੋਂ ਲੈ ਕੇ ਘਰ ਚਲਾ ਜਾਏਂਗਾ ? )

**ਰਾਮ ਬਾਚ ਪਰਸਰਾਮ ਸੋ :**

**ਬੋਲ ਕਹੇ ਸਹੇ ਦਿਜ ਜੂ, ਜੁ ਪੈ ਫੇਰਿ ਕਹੇ ਤੁ ਪੈ ਪ੍ਰਾਨ ਖ੍ਵੈਹੋ।**
**ਬੋਲਤ ਐਂਟ ਕਹਾਂ ਸਠ ਜਿਉਂ ਸਭ ਦਾਂਤ ਤੁਰਾਇ ਅਬੈ ਘਰਿ ਜੈਹੋ।**
**ਧੀਰ ਤਬੈ ਲਹਿਹੈ ਤੁਮ ਕਉ, ਜਦ ਭੀਰ ਪਰੀ ਇਕ ਤੀਰ ਚਲੈਹੋ।**
**ਬਾਤ ਸੰਭਾਰ ਕਹੋ ਮੁਖਿ ਤੇ, ਇਨ ਬਾਤਨ ਕੋ ਅਬ ਹੀ ਫਲ ਪੈਹੋ।੧੫੧।**

**(ਪੰਨਾ ੧੯੯)**

(ਹੇ ਬਾਹਮਣ ਜੀ, ਜੋ ਬੋਲ ਤੂੰ ਬਕ ਚੁੱਕਿਆਂ ਹੈਂ, ਉਹ ਤਾਂ ਹੁਣ ਬੋਲੇ ਗਏ ਹਨ, ਪਰ ਜੇ ਤੂੰ ਦੁਬਾਰਾ ਉਹੋ ਬੋਲ ਬੋਲੇ ਤਾਂ ਜਾਨ ਤੋਂ ਹੱਥ ਧੋ ਬੈਠੇਂਗਾ। ਦੁਸ਼ਟ ਦੀ ਤਰ੍ਹਾਂ ਤੂੰ ਕੀ ਟਾਂ-ਟਾਂ ਲਗਾ ਰੱਖੀ ਹੈ, ਤੂੰ ਤਾਂ ਹੁਣੇ ਮੇਰੇ ਕੋਲੋਂ ਆਪਣੇ ਸਾਰੇ ਦੰਦ ਭੰਨਾ ਕੇ ਘਰ ਵਾਪਸ ਜਾਏਂਗਾ। ਤੂੰ ਠੰਡਾ ਹੀ ਤਦ ਹੋਵੇਂਗਾ ਜੇ ਮੈਂ ਤੈਨੂੰ ਇੱਕ ਅੱਧ ਤੀਰ ਠੋਕ ਦਿਆਂ। ਮੂੰਹ ਸੰਭਾਲ ਕੇ ਗੱਲ ਕਰ ਕਿਉਂਕਿ ਮੈਂ ਤੈਨੂੰ ਇਹਨਾਂ ਗੱਲਾਂ ਦਾ ਹੁਣੇ ਸੁਆਦ ਚਖਾਉਣਾ ਹੈ)

(੮) ਕੈਕਈ ਨੂੰ ਚੁੱਕਣਾ ਦੇਣ ਵਾਲੀ ਮੰਥਰਾ ਬ੍ਰਹਮਾ ਜੀ ਵਲੋਂ ਭੇਜੀ ਦਸ ਕੇ **ਕਹਾਣੀ ਇਹ ਸਾਬਤ ਕਰਦੀ ਹੈ ਕਿ ਅਸਲ ਸ਼ਰਾਰਤ ਕੈਕਈ ਵਲੋਂ ਨਹੀਂ, ਬ੍ਰਹਮਾ ਜੀ ਵਲੋਂ ਕੀਤੀ ਗਈ ਸੀ। ਫ਼ਿਰ ਤਾਂ ਕੈਕਈ ਬਰੀ ਹੋ ਗਈ।**

**ਮੰਥਰਾ ਇਕ ਗਾਂਧ੍ਰਬੀ, ਬ੍ਰਹਮਾ ਪਠੀ ਤਿਹ ਕਾਲ॥**
**ਬਾਜ ਸਾਜ ਸਣੈ ਚੜ੍ਹੀ ਸਭ ਸ਼ੁਭ੍ਰ ਧਉਲ ਉਤਾਲ॥੧੯੮॥...**
**ਜਾਤ ਹੀ ਸੰਗਿ ਕੇਕਈ ਇਹ ਭਾਂਤਿ ਬੋਲੀ ਬਾਤਿ॥**
**ਹਾਥ ਬਾਤ ਛੁਟ ਚਲੀ, ਬਰ ਮਾਂਗ ਹੈਂ ਕਿਹ ਰਾਤਿ॥੧੯੯॥**

(ਪੰਨਾ ੨੦੩)

ਬ੍ਰਹਮਾ ਜੀ ਤ੍ਰੈਮੂਰਤੀ ਦੇ ਤਿੰਨ ਭਗਵਾਨਾਂ ਵਿੱਚੋਂ ਇੱਕ ਹਨ। **ਕਮਾਲ ਦੇ ਹਨ ਇਹ ਭਗਵਾਨ ਤੇ ਕਮਾਲ ਦੇ ਹੀ ਹਨ ਇਹਨਾਂ ਦੇ ਅਵਤਾਰ; ਜਿਹਨਾਂ ਦਾ ਆਪੋ ਵਿੱਚ ਕੋਈ ਤਾਲ ਮੇਲ ਹੀ ਨਹੀਂ ਬਣ ਰਿਹਾ।**

(੯) ਕੁਬਚਨ ਬੋਲਣ ਵਿੱਚ ਲਗਪਗ ਸਾਰੇ ਪਾਤਰ ਹੀ ਸ਼ੇਰ ਬਣਾ ਕੇ ਪੇਸ਼ ਕੀਤੇ ਗਏ ਹਨ। ਵੈਸੇ **ਅਵਤਾਰ-ਵਾਦੀ ਭਗਤ ਇਹਨਾਂ ਸਭ ਮਰਯਾਦਾ ਪੁਰਸ਼ੋਤਮਾਂ ਦੀ ਉਪਮਾ ਕਰਦੇ ਥਕਦੇ ਹੀ ਨਹੀਂ ਪਰ ਬੋਲਣ ਵੇਲੇ ਲਛਮਣ ਜੀ ਨੇ ਵੀ ਅੱਗਾ-ਪਿੱਛਾ ਨਹੀਂ ਦੇਖਿਆ।** ਪਿਤਾ ਦਸ਼ਰਥ ਪ੍ਰਤੀ ਲਛਮਣ ਜੀ ਦੇ ਬਚਨ ਕੇਵਲ ਗੰਭੀਰ ਵਿਚਾਰ ਦੇ ਹੀ ਯੋਗ ਨਹੀਂ, ਬਹੁਤ ਇਤਰਾਜ਼ ਯੋਗ ਵੀ ਹਨ, ਯਥਾ :-

**ਲਛਮਣ ਵਾਚ :**
**ਕਾਮ ਕੇ ਬਾਨ ਬਧਿਯੋ ਬਸ ਕਾਮਨਿ,**
**ਕੂਰ ਕੁਚਾਲ ਮਹਾਂ ਮਤਿ ਹੀਨੇ।**
**ਰਾਂਡ ਕੁਭਾਂਡ ਕੇ ਹਾਥਿ ਬਿਕਿਯੋ,**
**ਕਪਿ ਨਾਚਤ ਨਾਚ ਛਰੀ ਜਿਮ ਚੀਨੇ।** (ਪੰਨਾ ੨੦੭)

(ਸਾਡੀ ਮਤਰੇਈ ਮਾਂ ਕੈਕਈ ਨੇ ਕਾਮ ਦੇ ਤੀਰਾਂ ਨਾਲ ਸਾਡੇ ਪਿਤਾ ਦਸ਼ਰਥ ਨੂੰ ਵਿੰਨ੍ਹ ਰਖਿਆ ਹੈ ਅਤੇ ਉਸਦੀ ਕੁਚਾਲ ਨਾਲ ਉਹ ਨਿਰਬੁੱਧ ਹੋ

ਗਿਆ ਹੈ ਉਹ ਗੰਦੀ ਤੇ ਰੰਡੀ ਔਰਤ ਦੇ ਹੱਥੋਂ ਵਿਕ ਕੇ ਉਸ ਹੱਥੋਂ ਬਾਂਦਰ ਦੀ ਤਰ੍ਹਾਂ ਨੱਚ ਰਿਹਾ ਹੈ।)

**ਕਾਮ ਕੋ ਡੰਡ ਲੀਏ ਕਰ ਕੇਕਈ, ਬਾਨਰ ਜਿਉਂ ਨ੍ਰਿਪ ਨਾਚ ਨਚਾਵੈ॥**
**ਐਠਨ ਐਠ ਆਮੈਠ ਲੀਏ, ਢਿਗ ਬੈਠ ਸੂਆ ਜਿਮ ਪਾਠ ਪੜ੍ਹਾਵੈ॥**

(ਪੰਨਾ ੨੦੭)

(ਕੈਕਈ ਕਾਮ ਦਾ ਡੰਡਾ ਹੱਥ ਵਿੱਚ ਫੜ ਕੇ ਸਾਡੇ ਪਿਤਾ ਦਸ਼ਰਥ ਨੂੰ ਬਾਂਦਰ ਦੀ ਤਰ੍ਹਾਂ ਨਚਾ ਰਹੀ ਹੈ। ਹੰਕਾਰਨ ਤੇ ਅਮੋੜ ਕੈਕਈ ਦਸ਼ਰਥ ਕੋਲ ਬੈਠ ਕੇ ਉਸ ਨੂੰ ਤੋਤੇ ਦੀ ਤਰ੍ਹਾਂ ਪੁੱਠੇ ਸਬਕ ਪੜ੍ਹਾ ਰਹੀ ਹੈ।)

(੧੦) ਬਨਵਾਸ ਦੌਰਾਨ ਇੱਕ ਦਿਨ ਰਾਮ ਜੀ ਗੋਦਾਵਰੀ ਕੰਢੇ ਗਏ ਤੇ ਉਹ ਸਰੂਪਨਖਾ ਦੇ ਬਾਗ਼ ਵਿੱਚ ਜਾ ਵੜੇ। ਉਹ ਰਾਮ ਵਲ ਵਿਮੋਹਿਤ ਹੋਈ ਤੇ ਉਸਨੇ ਰਾਮ ਨਾਲ ਸ਼ਾਦੀ ਕਰਨ ਦਾ ਇਰਾਦਾ ਜ਼ਾਹਿਰ ਕੀਤਾ। ਰਾਮ ਜੀ ਨੇ ਮਖ਼ੌਲ ਕਰਦਿਆਂ ਭਾਵੇਂ ਆਪਣੇ ਆਪ ਨੂੰ ਤਾਂ ਸ਼ਾਦੀ-ਸ਼ੁਦਾ ਦੱਸਿਆ ਪਰ ਉਸਨੂੰ ਲਛਮਣ ਵੱਲ ਭੇਜ ਦਿੱਤਾ ਜਦ ਕਿ ਲਛਮਣ ਵੀ ਵਿਆਹਿਆ ਹੋਇਆ ਸੀ। ਉਸਨੂੰ ਸ਼ਾਦੀ ਦਾ ਪ੍ਰਸਤਾਵ ਰਖਣ ਪੁਰ ਲਛਮਣ ਨੇ ਉਸਦਾ ਨੱਕ ਤੇ ਗੁੱਤ ਦੋਨੋ ਕੱਟ ਦਿੱਤੇ। ਸਰੂਪਨਖਾ, ਲਛਮਣ ਤੇ ਰਾਮ ਹੱਥੋਂ ਜ਼ਲੀਲ ਤੇ ਖ਼ੁਆਰ ਹੋਣ ਪਿੱਛੋਂ ਆਪਣੇ ਭਰਾ ਰਾਵਣ ਕੋਲ ਇਸ ਸਬੰਧੀ ਸ਼ਿਕਾਇਤ ਲੈ ਕੇ ਗਈ ਸੀ।

ਜੇ ਇਹ ਕਥਾਨਕ ਸਹੀ ਹੈ ਤਾਂ ਸੁਆਲ ਪੈਦਾ ਹੁੰਦਾ ਹੈ ਕਿ **ਕੀ ਧਰਮ ਦੀ ਸੰਸਥਾਪਨਾ ਕਰਨ ਵਾਲੇ ਅਵਤਾਰ ਜੀ ਨੂੰ ਇੱਕ ਇਸਤ੍ਰੀ ਨਾਲ ਇਹ ਮਜ਼ਾਕ ਕਰਨਾ ਸ਼ੋਭਦਾ ਸੀ ਕਿ ਸਰੂਪਨਖ਼ਾ ਉਸਦੇ ਭਰਾ ਲਛਮਣ ਨਾਲ ਸ਼ਾਦੀ ਕਰ ਲਵੇ ਜਿਸ ਬਾਰੇ ਉਹਨਾਂ ਨੂੰ ਚੰਗੀ ਤਰ੍ਹਾਂ ਪਤਾ ਹੀ ਸੀ ਕਿ ਉਹ ਵੀ ਸ਼ਾਦੀ-ਸ਼ੁਦਾ ਹੈ। ਫ਼ਿਰ ਸਰੂਪਨਖਾ ਦਾ ਨੱਕ ਤੇ ਗੁੱਤ ਕੱਟ ਦੇਣੀ ਤਾਂ ਬੜਾ ਘਿਨਾਉਣਾ ਤੇ ਫ਼ੌਜਦਾਰੀ ਅਪਰਾਧ ਹੈ।**

(੧੧) ਰਾਮ ਅਤੇ ਲਛਮਣ ਨੂੰ ਮਾਰਨ ਲਈ ਰਾਵਣ ਦੇ ਘਲੇ ਦੋ ਦੈਂਤ ਖਰ ਤੇ ਦੂਸ਼ਣ ਵੀ ਮਾਰੇ ਗਏ। ਰਾਵਣ ਦੇ ਭੇਜੇ ਮਾਰੀਚ ਦੈਂਤ ਨੇ ਸੁਨਹਿਰੀ ਹਿਰਨ ਬਣ ਕੇ ਰਾਮ-ਸੀਤਾ ਦੀ ਕੁਟੀਆ ਵਲ ਜਾਣਾ ਕੀਤਾ। ਸੀਤਾ ਜੀ ਦੇ ਕਹੇ ਤੇ ਰਾਮ ਹਿਰਨ ਦੇ ਸ਼ਿਕਾਰ ਤੇ ਤੁਰ ਪਏ। **ਸੀਤਾ-ਹਰਨ ਵਾਲੇ ਪ੍ਰਸੰਗ ਵਿੱਚ ਸਾਫ਼ ਲਿਖਿਆ ਗਿਆ ਹੈ ਕਿ ਇਸ ਛਲ ਭਰਪੂਰ ਹਿਰਨ ਬਾਰੇ ਰਾਮ ਜੀ ਨੂੰ ਸਭ ਕੁੱਝ ਪਹਿਲਾਂ ਹੀ ਮਲੂਮ ਸੀ। ਇਸ ਬਾਰੇ ਸਭ ਕੁੱਝ ਸੀਤਾ ਤੇ ਲਛਮਣ ਨੂੰ ਦਸ ਦੇਣ ਪਿੱਛੋਂ ਹਿਰਨ ਮਗਰ**

**ਦੌੜਨ ਤੇ ਲਛਮਣ ਨੂੰ ਸੀਤਾ ਦੀ ਰਖਵਾਲੀ ਕਰਨ ਦੀ ਤਾਕੀਦ ਦੀ ਤੁਕ ਬੇ-ਮਾਅਨੀ ਹੈ,** ਪਰ ਧਨ ਹਨ ਅਵਤਾਰ-ਵਾਦੀ ਭਗਤ ਜੋ ਇਸ ਸਭ ਕਾਸੇ ਨੂੰ ਭਗਵਾਨ ਜੀ ਦੀ ਲੀਲਾ ਕਹਿੰਦੇ ਨਹੀਂ ਥਕਦੇ। ਭਗਵਾਨ ਜੀ ਦੇ ਸੀਤਾ ਤੇ ਲਛਮਣ ਪ੍ਰਤੀ ਕਹੇ ਬਚਨ ਵਿਚਾਰਨੀਯ ਹਨ :-

**ਰਾਮ ਬਾਚ :**
**ਸੀਅ ਮ੍ਰਿਗਾ ਕਹੂੰ ਕੰਚਨ ਕੋ ਨਹਿ ਕਾਨ ਸੁਨਜੋ ਬਿਧਿ ਨੈ ਨ ਬਨਾਯੋ॥**
**ਬੀਸ ਬਿਸਵੇ ਛਲ ਦਾਨਵ ਕੋ ਬਨ ਮੈ ਜਿਹ ਆਨ ਤੁਮੈ ਡਹਕਾਯੋ॥**
**ਪਿਆਰੀ ਕੋ ਆਇਸ ਮੇਟ ਸਕੈ ਨ ਬਿਲੋਕ ਸੀਆ ਕੋ ਆਤੁਰ ਭਾਰੀ॥**
**ਬਾਂਧਿ ਨਿਖੰਗ ਚਲੇ ਕਟਿ ਸੌਂ ਕਹਿ ਭ੍ਰਾਤ ਈਹਾਂ ਕਰਿਜੈ ਰਖਵਾਰੀ॥੩੫੩॥**

**(ਪੰਨਾ ੨੧੬)**

ਮਾਰੀਚ ਨੇ ਰਾਮ ਦੀ ਨਕਲ ਉੱਤੇ ਉਹਨਾਂ ਦੀ ਆਵਾਜ਼ ਵਿੱਚ ਚੀਕਾਂ ਮਾਰੀਆਂ। ਲਛਮਣ ਨੇ ਸੀਤਾ ਦੀ ਕੁਟੀਆ ਤੇ ਰਾਮ-ਕਾਰ ਵਾਲੀ ਰੇਖਾ ਖਿੱਚ ਕੇ ਉਸਨੂੰ ਉਸਦੇ ਅੰਦਰ ਰਹਿਣ ਦੀ ਹਿਦਾਇਤ ਕਰ ਦਿੱਤੀ ਸੀ। ਲਛਮਣ ਰਾਮ ਦੀ ਆਵਾਜ਼ ਵਾਲੇ ਪਾਸੇ ਨੂੰ ਦੌੜਿਆ। ਪਿੱਛੋਂ ਰਾਵਣ ਜੋਗੀ ਦਾ ਭੇਸ ਧਾਰ ਕੇ ਸੀਤਾ ਜੀ ਕੋਲ ਪੁੱਜਿਆ ਤੇ ਸੀਤਾ ਜੀ ਦੇ ਰਾਮ-ਕਾਰ ਰੇਖਾ ਤੋਂ ਬਾਹਰ ਵਾਰ ਆ ਕੇ ਭਿੱਛਿਆ ਦੇਣ ਸਮੇਂ ਉਹਨਾਂ ਨੂੰ ਚੁੱਕ ਕੇ ਲੰਕਾ ਵੱਲ ਹਵਾ ਦੇ ਰਸਤੇ ਉੱਡ ਕੇ ਜਾ ਪੁੱਜਾ।

ਇਹ ਗੱਲ ਸਮਝ ਨਹੀਂ ਆਉਂਦੀ ਕਿ **ਜੇ ਲਛਮਣ ਐਸੀ ਰਾਮ-ਕਾਰ ਜਾਂ ਲਛਮਣ ਰੇਖਾ ਖਿੱਚ ਸਕਦਾ ਸੀ ਜਿਸਦੇ ਅੰਦਰ-ਅੰਦਰ ਰਹਿਣ ਨਾਲ ਸੀਤਾ ਦੁਸ਼ਮਣ ਦੀ ਪਕੜ ਵਿੱਚ ਨਹੀਂ ਸੀ ਆ ਸਕਦੀ ਤਾਂ ਕੀ ਸੀਤਾ ਜੀ ਨੂੰ ਇਤਨੀ ਆਮ ਪੱਧਰ ਜਿਡੀ ਸਮਝ ਵੀ ਕਿਉਂ ਨਹੀਂ ਸੀ ਕਿ ਉਸ ਰੇਖਾ ਦੇ ਅੰਦਰ-ਅੰਦਰ ਰਹਿੰਦੀ ਅਤੇ ਕੀ ਲਛਮਣ ਨੂੰ ਵੀ ਉਸ ਵੇਲੇ ਤਕ ਇਤਨੀ ਗੱਲ ਵੀ ਸਾਫ਼ ਨਹੀਂ ਸੀ ਹੋ ਸਕੀ ਕਿ ਸੀਤਾ ਜੀ ਲਛਮਣ-ਰੇਖਾ ਜਾਂ ਰਾਮ ਕਾਰ ਦੇ ਅੰਦਰ ਟਿਕ ਕੇ ਰਹਿਣ ਵਾਲੀ ਚੀਜ਼ ਨਹੀਂ ਸਨ?**

(੧੨) ਰਾਮ ਜੀ ਨੇ ਬਾਲੀ ਦੇ ਭਰਾ ਸੁਗ੍ਰੀਵ ਨੂੰ ਬਾਲੀ-ਵਿਰੁੱਧ ਆਪਣੇ ਨਾਲ ਗੰਢ ਲਿਆ ਸੀ। ਹਨੂਮਾਨ ਨੇ ਸਮੁੰਦਰ ਪਾਰ ਕਰ ਕੇ ਰਾਵਣ ਦੀ ਅਸ਼ੋਕ ਵਾਟਿਕਾ ਜਾ ਉਜਾੜੀ ਤੇ ਸੀਤਾ ਜੀ ਨੂੰ ਜਾ ਮਿਲਿਆ। ਬਾਲੀ ਦੇ ਲੜਕੇ ਅੰਗਦ ਅਤੇ ਰਾਵਣ ਦੇ ਭਰਾ ਵਿਭੀਸ਼ਣ ਨੂੰ ਵੀ ਰਾਮ ਜੀ ਨੇ

ਆਪਣੇ ਨਾਲ ਗੰਢ ਲਿਆ ਸੀ। **'ਪਾੜੋ ਤੇ ਰਾਜ ਕਰੋ' ਵਾਲੀ ਨੀਤੀ ਘਟੋ ਘਟ ਧਰਮ ਸੰਸਥਾਪਨਾ ਕਰਨ ਵਾਲੇ ਭਗਵਾਨ ਲਈ ਤਾਂ ਇਤਰਾਜ਼-ਯੋਗ ਹੀ ਹੈ।**

(੧੩) ਕੁੰਭਕਰਨ ਸੌਂਦਾ ਸੀ ਤਾਂ ਉਸਦੀਆਂ ਨਾਸਾਂ ਵਿੱਚ ਹਾਥੀ ਤੇ ਘੋੜੇ ਵੜ ਜਾਂਦੇ ਸਨ। ਰਾਵਣ ਨੇ ਲਛਮਣ ਤੇ ਹਮਲਾ ਬੋਲ ਕੇ ਉਸ ਨੂੰ ਮ੍ਰਿਤ ਸਮਾਨ ਜਾਂ ਬੇਹੋਸ਼ ਜਿਹਾ ਕਰ ਦਿੱਤਾ ਸੀ। ਹਨੂੰਮਾਨ ਉਸ ਨੂੰ ਰਾਜ਼ੀ ਕਰਨ ਲਈ ਸੰਜੀਵਨੀ ਲੈਣ ਗਿਆ ਪਰ ਸਾਰਾ ਪਹਾੜ ਚੁੱਕ ਲਿਆਇਆ। ਇਥੇ ਕਹਾਣੀ **ਗ਼ੈਰ-ਕੁਦਰਤੀ ਅਤੇ ਮਨਘੜਤ ਕਥਾਨਕਾਂ ਤੇ ਅਜਿਹੀਆਂ ਗੱਲਾਂ ਨਾਲ ਭਰੀ ਪਈ ਹੈ ਜਿਸ ਉੱਤੇ ਵਿਗਿਆਨਕ ਸੋਚ ਵਾਲਾ ਕੋਈ ਬੰਦਾ ਵਿਸ਼ਵਾਸ ਨਹੀਂ ਕਰ ਸਕਦਾ।**

(੧੪) ਇੱਕ ਬੰਦਾ ਆਪਣਾ ਮੋਇਆ ਮੁੰਡਾ ਚੁੱਕ ਕੇ ਰਾਮ ਜੀ ਕੋਲ ਲੈ ਆਇਆ ਤੇ ਪਤਾ ਚਲਿਆ ਕਿ ਰਾਮ ਜੀ ਦੇ ਵੱਧੀਆ ਰਾਜ ਵਿੱਚ ਇਹ ਮੁੰਡਾ ਕੇਵਲ ਇਸ ਕਰ ਕੇ ਕੁਵੇਲੇ ਮਰ ਗਿਆ ਸੀ ਕਿਉਂਕਿ ਰਾਮ-ਰਾਜ ਵਿੱਚ ਇੱਕ ਵੱਡਾ ਪਾਪ ਕਰਮ ਵਾਪਰ ਰਿਹਾ ਸੀ ਕਿ ਇੱਕ ਸ਼ੂਦਰ ਸੰਭੂਕ ਜੰਗਲ ਵਿੱਚ ਜਾਂ ਖੂਹ ਵਿੱਚ ਪੁੱਠਾ ਲਟਕ ਕੇ ਤਪ ਕਰ ਰਿਹਾ ਹੈ। **ਐਸੇ ਰਾਜ ਨੂੰ ਆਦਰਸ਼ਕ ਤੇ ਧਰਮ ਦਾ ਰਾਜ ਕਿਵੇਂ ਮੰਨਿਆ ਜਾ ਸਕਦਾ ਹੈ ਜਿਸ ਵਿੱਚ ਦਲਿਤਾਂ ਨੂੰ ਸ਼ੂਦ੍ਰ ਕਰਾਰ ਦੇ ਕੇ ਉਹਨਾਂ ਤੇ ਇਤਨਾ ਜ਼ੁਲਮ ਕੀਤਾ ਜਾਂਦਾ ਸੀ?**

(੧੫) ਜਦੋਂ ਮਹਿਲਾਂ ਵਿੱਚ ਸੀਤਾ ਦੇ ਗਰਭਵਤੀ ਹੋਣ ਬਾਰੇ ਪਤਾ ਚਲਿਆ ਸੀ ਤਾਂ ਸੀਤਾ ਨੂੰ ਲਛਮਣ ਰਾਹੀਂ ਧੋਖੇ ਨਾਲ ਜੰਗਲ ਵਿੱਚ ਸੁੱਟ ਦਿੱਤਾ ਗਿਆ **ਜੋ ਅੰਤਾਂ ਦਾ ਧੱਕੇ ਵਾਲਾ ਕਰਮ ਸੀ**। ਸੀਤਾ ਨੂੰ ਵਾਲਮੀਕੀ ਜੀ ਦੀ ਕੁਟੀਆ ਨੇੜੇ ਸੁਟਿਆ ਗਿਆ ਸੀ ਜਿਥੇ ਵਾਲਮੀਕੀ ਜੀ ਚੰਡੀ ਦੀ ਅਰਾਧਨਾ ਕਰ ਰਹੇ ਸਨ। **ਵੈਸੇ ਉਸ ਜੁਗ ਦੀਆਂ ਮਿਥਿਹਾਸਕ ਪੁਸਤਕਾਂ ਵਿੱਚ ਵੀ ਚੰਡੀ ਜਾਂ ਚੰਡੀ ਪੂਜਾ ਦਾ ਕਿਤੇ ਕੋਈ ਜ਼ਿੱਕਰ ਨਹੀਂ।**

ਉੱਥੇ ਸੀਤਾ ਦਾ ਪੁੱਤਰ ਲਵ ਜੰਮਿਆ। ਇੱਕ ਦਿਨ ਸੀਤਾ ਨਦੀ ਵਿੱਚ ਨਹਾਉਣ ਗਈ। ਪਿੱਛੋਂ ਸੀਤਾ ਦਾ ਪੁੱਤਰ ਲਵ ਗ਼ਾਇਬ ਦੇਖ ਕੇ ਰਿਸ਼ੀ ਨੇ ਘਾਹ ਦੇ ਗੱਠੇ ਵਿੱਚ ਫੂਕ ਮਾਰ ਕੇ ਕੁਸ਼ ਨਾਮ ਦਾ ਦੂਜਾ ਮੁੰਡਾ ਤਿਆਰ ਕਰ ਲਿਆ। **ਘਾਹ ਵਿੱਚ ਭਾਵੇਂ ਰਿਸ਼ੀ ਫੂਕਾਂ ਮਾਰੇ ਭਾਵੇਂ ਹੋਰ ਕੋਈ, ਇਸ ਤਰ੍ਹਾਂ ਮੁੰਡਾ ਜੰਮ ਸਕਣਾ ਕੁਦਰਤੀ ਨਿਯਮਾਂ ਦੇ ਵਿਰੁੱਧ ਹੋਣ ਕਰਕੇ ਸੰਭਵ ਹੀ ਨਹੀਂ।**

ਰਾਮ ਨੇ ਅਸ਼ਵਮੇਧ ਜੱਗ ਕੀਤਾ। ਘੋੜੇ ਨੂੰ ਬਾਕੀ ਰਾਜਿਆਂ

ਰਜਵਾੜਿਆਂ ਨੇ ਤਾਂ ਈਨ ਮੰਨਦਿਆਂ ਲੰਘਣ ਦਿੱਤਾ ਪਰ ਲਵ-ਕੁਸ਼ ਨੇ ਘੋੜਾ ਬੰਨ੍ਹ ਲਿਆ ਤੇ ਜੰਗ ਕੀਤਾ। ਸ਼ਤਰੂਘਨ ਤੇ ਰਾਮ ਜੀ ਸਮੇਤ ਚਾਰੋਂ ਭਰਾ ਜੰਗ ਵਿੱਚ ਮਾਰੇ ਗਏ। ਜਦੋਂ ਚੌਹਾਂ ਦੀਆਂ ਮਿਰਤਕ ਦੇਹਾਂ ਸੀਤਾ ਦੇ ਸਾਹਮਣੇ ਲਿਆਂਦੀਆਂ ਗਈਆਂ ਤਾਂ ਸੀਤਾ ਨੇ ਪਹਿਲਾਂ ਤਾਂ ਰਾਮ ਨਾਲ ਸਤੀ ਹੋ ਜਾਣ ਦਾ ਮਨ ਬਣਾਇਆ ਪਰ ਫ਼ਿਰ ਸੰਕਲਪ ਕੀਤਾ ਕਿ ਜੇ ਉਸਦੀ ਪਵਿਤ੍ਰਤਾ ਸੱਚੀ ਹੈ ਤਾਂ ਇਹ ਚਾਰੋਂ ਭਰਾ ਜ਼ਿੰਦਾ ਹੋ ਜਾਣ। ਸਭ ਭਰਾ ਉੱਠ ਖੜ੍ਹੇ ਹੋਏ। ਸਭ ਅਯੁਧਿਆ ਪੁੱਜੇ ਤੇ ਕਈ ਵੱਡੇ-ਵੱਡੇ ਜੱਗ ਕੀਤੇ। ਸ੍ਰੀ ਰਾਮਚੰਦਰ ਜੀ ਨੇ 10010 ਸਾਲ ਰਾਜ ਕੀਤਾ। **ਇਸ ਤੋਂ ਪਹਿਲੇ ਆਏ ਹਿੱਸੇ ਵਿੱਚ ਉਹ 10000 ਸਾਲ ਪਹਿਲਾਂ ਵੀ ਰਾਜ ਕਰ ਚੁੱਕੇ ਹਨ।** ਉਹਨਾਂ ਨੇ ਸਾਮ, ਦਾਮ, ਢੰਡ, ਭੇਦ ਦੀਆਂ ਸਾਰੀਆਂ ਵਿਧੀਆਂ ਲਾਗੂ ਕੀਤੀਆਂ ਅਤੇ ਜਾਤ-ਪਾਤਿ ਦੇ ਵਰਣ ਵਿਤਕਰੇ ਲਾਗੂ ਕੀਤੇ।

ਇੱਕ ਦਿਨ ਸੀਤਾ ਜੀ ਨੇ ਘਰ ਦੀ ਕੰਧ ਉੱਤੇ ਰਾਵਣ ਦੀ ਤਸਵੀਰ ਬਣਾਈ। ਰਾਮ ਜੀ ਨੂੰ ਸ਼ਕ ਪੈ ਜਾਣ ਕਾਰਨ ਸਹਿ ਨਾ ਸਕੇ। ਸੀਤਾ ਜੀ ਨੂੰ ਮਹਿਸੂਸ ਹੋ ਗਿਆ ਕਿ ਉਸ ਦੇ ਆਚਰਨ ਤੇ ਰਾਮ ਨੂੰ ਸ਼ਕ ਹੈ। ਉਸ ਨੇ ਦੁਖੀ ਹੋ ਕੇ ਧਰਤੀ ਮਾਤਾ ਨੂੰ ਮੁਖ਼ਾਤਿਬ ਕੀਤਾ ਅਤੇ ਉਸੇ ਵਿੱਚ ਸਮਾ ਗਈ। ਰਾਮ ਜੀ ਇਹ ਗੱਲ ਬਰਦਾਸ਼ਤ ਨਾ ਕਰ ਸਕੇ ਤੇ ਉਹ ਵੀ ਚਲਾਣਾ ਕਰ ਗਏ ਤੇ ਫ਼ਿਰ ਉਸ ਪਿੱਛੋਂ ਤਿੰਨ ਭਰਾ ਤੇ ਉਹਨਾਂ ਦੀਆਂ ਪਤਨੀਆਂ ਸਤੀ ਹੋ ਗਈਆਂ।

ਪੰਨਾ ੨੫੩-੨੫੪ ਦੇ ੮੫੮ ਤੇ ੮੫੯ ਨੰਬਰ ਬੰਦਾਂ ਵਿੱਚ ਹੇਠ ਲਿਖੇ ਅਨੁਸਾਰ ਰਾਮ ਕਥਾ ਦਾ ਮਹਾਤਮ ਦਸਦਿਆਂ ਕਵੀ ਸ਼ਯਾਮ ਕਹਿ ਰਿਹਾ ਹੈ ਕਿ ਰਾਮ ਦੀ ਇਹ ਕਹਾਣੀ ਜੁਗੋ ਜੁਗ ਅਟਲ ਹੈ ਤੇ ਰਾਮ ਜੀ ਇਹ ਸਭ ਕੌਤਕ ਕਰ ਕੇ ਸਾਰੇ ਸ਼ਹਿਰ ਸਮੇਤ ਸਰੀਰ ਤਿਆਗ ਗਏ ਅਤੇ ਇਸ ਕਹਾਣੀ ਨੂੰ ਗਾਉਣ ਜਾਂ ਸੁਣਨ ਨਾਲ ਕੋਈ ਦੁਖ ਤਕਲੀਫ਼ ਤੇ ਰੋਗ ਮਨੁੱਖ ਦੇ ਨੇੜੇ ਨਹੀਂ ਫਟਕ ਸਕਦਾ, ਯਥਾ:-

**ਰਾਮ ਕਥਾ ਜੁਗ ਜੁਗ ਅਟਲ, ਸਭ ਕੋਈ ਭਾਖਤ ਨੇਤ॥**
**ਸੁਰਗਬਾਸ ਰਘੁਬਰ ਕਰਾ, ਸਗਰੀ ਪੁਰੀ ਸਮੇਤ॥੮੫੮॥** (ਪੰਨਾ ੨੫੩)

**ਜੋ ਇਹ ਕਥਾ ਸੁਨੈ ਅਰੁ ਗਾਵੈ॥**
**ਦੂਖ ਪਾਪ ਤਿਹ ਨਿਕਟਿ ਨ ਆਵੈ॥**
**ਬਿਸ਼ਨ ਭਗਤਿ ਕੀ ਏ ਫਲ ਹੋਈ॥**
**ਆਧਿ ਬਯਾਧਿ ਛ੍ਵੈ ਸਕੈ ਨ ਕੋਈ॥੮੫੯॥**

(ਪੰਨਾ ੨੫੪)

ਪਰ ਸ਼ਜਾਮ ਨੇ ਪੰਨਾ ੨੫੪ ਦੇ ਬੰਦ ੮੬੩ ਵਿੱਚ ਬੜੀ ਬੇਬਾਕੀ ਤੇ ਸਪੱਸ਼ਟਤਾ ਨਾਲ ਇਹ ਲਿਖ ਦਿੱਤਾ ਹੈ ਕਿ ਹੇ ਕਾਲ ਦੇਵ, ਜਦ ਦਾ ਮੈਂ ਤੇਰਾ ਸੇਵਕ ਬਣਿਆ ਹਾਂ ਹੋਰ ਸਭ ਦੇਵੀ-ਦੇਵਤਿਆਂ ਨੂੰ ਟਿਚ ਤੇ ਬੇਕਾਰ ਸਮਝਿਆ ਹੈ। ਰਾਮ, ਰਹੀਮ ਤੇ ਪੁਰਾਨ ਕੁਰਾਨ ਵਿੱਚੋਂ ਮੈਂ ਕਿਸੇ ਨੂੰ ਨਹੀਂ ਮੰਨਦਾ। ਸਿਮ੍ਰਿਤੀਆਂ, ਸ਼ਾਸਤ੍ਰਾਂ, ਬੇਦਾਂ ਆਦਿਕਾਂ ਵਿੱਚੋਂ ਵੀ ਮੈਂ ਕਿਸੇ ਚੀਜ਼ ਨੂੰ ਨਹੀਂ ਮੰਨਦਾ, ਯਥਾ :-

**ਪਾਂਇ ਗਹੇ ਜਬ ਤੇ ਤੁਮਰੇ, ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ॥**
**ਰਾਮ ਰਹੀਮ ਪੁਰਾਨ ਕੁਰਾਨ, ਅਨੇਕ ਕਹੈਂ ਮਤ ਏਕ ਨ ਮਾਨਯੋ॥**
**ਸਿਮ੍ਰਿਤਿ ਸ਼ਾਸਤ੍ਰ ਬੇਦ ਸਭੈ, ਬਹੁ ਭੇਦ ਕਹੈਂ ਹਮ ਏਕ ਨ ਜਾਨਯੋ॥**
**ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ, ਮੈਂ ਨ ਕਹਯੋ ਸਭ ਤੋਹਿ ਬਖਾਨਯੋ ॥੮੬੩** (ਪੰਨਾ ੨੫੪)

ਰਾਮ-ਕਥਾ ਵਿੱਚ ਦਰਜ ਕਪੋਲ ਕਾਲਪਨਿਕ ਘਟਨਾਵਾਂ ਨਜ਼ਰ-ਅੰਦਾਜ਼ ਨਹੀਂ ਕੀਤੀਆਂ ਜਾ ਸਕਦੀਆਂ ਪਰ ਉਂਝ **ਇਹ ਰਾਮ-ਅਵਤਾਰ ਦੀ ਕਥਾ ਵੀ ਚੰਡੀ ਦੇਵੀ ਦੀ ਪੂਜਾ ਤੇ ਹੋਰ ਕਈ ਪ੍ਰਕਾਰ ਦੇ ਬ੍ਰਾਹਮਣੀ ਕਰਮ-ਕਾਂਡਾਂ ਨੂੰ ਕਰਨ ਲਈ ਪ੍ਰਰਨਾ ਦਿੰਦੀ ਹੈ।** ਇਹ ਕਥਾ ਜਾਤ-ਪਾਤਿ ਵਿਤਕਰਿਆਂ ਨੂੰ ਪੂਰੀ ਤਰ੍ਹਾਂ ਮੰਨਣ ਦੀ ਪ੍ਰਰਨਾ ਦਿੰਦੀ ਹੈ ਅਤੇ ਇਹਨਾਂ ਦਾ ਭਰਵਾਂ ਪ੍ਰਚਾਰ ਕਰਦੀ ਹੈ। ਇਹ ਅਵਤਾਰ ਕਹਾਣੀ ਵਿਸ਼ਨੂੰ ਤੇ ਇਸਦੇ ਅਵਤਾਰ ਦਾ ਬਹੁਤ ਮਾਣ ਕਰਦੀ ਹੈ। ਇਹ ਸਾਮ, ਦਾਮ, ਦੰਡ, ਭੇਦ ਆਦਿਕ ਸਭ ਨੀਤੀਆਂ ਅਪਨਾਉਣ ਦੀ ਸਿਖਿਆ ਦਿੰਦੀ ਹੈ ਜੋ ਧਰਮ ਤੇ ਨੀਤੀ ਦੇ ਨਾਮ ਤੇ ਅਪਰਾਧ ਹੀ ਹੈ। ਅਚੇਤ ਤੌਰ ਤੇ ਇਹ ਕਥਾ ਔਰਤਾਂ ਉੱਤੇ ਸਖ਼ਤੀ ਅਤੇ ਅਤਿਆਚਾਰ ਸਿਖਾਉਂਦੀ ਹੈ। ਸੀਤਾ ਨੂੰ ਬਿਨਾ ਕਿਸੇ ਗ਼ਲਤੀ ਦੇ ਜੰਗਲਾਂ ਵੱਲ ਧੋਖੇ ਨਾਲ ਧੱਕ ਦੇਣ ਨੂੰ ਭਗਵਾਨ ਦੀ ਲੀਲਾ ਦਸਦੀ ਹੈ।

**ਬਹੁ ਬਿਧਿ ਕਰੋ ਰਾਜ ਕੋ ਸਾਜਾ॥ ਦੇਸ ਦੇਸ ਕੇ ਜੀਤੇ ਰਾਜਾ॥**
**ਸਾਮ ਦਾਮ ਅਰੁ ਦੰਡ ਸਭੇਦਾ॥ ਜਿਹ ਬਿਧਿ ਹੁਤੀ ਸ਼ਾਸਨਾ ਬੇਦਾ॥**
(ਪੰਨਾ ੨੫੨)
**ਛਤ੍ਰੀ ਕਰੈ ਬਿਪ੍ਰ ਕੀ ਸੇਵਾ॥ ਬੈਸ ਲਖੈ ਛਤ੍ਰੀ ਕਹ ਦੇਵਾ॥**
**ਸ਼ੂਦ੍ਰ ਸਭਨ ਕੀ ਸੇਵ ਕਮਾਵੈ॥ ਜਹਾਂ ਕੋਈ ਕਹੈ, ਤਹੀਂ ਵਹ ਧਾਵੈ॥**
(ਪੰਨਾ ੨੫੨)

## ਰਾਮ ਰਾਜ ਦੀ ਮੂਲ ਰਾਜਨੀਤੀ

(੧) **ਸਾਮ** :- ਜਦ ਦੁਸ਼ਮਣ ਜਾਂ ਵਿਰੋਧੀ ਆਪਣੇ ਤੋਂ ਤਕੜਾ ਹੋਵੇ ਤਦ ਉਸ ਅੱਗੇ ਧਰਤੀ ਤੇ ਪੈ ਜਾਓ; ਯਰਕ ਜਾਓ ਅਤੇ ਉਸਦੀ ਸ਼ਰਨ ਲੈ ਲਓ ਤੇ ਸ਼ਾਂਤੀ ਨਾਲ ਵਸੋ। ***(ਭਾਵੇਂ ਵਿਰੋਧੀ ਜ਼ਾਲਮ, ਅਤਿਆਚਾਰੀ ਅਤੇ ਧੱਕਾ ਕਰਨ ਵਾਲਾ ਧਰਮ-ਵਿਰੋਧੀ ਹੀ ਕਿਉਂ ਨਾ ਹੋਵੇ, ਉਸ ਵਿਰੁੱਧ ਇਨਕਲਾਬ ਲਿਆਉਣ ਜਾਂ ਸੰਘਰਸ਼ ਕਰਨ ਦੀ ਗੱਲ ਕਦੀ ਨਹੀਂ ਸੋਚਣੀ।)***

(੨) **ਦਾਮ** :- ਆਪਣੇ ਦੁਸ਼ਮਣ ਜਾਂ ਵਿਰੋਧੀ ਦੇ ਨਜ਼ਦੀਕੀਆਂ ਤੇ ਵਫ਼ਾਦਾਰਾਂ ਨੂੰ ਜੁਗਤ ਵਰਤ ਕੇ ਰਿਸ਼ਵਤ ਰਾਹੀਂ ਖਰੀਦੋ ਤੇ ਦੁਸ਼ਮਣ ਨੂੰ ਕਮਜ਼ੋਰ ਕਰਦੇ ਜਾਓ।

(੩) **ਦੰਡ** :- ਜੇ ਤੁਸੀਂ ਦੁਸ਼ਮਣ ਜਾਂ ਵਿਰੋਧੀ ਤੋਂ ਤਕੜੇ ਹੋ ਤਦ ਤਾਕਤ ਦੀ ਗੁਪਤ ਜਾਂ ਪ੍ਰਗਟ ਰੂਪਾਂ ਵਿੱਚ ਵਰਤੋਂ ਕਰਕੇ ਆਪਣੇ ਦੁਸ਼ਮਣ ਨੂੰ ਸਜ਼ਾ ਦੇ ਕੇ, ਨੁਕਸਾਨ ਪਹੁੰਚਾ ਕੇ ਜਾਂ ਆਪਣੇ ਸਿਆਸੀ ਬਲ ਰਾਹੀਂ ਪੂਰੀ ਤਰ੍ਹਾਂ ਫ਼ਨਾਹ ਕਰੋ ਜਿਵੇਂ ਕਿ ਅਜੋਕੇ ਸਮੇਂ ਵਿੱਚ ਭਾਰਤ ਦੀ ਬਹੁ-ਗਿਣਤੀ ਕੌਮ ਦੂਜੀਆਂ ਘਟ-ਗਿਣਤੀ ਕੌਮਾਂ ਨੂੰ ਖ਼ਤਮ ਕਰਨ ਦੀ ਪੂਰੀ ਵਾਹ ਲਗਾ ਰਹੀ ਹੈ।

(੪) **ਭੇਦ** :- ਜੇ ਉਪਰ ਬਿਆਨੀਆਂ ਤਿੰਨ ਨੀਤੀਆਂ ਨਹੀਂ ਲਗ ਸਕਦੀਆਂ ਤਦ ਆਪਣੇ ਵਿਰੋਧੀਆਂ ਜਾਂ ਦੁਸ਼ਮਣਾਂ ਵਿੱਚ ਫੁੱਟ ਪਾ ਕੇ “ਦੋ ਬਿੱਲੀਆਂ ਅਤੇ ਬੰਦਰ” ਦੀ ਕਹਾਣੀ ਤੋਂ ਸਿਖਿਆ ਲੈ ਕੇ ਆਪਣਾ ਮਨਭਾਉਂਦਾ ਅਭੀਸ਼ਟ ਸਿੱਧ ਕਰੋ।

ਸਾਕਤ ਕਵੀ ਸ਼ਯਾਮ ਨੇ ਰਾਮਾਵਤਾਰ ਵਿੱਚ ਇਹਨਾਂ ਨੀਤੀਆਂ ਨੂੰ ਵੇਦ-ਮਾਰਗ ਦੀ ਸ਼ਾਸਨ ਬਿੱਧੀ ਦਸੀ ਹੈ ਭਾਵੇਂ ਆਮ ਤੌਰ ਤੇ ਇਸ ਨੂੰ ਚਾਣਕਿਆ ਬ੍ਰਾਹਮਣ ਦੀ ਰਾਜਨੀਤੀਕ ਦੀਖਿਆ ਕਰ ਕੇ ਵੀ ਜਾਣਿਆ ਜਾਂਦਾ ਹੈ।

ਰਾਮਾਵਤਾਰ ਦੇ ਰਾਮ-ਰਾਜ ਦਾ ਉਪਦੇਸ਼ ਤਾਂ ਸਾਫ਼ ਸਪੱਸ਼ਟ ਹੀ ਹੇਠ ਲਿਖੇ ਅਨੁਸਾਰ ਦਸ ਦਿੱਤਾ ਗਿਆ ਹੈ ਕਿ ਛਤ੍ਰੀ ਸ਼੍ਰੇਣੀ ਬ੍ਰਾਹਮਣਾਂ ਦੀ ਸੇਵਾ ਕਰੇ ਅਤੇ ਵੈਸ਼, ਜੱਟ, ਹਲਵਾਹਕ ਆਦਿਕ ਸ਼੍ਰੇਣੀਆਂ ਛਤ੍ਰੀ ਸ਼੍ਰੇਣੀ ਨੂੰ ਹੀ ਦੇਵਤਾ ਸਮਝੇ ਅਤੇ ਸ਼ੂਦ੍ਰ, ਸਮਾਜ ਦੇ ਬਾਕੀ ਸਭ ਵਰਗਾਂ ਦੇ ਸਭ ਨਿੱਕੇ-ਮੋਟੇ ਕੰਮ ਕਰਨ ਦੀ ਸੇਵਾ ਕਮਾਉਣ। ਸ਼ੂਦ੍ਰਾਂ ਨੇ ਇਹ ਸੇਵਾ ਦਿਲੋਂ ਮਨੋਂ ਸਾਵਧਾਨ ਹੋ ਕੇ ਕਮਾਉਣੀ ਹੈ। ਜਿੱਥੇ ਵੀ ਕੋਈ ਭਜਾਏ ਸ਼ੂਦ੍ਰ ਨੂੰ ਉੱਥੇ ਹੀ ਭਜਿਆ ਜਾਣਾ ਚਾਹੀਦਾ ਹੈ।

ਸਾਡੇ ਮਨ ਵਿੱਚ ਤਾਂ ਸੌ ਸੁਆਲਾਂ ਦਾ ਇੱਕੋ ਸੁਆਲ ਉਠਦਾ ਹੈ ਕਿ ਕੀ ਸਾਡੀ ਰਾਸ਼ਟ੍ਰ-ਪਿਤਾ ਅਖਵਾਉਣ ਵਾਲੀ ਸ਼ਖਸੀਅਤ, ਮਹਾਤਮਾ ਗਾਂਧੀ ਸੱਚ ਮੁਚ ਉੱਪਰ ਬਿਆਨੀ ਗਈ ਰਾਜ-ਬਣਤਰ ਤੇ ਸਮਾਜ-ਬਣਤਰ ਦੀ ਤਾਂਘ ਪਾਲਦੀ ਰਹੀ ਸੀ ?

ਜਿਹੜੇ ਭਰਾ ਅਜੇ ਤਕ ਸਾਕਤ ਕਵੀ ਸ਼ਯਾਮ ਦੀ ਪਛਾਣਦੇਹੀ ਨਹੀਂ ਕਰ ਸਕੇ ਅਤੇ ਇਸ ਨਿੰਦਨੀਯ ਅਤੇ ਗੁਰ-ਨਿੰਦਾ ਤੇ ਗੁਰਮਤਿ ਵਿਰੋਧੀ ਰਚਨਾ ਦਾ ਰਚਣਹਾਰ ਕਲਗੀਧਰ ਸੁਆਮੀ ਨੂੰ ਦਸਣ ਦਾ ਕਸੂਤ ਕੁਕਰਮ ਕਮਾ ਰਹੇ ਹਨ ਉਹ ਇਹ ਤਾਂ ਸੋਚਣ ਕਿ "ਸਭੇ ਸਾਂਝੀਵਾਲ ਸਦਾਇਨਿ" (੯੭) "ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ" (੧੩੮) ਵਾਲਾ ਮਹਾਨ ਗੁਰਮਤਿ ਉਪਦੇਸ਼ ਤੇ ਵਿਧੀ-ਵਿਧਾਨ ਕਿੱਥੇ ਤੇ ਕਿਵੇਂ ਇਹ ਜਾਤ-ਪਾਤੀ ਵਿਤਕਰਿਆਂ ਜਾਂ ਤਫ਼ਰਕਾਂ ਵਾਲੀ ਗੁਰਮਤਿ ਵਿਰੋਧੀ ਸਮਾਜਕ ਬਿਵੱਸਥਾ ਨੂੰ ਪ੍ਰਵਾਨ ਕਰ ਸਕਦਾ ਹੈ।

## (੧੨) ਸ੍ਰੀ ਕ੍ਰਿਸ਼ਨਾਵਤਾਰ (੨੧ਵਾਂ ਅਵਤਾਰ) (ਪੰਨਾ ੨੫੪ ਤੋਂ ੫੭੦)

ਸਾਕਤ ਕਵੀ ਸ਼ਯਾਮ ਨੇ ਚੌਵੀ ਅਵਤਾਰਾਂ ਵਿੱਚੋਂ ਕ੍ਰਿਸ਼ਨਾਵਤਾਰ ਉੱਤੇ ਸਭ ਤੋਂ ਵੱਧ ਭਾਵ ੩੧੬ ਪੰਨੇ ਲਗਾਏ ਹਨ। ਬ੍ਰਾਹਮਣੀ ਜਾਂ ਸਨਾਤਨੀ ਮੱਤ ਵਿੱਚ ਸ੍ਰੀ ਰਾਮ ਤੇ ਸ੍ਰੀ ਕ੍ਰਿਸ਼ਨ ਦੋ ਪ੍ਰਮੁਖ ਅਵਤਾਰ ਗਿਣੇ ਗਏ ਹਨ ਅਤੇ ਬ੍ਰਾਹਮਣਾਂ ਦੇ ਧਾਰਮਕ ਸਾਹਿਤ ਵਿੱਚ ਇਹਨਾਂ ਦੋਹਾਂ ਦੀ ਹੀ ਵਧੇਰੇ ਚਰਚਾ ਹੈ। ਕ੍ਰਿਸ਼ਨ ਜੀ ਨੂੰ ਪੂਰਨ ਅਵਤਾਰ ਕਿਹਾ ਜਾਂਦਾ ਹੈ ਕਿਉਂਕਿ ਉਹਨਾਂ ਵਿੱਚ ਭਗਵਾਨ ਦੀਆਂ ਸੰਪੂਰਨ ਸੋਲ੍ਹਾਂ ਕਲਾਵਾਂ ਮੌਜੂਦ ਦੱਸੀਆਂ ਜਾਂਦੀਆਂ ਹਨ ਜਦ ਕਿ ਰਾਮ ਜੀ ਵਿੱਚ ਕੇਵਲ ਚੌਦਾਂ ਕਲਾਵਾਂ ਪਾਈਆਂ ਜਾਂਦੀਆਂ ਹਨ।

ਕਿਸੇ ਵੀ ਨਿਰਪੱਖ ਸਮਾਲੋਚਕ ਲਈ ਇਹ ਸੰਭਵ ਨਹੀਂ ਕਿ ੧੪੨੮ ਪੰਨਿਆਂ ਵਾਲੀ ਵੱਡ-ਆਕਾਰੀ "ਬਚਿਤ੍ਰ ਨਾਟਕ" ਨਾਮ ਦੀ ਪੁਸਤਕ (ਜਿਸਦਾ ਇੱਕ ਡੂੰਘੀ ਸਾਜਿਸ਼ ਤਹਿਤ ਨਾਮ ਵੀ "ਦਸਮ ਗ੍ਰੰਥ" ਪ੍ਰਚਲਿਤ ਕਰ ਦਿੱਤਾ ਗਿਆ ਹੈ) ਦਾ ਲਗਪਗ ਚੌਥਾ ਹਿੱਸਾ ਮਲ ਕੇ ਬੈਠੀ ਕ੍ਰਿਸ਼ਨਾਵਤਾਰ ਵਾਲੀ ਇਸ ਲੰਮੇਰੀ ਰਚਨਾ ਦੀ ਪੂਰੀ ਤਫ਼ਸੀਲ ਤੇ ਵਿਸਥਾਰ ਇੱਕ ਛੋਟੀ ਜਿਹੀ ਪੁਸਤਕ ਵਿੱਚ ਕਰ ਸਕੇ।

ਦਰਅਸਲ, ੩੧੬ ਸਫ਼ਿਆਂ ਵਿੱਚ ਆਏ ਅਤਿ ਲੰਮੇਰੇ ਕਥਾਨਕ ਦਾ

ਸਾਰੰਸ਼ ਵੀ ਇਸ ਹਥਲੀ ਪੁਸਤਕ ਵਿੱਚ ਦੇ ਸਕਣਾ ਸੰਭਵ ਨਹੀਂ। ਇਸ ਲਈ ਅਸੀਂ ਕ੍ਰਿਸ਼ਨਾਵਤਾਰ ਦੇ ਕਥਾਨਕ ਵਿੱਚੋਂ ਕੁੱਝ ਕੁ ਨੁਕਤਿਆਂ ਮਾਤਰ ਉੱਤੇ ਹੀ ਇੱਥੇ ਵਿਚਾਰ ਕਰਨੀ ਹੈ ਜਿਹਨਾਂ ਦਾ ਸਿੱਧਾ ਸਬੰਧ ਗੁਰਮਤਿ ਦੇ ਸਿਧਾਂਤਕ ਪੱਖ ਨਾਲ ਜਾਂ ਗੁਰੂ ਦਸਮੇਸ਼ ਦੀ ਮਹਾਨ ਸ਼ਖ਼ਸੀਅਤ ਨਾਲ ਹੈ। ਸਾਕਤ ਲਿਖਾਰੀ ਸ਼ਯਾਮ ਨੇ **ਸ੍ਰੀ ਕ੍ਰਿਸ਼ਨ ਜੀ ਦੀ ਸ਼ਖਸੀਅਤ ਉੱਤੇ ਕਾਲਖ ਪੋਤਣ ਦਾ ਜੋ ਕੁਹਝਾ ਤੇ ਕਮੀਨਾ ਜਤਨ ਕੀਤਾ ਹੈ ਉਸਨੂੰ ਅਣਗੌਲਿਆ ਕਰਨਾ ਵੀ ਕਿਸੇ ਤਰ੍ਹਾਂ ਯੋਗ ਨਹੀਂ ਭਾਸਦਾ। ਫ਼ਿਰ ਅਜਿਹੀ ਰਚਨਾ ਜਿਸ ਵਿੱਚ ਅਸ਼ਲੀਲ ਬੋਲੀ ਵਿੱਚ ਅਨੇਕਾਂ ਹੀ ਅਸ਼ਲੀਲ, ਲੱਜਾ-ਜਨਕ ਤੇ ਧਰਮ-ਵਿਰੋਧੀ ਪ੍ਰਸੰਗ ਆਏ ਹੋਣ, ਉਸ ਰਚਨਾ ਨੂੰ ਗੁਰੂ ਦਸਮੇਸ਼-ਕ੍ਰਿਤ ਦੱਸਣਾ ਵੀ ਗੁਰੂ ਪਾਤਿਸ਼ਾਹ ਦੀ ਤੌਹੀਨ ਕਰਨੀ ਹੈ।**

## ੧. ਲਿਖਾਰੀ ਮੂਲ ਰੂਪ ਵਿੱਚ ਕ੍ਰਿਸ਼ਨ-ਭਗਤ ਨਹੀਂ; ਸਗੋਂ ਦੇਵੀ-ਭਗਤ ਹੈ

ਲਿਖਾਰੀ ਸ਼ਯਾਮ ਆਪਣੀ ਲਿਖਤ ਵਿੱਚ ਕ੍ਰਿਸ਼ਨ ਜੀ ਦੀ ਰਜਵੀਂ ਉਪਮਾ ਅਰ ਮਹਿਮਾ ਕਰਦਿਆਂ ਪਾਠਕਾਂ ਨੂੰ ਕ੍ਰਿਸ਼ਨ ਭਗਤ ਹੋਣ ਦਾ ਭੁਲੇਖਾ ਪਾਉਂਦਾ ਹੈ। ਉਂਝ, ਆਪਾ-ਵਿਰੋਧਾਂ (self-contradictions) ਨਾਲ ਤਾਂ ਇਹ ਸਾਰੀ ਵੱਡ ਆਕਾਰੀ ਪੁਸਤਕ ਹੀ ਭਰੀ ਪਈ ਹੈ। ਇਹ ਲਿਖਾਰੀ ਰਾਮ-ਕਥਾ ਦੇ ਅੰਤਲੇ ਸਫ਼ੇ ਦੇ ਬੰਦ ਨੰਬਰ ੮੫੯ ਵਿੱਚ ਰਾਮ-ਕਥਾ ਦੇ ਮਹਾਤਮ ਅਤੇ ਫਲ ਦਾ ਵਿਸਥਾਰ ਲਿਖਦਾ ਹੈ ਕਿ ਰਾਮ-ਕਥਾ (ਰਾਮਾਇਣ) ਨੂੰ ਪੜ੍ਹਨ, ਸੁਣਨ ਜਾਂ ਗਾਉਣ ਵਾਲੇ ਮਨੁੱਖ ਨੂੰ ਕੋਈ ਆਧੀ-ਵਿਆਧੀ ਨਹੀਂ ਲਗਦੀ ਅਤੇ ਉਸ ਤੋਂ ਤਿੰਨ ਬੰਦ ਪਿੱਛੋਂ ਠਾਹ ਕਰਦਾ ੮੬੩ ਨੰਬਰ ਬੰਦ ਰੂਪੀ ਬੰਬ ਛੱਡ ਕੇ ਐਲਾਨ ਕਰਦਾ ਹੈ ਕਿ ਮੈਂ ਕਿਸੇ ਰਾਮ, ਕਿਸੇ ਰਹੀਮ, ਕਿਸੇ ਸਿਮ੍ਰਿਤੀ ਤੇ ਕਿਸੇ ਸ਼ਾਸਤ੍ਰ ਨੂੰ ਨਹੀਂ ਮੰਨਦਾ ਅਤੇ ਕੇਵਲ ਸਾਕਤੀ ਇੱਸ਼ਟ ਕਾਲ ਦੇਵ ਜਿਸਦੇ ਹੱਥ ਵਿੱਚ ਤਲਵਾਰ ਦਿਖਾਈ ਜਾਂਦੀ ਹੈ, ਨੂੰ ਹੀ ਮੰਨਦਾ ਹਾਂ। ਕ੍ਰਿਸ਼ਨਾਵਤਾਰ ਵਿੱਚ ਵੀ ਆਪਾ-ਵਿਰੋਧਾਂ ਦਾ ਭਾਣਾ ਬਿਲਕੁਲ ਉਸੇ ਤਰ੍ਹਾਂ ਹੀ ਵਰਤਿਆ ਪਿਆ ਹੈ। ਹੇਠਾਂ ਦਿੱਤੇ ਕੁੱਝ ਬੰਦਾਂ ਵਿੱਚ ਉਹ ਕ੍ਰਿਸ਼ਨ-ਭਗਤ ਦੇ ਤੌਰ ਤੇ ਨਜ਼ਰ ਆ ਰਿਹਾ ਹੈ :-

**ਜੋ ਇਹ ਕਥਾ ਤਨਕ ਸੁਨ ਪਾਵੈ॥**
**ਤਾਕੋ ਦੋਖ ਦੂਰ ਹੋਇ ਜਾਵੈ॥੨੪੮੦॥** (ਪੰਨਾ ੫੬੯)

(ਜੇ ਕੋਈ ਮਨੁੱਖ ਕ੍ਰਿਸ਼ਨਾਵਤਾਰ ਦੀ ਇਸ ਪ੍ਰੇਮ-ਕਥਾ ਨੂੰ ਥੋੜਾ

ਜਿਹਾ ਵੀ ਸੁਣ ਲਏਗਾ ਉਸ ਦੇ ਸਾਰੇ ਦੁਖ ਤੇ ਪਾਪ ਦੂਰ ਹੋ ਜਾਣਗੇ।)

**ਜੋ ਉਪਮਾ ਬ੍ਰਿਜਨਾਥ ਕੀ ਗਾਇ ਹੈ, ਅਉਰ ਕਬਿੱਤਨ ਬੀਚ ਕਰੈਂਗੇ॥ ਪਾਪਨ ਕੀ ਤੇਊ ਪਾਵਕ ਮੈ ਕਬਿ ਸਯਾਮ ਭਨੈ ਕਬਹੂ ਨ ਜਰੈਂਗੇ॥ ੨੪੮੩॥**

(ਪੰਨਾ ੫੬੯)

(ਜੋ ਵੀ ਮਨੁੱਖ ਕ੍ਰਿਸ਼ਨ ਜੀ ਦੀ ਉਸਤਤਿ ਗਾਉਣ-ਸੁਣਨਗੇ ਉਹ ਕਦੀ ਵੀ ਪਾਪਾਂ ਦੀ ਅੱਗ ਵਿੱਚ ਨਹੀਂ ਸੜਨਗੇ। )

**ਸ਼ਯਾਮ ਭਨੈ ਇਹ ਸੰਤ ਸਭੈ, ਬਿਨੁ ਪ੍ਰੇਮ ਕਾਹੂੰ ਬ੍ਰਿਜਨਾਥ ਰਿਝਾਏ॥੨੪੮੬॥** (ਪੰਨਾ ੫੬੯)

(ਸ਼ਯਾਮ ਕਵੀ ਸਭ ਸੰਤਾਂ ਨੂੰ ਕਹਿੰਦਾ ਹੈ ਕਿ ਸੱਚਾ ਤੇ ਡੂੰਘਾ ਪ੍ਰੇਮ ਕੀਤੇ ਬਿਨਾ ਅਜ ਤਕ ਬ੍ਰਿਜਨਾਥ ਕ੍ਰਿਸ਼ਨ ਜੀ ਨੂੰ ਕਿਸ ਨੇ ਖੁਸ਼ ਕੀਤਾ ਹੈ ?)

**ਪ੍ਰੇਮ ਬਿਨਾ ਕਬਿ ਸਯਾਮ ਭਨੈ ਕਰਿ ਕਾਹੂੰ ਕੇ ਮੈਂ ਬ੍ਰਿਜਨਾਇਕ ਆਯੋ॥੨੪੮੭॥** (ਪੰਨਾ ੫੬੯)

(ਸ਼ਯਾਮ ਕਵੀ ਕਹਿੰਦਾ ਹੈ ਕਿ ਸੱਚੇ ਤੇ ਡੂੰਘੇ ਪ੍ਰੇਮ ਬਿਨਾ ਬ੍ਰਿਜਨਾਇਕ ਕ੍ਰਿਸ਼ਨ ਜੀ ਕਦੀ ਕਿਸ ਦੇ ਹੱਥ ਆਏ ਹਨ ?)

ਪਰ ਇਹੋ ਕਵੀ ਆਪਣੀ ਇਸੇ ਰਚਨਾ ਕ੍ਰਿਸ਼ਨਾਵਤਾਰ ਦੇ ਦੇਵੀ ਉਸਤਤਿ ਅਧਿਆਇ ਦੇ ੪੩੪ ਤੇ ੪੩੫ ਨੰਬਰ ਬੰਦਾਂ ਵਿੱਚ ਹੇਠ ਲਿਖੇ ਅਨੁਸਾਰ ਲਿਖ ਚੁੱਕਾ ਹੈ :-

**ਮੈਂ ਨ ਗਨੇਸ਼ਹਿ ਪ੍ਰਿਥਮ ਮਨਾਊਂ॥ ਕਿਸ਼ਨ ਬਿਸ਼ਨ ਕਬਹੂੰ ਨ ਧਿਆਊਂ॥ ਕਾਨ ਸੁਨੇ ਪਹਿਚਾਨ ਨ ਤਿਨ ਸੋਂ॥ ਲਿਵ ਲਾਗੀ ਮੋਰੀ ਪਗ ਇਨ ਸੋਂ॥ ੪੩੪॥** (ਪੰਨਾ ੩੧੦)

(ਕਵੀ ਸ਼ਯਾਮ ਕਹਿੰਦਾ ਹੈ ਕਿ ਮੈਂ ਗਣੇਸ਼-ਗਣੂਸ਼ ਨੂੰ ਦੂਜੇ ਅਵਤਾਰਵਾਦੀ ਭਗਤਾਂ ਦੀ ਤਰ੍ਹਾਂ ਪਹਿਲਾਂ ਨਹੀਂ ਮੰਨਦਾ ਤੇ ਨਾ ਹੀ ਕਿਸੇ ਕ੍ਰਿਸ਼ਨ ਜਾਂ ਵਿਸ਼ਨੂੰ ਨੂੰ ਹੀ ਮੰਨਦਾ ਹਾਂ। ਗਣੇਸ਼, ਕ੍ਰਿਸ਼ਨ ਤੇ ਵਿਸ਼ਨੂੰ ਆਦਿਕਾਂ ਦੇ ਨਾਮ ਕੰਨ੍ਹਾਂ ਨਾਲ ਜ਼ਰੂਰ ਸੁਣੇ ਹਨ ਪਰ ਇਹਨਾਂ ਨਾਲ ਮੈਂ ਕਦੀ ਕੋਈ ਜਾਣ-ਪਛਾਣ ਨਹੀਂ ਬਣਾਈ। **ਮੇਰੀ ਲਿਵ ਤਾਂ ਚੰਡੀ ਦੇਵੀ ਜੀ ਦੇ ਚਰਨਾਂ ਨਾਲ ਹੈ।**)

**ਮਹਾਂਕਾਲ ਰਖਵਾਰ ਹਮਾਰੋ॥ ਮਹਾਂਲੋਹ ਮੈਂ ਕਿੰਕਰ ਥਾਰੋ॥**

**ਅਪਨਾ ਜਾਨ ਕਰੋ ਰਖਵਾਰ॥ ਬਾਂਹਿ ਗਹੇ ਕੀ ਲਾਜ ਬਿਚਾਰ॥੪੩੫॥**
(ਪੰਨਾ ੩੧੦)

**(ਚੰਡੀ ਦੇ ਪਤੀ ਮਹਾਂਕਾਲ ਜੀ (ਕਾਲ ਦੇਵ) ਮੇਰੇ ਰਖਿਅਕ ਹਨ। ਮੈਂ ਉਸ ਮਹਾਂਲੋਹ ਜੀ (ਕਾਲ ਦੇਵ) ਦਾ ਸੇਵਕ ਹਾਂ।** ਹੇ ਮਹਾਂਕਾਲ ਜੀ, ਮੈਨੂੰ ਆਪਣਾ ਸੇਵਕ ਜਾਣ ਕੇ ਮੇਰੀ ਰਾਖੀ ਕਰੋ ਤੇ ਬਾਂਹ ਫੜੇ ਦੀ ਲਾਜ ਰਖੋ।)

**ਮੂਲ ਰੂਪ ਵਿੱਚ ਕਵੀ ਸ਼ਯਾਮ ਕੇਵਲ ਚੰਡੀ ਦੇਵੀ ਤੇ ਮਹਾਂਕਾਲ ਦਾ ਹੀ ਉਪਾਸ਼ਕ ਹੈ।** ੩੧੬ ਸਫ਼ਿਆਂ ਦੀ ਲੰਬੀ ਰਚਨਾ ਕ੍ਰਿਸ਼ਨਾਵਤਾਰ ਵਿੱਚ ਕ੍ਰਿਸ਼ਨ ਕਥਾਵਾਂ ਕਹਿਣ ਵੇਲੇ ਵੀ ਉਹ ਚੰਡੀ ਦੇਵੀ ਤੇ ਮਹਾਂਕਾਲ ਦੀ ਉਸਤਤਿ ਨੂੰ ਕਦੀ ਵੀ ਨਹੀਂ ਭੁੱਲਿਆ ਅਤੇ ਨਾ ਹੀ ਉਹਨਾਂ ਨੂੰ ਕਦੀ ਵੀ ਨਜ਼ਰ-ਅੰਦਾਜ਼ ਕਰ ਸਕਿਆ ਹੈ। ਇਸ ਸਬੰਧ ਵਿੱਚ ਉਸ ਵਲੋਂ ਲਿਖੇ ੨੦ ਦੇ ੨੦ ਬੰਦ ਹੀ (ਨੰਬਰ ੪੨੧ ਤੋਂ ੪੪੦ ਤਕ ਦੇ) ਦੇਖੇ ਜਾ ਸਕਦੇ ਹਨ ਜੋ ਨਿਰੋਲ ਚੰਡੀ ਦੇਵੀ ਅਤੇ ਮਹਾਂਕਾਲ ਦੀ ਉਸਤਤਿ ਵਿੱਚ ਹੀ ਹਨ, ਨਮੂੰਨਾ ਹਾਜ਼ਰ ਹੈ :-

**ਤੁਹੀ ਅੰਬਿਕਾ ਸੀਤਲਾ ਤੋਤਲਾ ਹੈ॥**
**ਪ੍ਰਿਥਵੀ, ਭੂਮ ਆਕਾਸ਼ ਤੈਂ ਹੀ ਕੀਆ ਹੈ॥੪੨੧॥**
(ਪੰਨਾ ੩੦੯)

ਇਸ ਅਨੁਸਾਰ ਆਪਣੇ ਮੂਲ ਅਕੀਦੇ ਅਤੇ ਵਿਸ਼ਵਾਸ ਬਾਰੇ ਕਵੀ ਸ਼ਯਾਮ ਨੇ ਆਪਣੀ ਵੱਡ-ਆਕਾਰੀ ਰਚਨਾ ਵਿੱਚ ਗਾਹੇ-ਬਗਾਹੇ ਦੇਵੀ ਅਤੇ ਮਹਾਂਕਾਲ ਦੀ ਭਗਤੀ ਬਾਰੇ ਜੋ ਵੱਡੀ ਫੜ੍ਹ ਮਾਰੀ ਹੈ ਉਹ ਉਸ ਦੇ ਅਸਲ ਵਿਚਾਰਾਂ ਦਾ ਪ੍ਰਗਟਾਵਾ ਹੀ ਹੈ। ਮੂਲ ਰੂਪ ਵਿੱਚ ਉਹ ਕ੍ਰਿਸ਼ਨ-ਭਗਤ ਨਹੀਂ; ਦੇਵੀ ਤੇ ਮਹਾਂਕਾਲ ਦਾ ਉਪਾਸ਼ਕ ਹੀ ਹੈ। ਹਾਲਾਂਕਿ **ਗੁਰਮਤਿ ਧਾਰਨੀਆਂ ਨੂੰ, ਜੋ ਵਾਹਿਦ ਪਰਮੇਸ਼ਰ ਦੇ ਪੁਜਾਰੀ ਹਨ ਅਤੇ ਕਿਸੇ ਰੂਪ ਵਿੱਚ ਵੀ ਨਾ ਕ੍ਰਿਸ਼ਨ ਜੀ ਅਤੇ ਨਾ ਚੰਡੀ ਦੇਵੀ ਨੂੰ ਹੀ ਮੰਨਣ ਵਾਲੇ ਹਨ, ਇਸ ਨਾਲ ਕੁੱਝ ਫ਼ਰਕ ਨਹੀਂ ਪੈਣਾ।**

## ੨. ਗ਼ੈਰ-ਕੁਦਰਤੀ ਪਾਤਰ, ਘਟਨਾਵਾਂ ਤੇ ਵੇਰਵੇ

ਕ੍ਰਿਸ਼ਨਾਵਤਾਰ ਦੀ ਅਤਿ ਲੰਬੀ ਰਚਨਾ ਦੇ ਪਾਤਰਾਂ, ਵੇਰਵਿਆਂ ਅਤੇ ਘਟਨਾਵਾਂ ਵਿੱਚ ਬੇਅੰਤ ਕਾਲਪਨਿਕ, ਅਨਹੋਣੇ, ਅਣ-ਵਿਗਿਆਨਕ ਅਤੇ ਬੇ-ਸਿਰਪੈਰ ਦੇ ਤੱਤ ਹਨ ਜਿਹਨਾਂ ਰਾਹੀਂ ਨਾ ਤਾਂ ਸਮਾਜ ਸੁਧਾਰ ਸੰਭਵ

ਹੈ ਅਤੇ ਨਾ ਹੀ ਧਰਮ ਸੰਸਥਾਪਨਾ ਦਾ ਕੰਮ ਹੀ ਸਰੰਜਾਮ ਚੜ੍ਹਾਇਆ ਜਾ ਸਕਦਾ ਹੈ। ਪੂਤਨਾ ਰਾਖਸ਼ਸੀ ਦਾ ਸਰੀਰ ਮੀਲਾਂ ਲੰਬਾ ਚੌੜਾ ਦਸਿਆ ਗਿਆ ਹੈ। ਬਕਾਸੁਰ, ਕਾਲੀ ਨਾਗ, ਮਤਸਯ ਸਭ ਦਾ ਵੇਰਵਾ ਇਹਨਾਂ ਨੂੰ ਨਿਰੀ ਕਾਲਪਨਿਕ ਤੇ ਅਣ-ਵਿਗਿਆਨਕ ਪੈਦਾਇਸ਼ ਸਾਬਤ ਕਰਦੇ ਹਨ। ਬਾਦਲ ਤੇ ਇੰਦਰ ਦੇਵਤਾ ਬਲਰਾਮ ਕੋਲੋਂ ਡਰਦੇ ਤੇ ਕੰਬਦੇ ਦਸੇ ਗਏ ਹਨ। ਅਵਤਾਰ ਜੀ ਜਾਂ ਹੋਰ ਕਈ ਜੋਧਿਆਂ ਦੇ ਜੰਗਾਂ ਦੌਰਾਨ ਸੁਮੇਰੂ ਆਦਿਕ ਪਰਬਤਾਂ ਦਾ ਕੰਬਣ ਲਗਣਾ, ਦੇਵਕੀ ਜੀ ਦੇ ਗਰਭ ਵਿੱਚ ਠਹਿਰਿਆ ਛੇਵਾਂ ਬੱਚਾ ਵਾਸੁਦੇਵ ਜੀ ਵਲੋਂ ਉਸ ਦੀ ਸਹੇਲੀ ਦੇ ਗਰਭ ਵਿੱਚ ਪਹੁੰਚਾ ਦਿੱਤਾ ਜਾਣਾ, ਰਿੱਛ ਵਲੋਂ ਸ਼ੇਰ ਨੂੰ ਮਾਰ ਦੇਣਾ ਤੇ ਉਸਦੀ ਪਗ ਆਪਣੇ ਸਿਰ ਤੇ ਲੈ ਲੈਣੀ, ਰਿੱਛ ਜੀ ਦੀ ਧੀ ਦੀ ਭਗਵਾਨ ਦੇ ਨਾਲ ਸ਼ਾਦੀ ਹੋ ਜਾਣੀ, ਕ੍ਰਿਸ਼ਨ ਜੀ ਦੀ ਸੂਰਜ ਦੀ ਪੁੱਤਰੀ ਜਮੁਨਾ ਨਦੀ ਨਾਲ ਸ਼ਾਦੀ ਹੋਣੀ, ਸੂਰਜ ਤੇ ਚੰਦ੍ਰਮਾ ਜੋ ਨਿਸਚੇ ਤੌਰ ਤੇ ਮਨੁੱਖ ਨਹੀਂ ਹਨ, ਦੇ ਧੀਆਂ ਤੇ ਪੁੱਤਰ ਜੰਮਣੇ ਆਮ ਪਾਠਕ ਨੂੰ ਕਾਫ਼ੀ ਹੱਦ ਤਕ ਹੈਰਾਨ ਕਰਦੇ ਹਨ ਪਰ ਵਿਵੇਕਸ਼ੀਲ ਪਾਠਕਾਂ ਨੂੰ ਤਾਂ ਪਰੇਸ਼ਾਨ ਕਰਕੇ ਰੱਖ ਦਿੰਦੇ ਹਨ।

ਕੰਸ ਦੇ ਸਹੁਰੇ ਜਰਾਸੰਧ ਵਲੋਂ ਆਪਣੇ ਸ਼ਤਰੂ ਕ੍ਰਿਸ਼ਨ ਜੀ ਤੇ ਹਮਲੇ ਵਾਲੀ ਗੱਲ ਤਾਂ ਸਮਝ ਆਉਂਦੀ ਹੈ ਪਰ ਫ਼ੌਜ ਦੀਆਂ ੨੩ ਅਛੂਹਣੀਆਂ ਦੇ ਵੇਰਵੇ ਜਾਣਨ ਪਿੱਛੋਂ ਮੂਰਖ ਜਾਂ ਵਿਵੇਕਹੀਣ ਬੰਦੇ ਨੂੰ ਤਾਂ ਭਾਵੇਂ ਕੁੱਝ ਫ਼ਰਕ ਨਾ ਪਏ ਪਰ ਚੰਗੇ-ਭਲੇ ਵਿਵੇਕਸ਼ੀਲ ਬੰਦੇ ਦਾ ਤਾਂ ਇਹ ਸੋਚ ਕੇ ਦਿਮਾਗ਼ ਹੀ ਭੌਂ ਜਾਂਦਾ ਹੈ ਕਿ ਕੀ ਭਾਗਵਤ ਦੇ ਦਸਮ ਸਕੰਧ ਦੇ ਪੁਰਾਣ-ਪੰਥੀਆਂ ਦੇ ਦਿਮਾਗ਼ ਵਿੱਚ ਕੁੱਝ ਕਸਰ ਸੀ ਜਾਂ ਕਵੀ ਸ਼ਜਾਮ ਦੇ ਦਿਮਾਗ਼ੀ ਸਕ੍ਰਿਊ ਹੀ ਕੁੱਝ ਢਿੱਲੇ ਲਗੇ ਹੋਏ ਸਨ। ਇੱਕ ਅਛੂਹਣੀ ਵਿੱਚ ੨੧੮੭੦ ਰੱਥ, ੨੧੮੭੦ ਹਾਥੀ, ੬੫੬੧੦ ਘੋੜੇ ਤੇ ੧੦੯੩੫੦ ਪਿਆਦੇ ਹੁੰਦੇ ਸਨ। **ਗ਼ੈਰ-ਕੁਦਰਤੀ ਤੇ ਅਣ-ਵਿਗਿਆਨਕ ਵੇਰਵੇ, ਪਾਤਰ ਅਤੇ ਘਟਨਾਵਾਂ ਸਾਰੀ ਰਚਨਾ ਨੂੰ ਹੀ ਕਾਲਪਨਿਕ ਤੇ ਝੂਠਾ ਮੰਨਣ ਤੇ ਮਜਬੂਰ ਕਰਦੀਆਂ ਹਨ।**

## ੩. ਬ੍ਰਾਹਮਣਾਂ ਨੂੰ ਮਾਣਤਾ ਤੇ ਜਾਤ-ਪਾਤ ਦੇ ਤਫ਼ਰਕਾਤ ਨੂੰ ਪ੍ਰਵਾਨਗੀ

ਕ੍ਰਿਸ਼ਨਾਵਤਾਰ ਦੀ ਇਸ ਲੰਬੇਰੀ ਕ੍ਰਿਤ ਵਿੱਚ ਥਾਂ ਪਰ ਥਾਂ ਬ੍ਰਾਹਮਣਾਂ ਨੂੰ ਨਿਖੱਟੂ, ਵਿਹਲੜ ਅਤੇ ਲੁੱਗੜ ਜਿਹਾ ਕਰ ਕੇ ਦਸਿਆ ਗਿਆ ਹੈ ਪਰ ਪ੍ਰਚਲਿਤ ਸਮਾਜ ਬਣਤਰ ਕਾਰਨ ਸਮੱਰਥ ਲੋਕਾਂ ਵਲੋਂ ਅਤੇ ਸਮਾਜ ਦੇ ਦੂਜੇ ਅੰਗਾਂ ਵਲੋਂ ਵੀ ਬੇਅੰਤ ਧਨ ਦਾਨ ਦੇ ਕੇ ਉਹਨਾਂ ਨੂੰ ਬਿਨਾ ਕਿਰਤ ਜਾਂ

ਮਿਹਨਤ ਦੇ ਹੋਰ ਧਨਵਾਨ ਬਣਾਇਆ ਜਾ ਰਿਹਾ ਹੈ। ਕ੍ਰਿਸ਼ਨ ਜੀ ਵਲੋਂ ਸਰੋਵਰ ਵਿੱਚੋਂ ਸੱਪ ਬਾਹਰ ਕੱਢ ਕੇ ਮਾਰ ਦੇਣ ਉੱਤੇ ਬ੍ਰਾਹਮਣਾਂ ਨੂੰ ਗੋਪਾਂ ਨੇ ਇੱਕ ਹਜ਼ਾਰ ਗਊਆਂ ਦਾਨ ਦਿੱਤੀਆਂ। ਇਸੇ ਤਰ੍ਹਾਂ ਜਦੋਂ ੨੩ ਅਛੂਹਣੀਆਂ ਫ਼ੌਜ ਨਾਲ ਕੰਸ ਦੇ ਸਹੁਰੇ ਜਰਾਸੰਧ ਨੇ ਕ੍ਰਿਸ਼ਨ ਜੀ ਤੇ ਹਮਲਾ ਕੀਤਾ ਤਾਂ ਆਪਣੀਆਂ ਫ਼ੌਜਾਂ ਦੀ ਸਫ਼ਲਤਾ ਲਈ ਬ੍ਰਾਹਮਣਾਂ ਨੂੰ ਬੇਅੰਤ ਦਾਨ ਦਿੱਤਾ ਗਿਆ। ਕੰਸ ਦੀ ਜੇਲ੍ਹ ਵਿੱਚ ਕੈਦ ਕੱਟ ਰਹੇ ਵਸੁਦੇਵ ਜੀ ਨੇ ਵੀ ਬ੍ਰਾਹਮਣਾਂ ਨੂੰ ਇੱਕ ਹਜ਼ਾਰ ਗਊਆਂ ਦਾਨ ਦਿੱਤੀਆਂ। ਲੁੱਗੜ ਤੇ ਵਿਹਲੜ ਬ੍ਰਾਹਮਣ ਹਜ਼ਾਰ-ਹਜ਼ਾਰ ਗਊਆਂ ਦੀ ਸੰਭਾਲਤਾ ਕਿਵੇਂ ਕਰਦੇ ਸਨ, ਸਾਨੂੰ ਇਸ ਸੁਆਲ ਦਾ ਵਿਸਥਾਰ ਸਹਿਤ ਜੁਆਬ ਪੁਰਾਣੀਆਂ ਲਿਖਤਾਂ ਵਿੱਚੋਂ ਅਜੇ ਤਕ ਨਹੀਂ ਮਿਲ ਸਕਿਆ।

ਹੋਰ ਤਾਂ ਹੋਰ ਜਦੋਂ ਕ੍ਰਿਸ਼ਨ ਜੀ ਨੇ **ਭੂਮਾਸੁਰ ਰਾਖਸ਼ ਨੂੰ ਮਾਰ ਕੇ ਸੋਲ੍ਹਾਂ ਹਜ਼ਾਰ ਕੰਨਿਆਵਾਂ ਆਪਣੇ ਨਾਲ ਵਿਆਹੁਣ ਲਈ ਕਾਬੂ ਕਰ ਲਈਆਂ ਸਨ ਤਦ ਇਸ ਕੁਕਰਮ ਦੇ ਮੌਕੇ ਤੇ ਵੀ ਖੁਸ਼ੀਆਂ ਮਨਾਉਂਦਿਆਂ ਬ੍ਰਾਹਮਣਾਂ ਨੂੰ ਬੇਅੰਤ ਦਾਨ ਦਿੱਤਾ ਗਿਆ** ਜੋ ਉਹਨਾਂ ਨੇ ਖੁਸ਼ੀ ਨਾਲ ਪ੍ਰਵਾਨ ਵੀ ਕੀਤਾ ਸੀ, ਯਥਾ :-

**ਫੇਰ ਬਰਯੋ ਤ੍ਰੀਅ ਸੋਰਹ ਸਹੰਸ੍ਰ ਸੁਤਾ, ਪੁਰ ਮੈਂ ਅਤਿ ਕੈ ਕੈ ਅਖਾਰੇ॥ ਬਿੱਪਨ ਦਾਨ ਦੈ ਲੈ ਤਿਨ ਕੌ ਸੰਗਿ ਦੁਆਰਵਤੀ ਜਦੁਰਾਇ ਸਿਧਾਰੇ ॥੨੧੪੪॥**

(ਪੰਨਾ ੫੨੬)

ਗੋਪੀਆਂ ਦੇ ਚੀਰ ਹਰਨ ਵਾਲੇ ਪ੍ਰਸੰਗ ਪਿੱਛੋਂ ਵ੍ਰਿਸ਼ਭਾਨ ਦੀ ਪੁੱਤਰੀ ਰਾਧਾ ਜੀ ਨੂੰ ਬਹੁਤ ਭੁੱਖ ਲਗੀ ਤੇ ਉਸ ਨੇ ਕ੍ਰਿਸ਼ਨ ਜੀ ਤੋਂ ਕੁੱਝ ਖਾਣ ਲਈ ਮੰਗਿਆ। ਕ੍ਰਿਸ਼ਨ ਜੀ ਨੇ ਕੁੱਝ ਗੋਪ ਬੱਚੇ ਬ੍ਰਾਹਮਣਾਂ ਪਾਸੋਂ ਭਿੱਛਿਆ ਮੰਗਣ ਲਈ ਮਥੁਰਾ ਭੇਜੇ। ਕਵੀ ਸ਼ਯਾਮ ਨੇ ਬ੍ਰਾਹਮਣਾਂ ਵਲੋਂ ਮੰਗਤੇ ਬੱਚਿਆਂ ਨੂੰ ਖ਼ਾਲੀ ਹੱਥ ਵਾਪਸ ਭੇਜ ਦੇਣ ਉੱਤੇ ਕ੍ਰਿਸ਼ਨ ਜੀ, ਬਲਰਾਮ ਜੀ ਅਤੇ ਗੋਪ-ਗੋਪੀਆਂ ਦੇ ਵਾਰਤਾਲਾਪ ਰਾਹੀਂ ਬ੍ਰਾਹਮਣਾਂ ਦੇ ਸੁਭਾਅ ਤੇ ਆਦਤਾਂ ਨੂੰ ਨਸ਼ਰ ਕਰਨ ਲਈ ਵੀ ਕਈ ਬੰਦ ਲਿਖੇ ਹਨ ਜਿਹਨਾਂ ਤੋਂ ਆਭਾਸ ਹੁੰਦਾ ਹੈ ਕਿ ਇਹ ਕਵੀ ਖ਼ੁੱਦ ਬ੍ਰਾਹਮਣ ਜਾਤੀ ਵਿੱਚੋਂ ਨਹੀਂ ਕਿਉਂਕਿ ਇਹਨਾਂ ਬੰਦਾਂ ਵਿੱਚ ਬ੍ਰਾਹਮਣ ਜਾਤੀ ਦੇ ਲੁੱਗੜ ਤੇ ਵਿਹਲੜ ਹੋਣ ਦੇ ਨਾਲ-ਨਾਲ ਵੱਡੇ ਸ਼ੂਮ ਹੋਣ ਦੇ ਚਰਚੇ ਉਹਨਾਂ ਦੀ ਭੰਡੀ ਸਮਾਨ ਹੀ ਹਨ, ਯਥਾ :-

**ਕ੍ਰਿਸ਼ਨ ਜੀ ਗੋਪਾਂ ਨੂੰ :-**

**ਖਾਨ ਕੇ ਕਾਰਨ ਭੋਜਨ ਮਾਂਗਤ ਕਾਨ੍ਹ ਛੁਧਾਤੁਰ ਹੈ ਸੁ**

**ਸੁਨੱਈਐ ॥੩੦੪ ॥**

(ਪੰਨਾ ੨੯੨)

**ਬਿਪ੍ਰ ਵਾਚ:-**

**ਕੋਪ ਭਰੇ ਦਿਜਰਾਜ ਬੋਲ ਉਠੇ, ਹਮ ਤੇ ਤੁਮ ਭੋਜਨ ਮਾਂਗਨ ਆਏ ॥**
**ਕਾਨ੍ਹ ਬਡੋ ਸਠ ਅਉ ਮੁਸਲੀ, ਹਮਹੂੰ ਤੁਮਹੂੰ ਸਠ ਸੇ ਲਖ ਪਾਏ ॥**
**ਪੇਟ ਭਰੈਂ ਅਪਨੋ ਅਬ ਹੀ ਜਬ, ਆਨਤ ਤੰਦੁਲ ਮਾਂਗ ਪਰਾਏ ॥**
**ਏਤੇ ਪੈ ਖਾਨ ਕੋ ਮਾਂਗਤ ਹੈਂ ਇਹ, ਯੋਂ ਕਹਿ ਕੈ ਅਤਿ ਬਿੱਪ ਰਿਸਾਏ ॥੩੦੬ ॥**

(ਪੰਨਾ ੨੯੩)

(ਸਠ - ਦੁਸ਼ਟ, ਮੂਰਖ। ਮੁਸਲੀ - ਬਲਰਾਮ। ਤੰਦੁਲ - ਚਾਵਲ।
ਬਿੱਪ - ਬ੍ਰਾਹਮਣ। ਰਿਸਾਏ - ਔਖੇ ਹੋਏ)

**ਬਲਰਾਮ ਵਾਚ :-**

**ਬੋਲਿ ਉਠਯੋ ਕ੍ਰਿਸ਼ਨੰ ਸੰਗਿ, ਅੰਨ ਬਿਨਾ ਜਬ ਆਵਤ ਜਾਨੇ ॥**
**ਦੇਖਹੁ ਲੈਨ ਕੋ ਆਵਤ ਥੇ, ਦਿਜ ਦੇਨ ਕੀ ਬੇਰ ਕੋ ਦੂਰ ਪਰਾਨੇ ॥੩੦੭ ॥**

(ਪੰਨਾ ੨੯੩)

(ਦਿਜ - ਬ੍ਰਾਹਮਣ। ਦੂਰ ਪਰਾਨੇ - ਦੂਰ ਨੱਠ ਤੁਰੇ ਹਨ।)

ਕਵੀ ਸ਼ਜਾਮ ਦੀ ਲਿਖਤ ਬਚਿਤ੍ਰ ਨਾਟਕ ਤਾਂ ਉਪਲਬਧ ਹੈ ਪਰ ਉਸ ਦੀ ਪ੍ਰਮਾਣੀਕ ਜੀਵਨ ਘਟਨਾਵਲੀ ਬਾਰੇ ਬਹੁਤੀ ਚਰਚਾ ਪ੍ਰਾਪਤ ਨਹੀਂ। ਇਸ ਰਚਨਾ ਦੀਆਂ ਅੰਦਰੂਨੀ ਗਵਾਹੀਆਂ (ਅੰਤਰ ਸਾਖਸ਼) ਦੇ ਆਧਾਰ ਤੇ **ਉਸਨੂੰ ਗ਼ੈਰ-ਬ੍ਰਾਹਮਣ ਕਿਹਾ ਜਾ ਰਿਹਾ ਹੈ ਅਤੇ ਸਾਨੂੰ ਇਸ ਗੱਲ ਨੂੰ ਮੰਨਣ ਵਿੱਚ ਭਾਵੇਂ ਬਹੁਤਾ ਇਤਰਾਜ਼ ਵੀ ਨਹੀਂ ਪਰ ਉਸ ਦੀ ਸਮੁੱਚੀ ਰਚਨਾ ਪੜ੍ਹਨ ਪਿੱਛੋਂ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਜਾਤਿ ਅਭਿਮਾਨੀ ਹੈ ਤੇ ਬ੍ਰਾਹਮਣ ਦੇ ਪਾਏ ਹੋਏ ਜਾਤਿ ਪਾਤਕ ਵਿਤਕਰਿਆਂ ਦਾ ਪੂਰੀ ਤਰ੍ਹਾਂ ਹਿਮਾਇਤੀ ਹੈ।** ਉਸ ਦੀ ਲਿਖਤ ਵਿੱਚੋਂ ਹੇਠ ਲਿਖੇ ਨੁਕਤੇ ਉਛਲ-ਉਛਲ ਕੇ ਪੈਂਦੇ ਪ੍ਰਤੀਤ ਹੋ ਰਹੇ ਹਨ :-

੧. ਸ਼ਜਾਮ ਉੱਚੀ-ਨੀਵੀਂ ਜਾਤਿ-ਪਾਤ ਸਬੰਧੀ ਤਫ਼ਰਕਾਂ ਤੇ ਵਿਤਕਰਿਆਂ ਦਾ ਕੱਟੜ ਹਿਮਾਇਤੀ ਹੈ ਅਤੇ ਬ੍ਰਾਹਮਣੀ ਜਾਤਿ-ਵੰਡ ਦਾ ਸੌ ਫ਼ੀਸਦੀ ਮੁੱਦਈ ਹੈ।

੨. ਆਪਣੇ ਪ੍ਰਸੰਗਾਂ ਵਿੱਚ ਥਾਂ-ਥਾਂ ਲੋਕਾਂ ਵਲੋਂ ਤੇ ਲੋਕ-ਆਗੂਆਂ ਵਲੋਂ ਹੀ ਨਹੀਂ; ਬਲਕਿ ਭਗਵਾਨ ਜੀ ਦੇ ਅਵਤਾਰਾਂ ਕੋਲੋਂ ਵੀ ਮੌਕੇ ਬੇਮੌਕੇ ਬ੍ਰਾਹਮਣ ਸ਼੍ਰੇਣੀ ਨੂੰ ਉਚੇਚੀ ਤੇ ਸਰਬ-ਉੱਚ ਮਾਣਤਾ ਦੁਆਉਂਦਾ ਹੈ।

੩. ਸ਼ੂਦ੍ਰਾਂ ਤੇ ਹੋਰ ਕਾਮਾ ਸ਼੍ਰੇਣੀਆਂ ਵਲੋਂ ਉਭਾਸਰਨ ਤੇ ਉੱਚ ਵਰਗੀ

ਸ਼੍ਰੇਣੀ ਦੀ ਬਰਾਬਰੀ ਕਰਨ ਦੀ ਗੱਲ ਨੂੰ ਇਹ ਕਵੀ ਉੱਕਾ ਹੀ ਬਰਦਾਸ਼ਤ ਨਹੀਂ ਕਰਦਾ ਲਗਦਾ।

੪. ਇਸ ਵਲੋਂ ਕੀਤੀ ਗਈ ਛਤ੍ਰੀਆਂ ਦੀ ਮਾਣਤਾ ਨੂੰ ਦੇਖ ਕੇ ਵੀ ਇਸ ਨੂੰ ਛਤ੍ਰੀ ਮੰਨਣਾ ਖ਼ਤਰੇ ਤੋਂ ਖ਼ਾਲੀ ਨਹੀਂ। ਇਸ ਲਿਖਾਰੀ ਵਲੋਂ ਬਚਿਤ੍ਰ ਨਾਟਕ ਦੇ ੧੨ਵੇਂ ਅਧਿਆਇ ਵਿੱਚ ਰਾਜਪੂਤਾਂ ਦੀਆਂ ਚੰਦੇਲ ਤੇ ਜਸਵਾਰ ਗੋਤਾਂ ਬਾਰੇ ਬੜੀਆਂ ਟਾਹਰਾਂ ਮਾਰੀਆਂ ਗਈਆਂ ਹਨ। ਹੋ ਸਕਦਾ ਹੈ ਕਿ ਇਹ ਰਾਜਪੂਤਾਂ ਵਿੱਚੋਂ ਹੀ ਹੋਵੇ।

ਜੇ ਇਹ ਕਵੀ ਖ਼ੁੱਦ ਛਤ੍ਰੀ ਜਾਤ ਨਾਲ ਸਬੰਧਤ ਵੀ ਹੋਵੇ ਤਾਂ ਵੀ **ਇਹ ਗੱਲ ਨਜ਼ਰ-ਅੰਦਾਜ਼ ਨਹੀਂ ਕੀਤੀ ਜਾ ਸਕਦੀ ਕਿ ਇਸ ਕਵੀ ਦਾ ਕਿਸੇ ਵੀ ਇਤਿਹਾਸਕ ਜੰਗ ਵਿੱਚ ਸ਼ਾਮਲ ਹੋ ਕੇ ਲੜਨ ਦਾ ਕਿਤੇ ਵੀ ਕੋਈ ਜ਼ਿੱਕਰ ਨਹੀਂ ਆਉਂਦਾ। ਮੈਦਾਨੇ ਜੰਗ ਵਿੱਚ ਮਰਨ ਦੀ ਵੀ ਕਵੀ ਨੇ ਫੋਕੀ ਟਾਹਰ ਹੀ ਮਾਰੀ ਹੈ, ਕਿਸੇ ਜੰਗ ਵਿੱਚ ਸ਼ਾਮਲ ਹੋ ਕੇ ਇਹ ਕਦੀ ਲੜਿਆ ਹੀ ਨਹੀਂ, ਮਰਨਾ ਕਿੱਥੋਂ ਸੀ?** ਫੋਕੀ ਟਾਹਰ ਮਾਰਨ ਵਿੱਚ ਕਵੀ ਦਾ ਕੋਈ ਮੁੱਲ ਨਹੀਂ ਲੱਗਦਾ। ਸ਼ਿਵ ਪਤਨੀ ਸ਼ਿਵਾ ਅੱਗੇ ਪ੍ਰਾਰਥਨਾ ਕਰਨ ਸਮੇਂ ਵੀ ਸ਼ਯਾਮ ਕਵੀ ਨੇ ਮੁਫ਼ਤ ਵਿੱਚ ਵਾਹ-ਵਾਹ ਖੱਟਣ ਲਈ "ਦੇਹ ਸ਼ਿਵਾ ਬਰ ਮੋਹਿ ਇਹੈ" ਵਾਲੇ ਬੰਦ ਦੀ ਅੰਤਲੀ ਪੰਗਤੀ ਵੀ ਇਹਨਾਂ ਨਾਲ ਮਿਲਦੇ-ਜੁਲਦੇ ਲਫ਼ਜ਼ਾਂ ਵਿੱਚ ਹੀ ਮੁਕਾਈ ਹੈ ਜੋ ਉਂਝ ਉਸ ਵਲੋਂ ਮਾਰੀ ਗਈ ਫੋਕੀ ਟਾਹਰ ਤੋਂ ਵੱਧ ਕੁੱਝ ਵੀ ਨਹੀਂ।

ਕਵੀ ਸ਼ਯਾਮ ਵਲੋਂ ਇਹੋ ਜਿਹੀ ਭਰਮਾਊ ਸ਼ਬਦਾਵਲੀ ਸਿੱਖਾਂ ਨੂੰ ਭੁਲੇਖਾ ਪਾਉਣ ਲਈ ਵੀ ਲਿਖੀ ਦੱਸੀ ਜਾਂਦੀ ਹੈ ਕਿਉਂਕਿ **ਗੁਰੂ ਦਸਮੇਸ਼ ਜੀ ਨੇ ਸਹਿਵਨ ਹੀ ਖਤ੍ਰੀ ਕਹੇ ਜਾਣ ਵਾਲੇ ਖ਼ਾਨਦਾਨ ਦੇ ਅੰਦਰ ਜਨਮ ਲਿਆ ਸੀ ਪਰ ਉਹ ਜਾਤ-ਪਾਤੀ ਵਿਤਕਰਿਆਂ ਦੇ ਸਖ਼ਤ ਖਿਲਾਫ਼ ਸਨ ਅਤੇ ਉਹਨਾਂ ਨੇ ਅੱਡ-ਅੱਡ ਉੱਚੀਆਂ ਨੀਵੀਆਂ ਸਭ ਜਾਤਾਂ ਨੂੰ ਇੱਕੋ ਬਾਟੇ 'ਚ ਅੰਮ੍ਰਿਤ ਛਕਾਇਆ ਸੀ।** ਇਹਨਾਂ ਦੋਹਾਂ ਰਚਨਾਵਾਂ ਦਾ ਰਚਣਹਾਰ ਸ਼ਯਾਮ ਕਵੀ ਹੀ ਹੈ ਅਤੇ ਗੁਰੂ ਦਸਮੇਸ਼ ਕਿਸੇ ਤਰ੍ਹਾਂ ਵੀ ਇਹਨਾਂ ਰਚਨਾਵਾਂ ਦੇ ਰਚਣਹਾਰ ਨਹੀਂ ਸੀ।

**ਫਿਰ ਰਣ ਵਿੱਚ ਜੁੱਧ ਕਰਦਿਆਂ ਹੀ ਮੌਤ ਸਹੇੜਨੀ ਜਾਂ ਮੌਤ ਦੀ ਤਾਂਘ ਕਰਨੀ ਸਿੱਖੀ ਦਾ ਕਦੀ ਵੀ ਮੂਲਕ ਸਿਧਾਂਤ ਨਹੀਂ ਰਿਹਾ।** ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮੁਤਾਬਿਕ ਮੈਦਾਨੇ ਜੰਗ ਵਿੱਚ ਮਾਰਿਆ ਜਾਣਾ ਸਿੱਖੀ ਲਈ ਕਦੀ ਵੀ ਆਦਰਸ਼ ਨਹੀਂ ਦਸਿਆ ਗਿਆ। ਮੁਸਲਮਾਣਾਂ ਅੰਦਰ ਇਸ ਬੇਤੁਕੇ ਜਿਹੇ ਖ਼ਿਆਲ ਦਾ ਪ੍ਰਚਾਰ ਮੁਲਾਣਿਆਂ ਨੇ ਭਾਵੇਂ ਆਪਣੇ ਕੌਮੀ ਲਾਭ ਨੂੰ ਮੁੱਖ ਰੱਖ ਕੇ ਜ਼ਰੂਰ ਕੀਤਾ ਸੀ ਪਰ **ਗੁਰੂ ਗ੍ਰੰਥ ਸਾਹਿਬ ਦੀ ਤਾਲੀਮ ਵਿੱਚ ਐਸੀ ਕੱਚੀ ਗੱਲ ਕਿਤੇ ਵੀ ਨਹੀਂ ਕਹੀ ਗਈ ਕਿ**

**ਮੈਦਾਨੇ ਜੰਗ ਵਿੱਚ ਪ੍ਰਾਣ ਨਿਕਲ ਜਾਣ ਮਾਤਰ ਨਾਲ ਮਨੁੱਖ ਮੁਕਤੀ ਨੂੰ ਪ੍ਰਾਪਤ ਹੋ ਜਾਂਦਾ ਹੈ। ਇੱਥੇ ਚੰਗਿਆਈ ਤੇ ਬੁਰਿਆਈ ਦੇ ਫ਼ਰਕ ਨੂੰ ਸਮਝ ਕੇ ਕਰਮ ਕਰਨ ਦਾ ਉਪਦੇਸ਼ ਹੈ ਨਾ ਕਿ ਜੰਗ ਕਰ ਕਰ ਕੇ ਮਰਦੇ ਰਹਿਣ ਉੱਤੇ ਜ਼ੋਰ ਹੈ।** ਫ਼ਿਰ, ਨਾ ਤਾਂ ਗੁਰੂ ਦਸਮੇਸ਼ ਨੇ ਐਸੀ ਮੌਤ ਦੀ ਯਾਚਨਾ ਕਦੀ ਕੀਤੀ ਅਤੇ ਨਾ ਹੀ ਆਪਨੇ ਮੈਦਾਨੇ ਜੰਗ ਵਿੱਚ ਬੇਲੋੜਵੇਂ ਹੀ ਕਦੀ ਪ੍ਰਾਣ ਤਿਆਗੇ ਸਨ।

ਇਸ ਵਿੱਚ ਕੋਈ ਸ਼ਕ ਨਹੀਂ ਕਿ **ਗੁਰਮਤਿ ਸਿਧਾਂਤਾਂ ਅਤੇ ਪ੍ਰਮਾਣੀਕ ਸਿੱਖ ਇਤਿਹਾਸ ਦੇ ਪ੍ਰਚਾਰ ਵਿੱਚ ਕਮੀ ਰਹਿ ਜਾਣ ਕਾਰਨ ਕਵੀ ਸ਼ਯਾਮ ਦੇ ਇਹ ਬੰਦ ਸਿੱਖਾਂ ਵਿੱਚ ਗ਼ਲਤ ਵਿਸ਼ਵਾਸ ਅਤੇ ਗ਼ਲਤ ਅਕੀਦਿਆਂ ਨੂੰ ਜਨਮ ਦੇਣ ਦਾ ਕਾਰਨ ਬਣੇ ਪਏ ਹਨ।** ਜਾਤਿ-ਪਾਤਿ ਦੇ ਵਿਤਕਰਿਆਂ ਨੂੰ ਕਿਸੇ ਰੂਪ ਵਿੱਚ ਵੀ ਮੰਨਣ ਤੋਂ ਰੋਕਣ ਲਈ ਹੀ ਗੁਰਬਾਣੀ ਨੇ "ਫਕੜ ਜਾਤੀ ਫਕੜੁ ਨਾਉਂ" (੬੩) ਦਾ ਸਪੱਸ਼ਟ ਸਿਧਾਂਤ ਦਿੱਤਾ ਸੀ। ਸਾਨੂੰ ਛਤ੍ਰੀ ਹੋਣ ਤੇ ਮਾਣ ਹੋਣ ਦਾ ਸੁਆਲ ਹੀ ਨਹੀਂ ਪੈਦਾ ਹੁੰਦਾ; ਮਾਣ ਤਾਂ ਖ਼ਾਲਸਾ ਹੋਣ ਉੱਤੇ ਹੀ ਯੋਗ ਹੈ ਅਤੇ **ਖ਼ਾਲਸੇ ਵਿੱਚ ਛਤ੍ਰੀ, ਵੈਸ਼, ਸ਼ੂਦ੍ਰ, ਬ੍ਰਾਹਮਣ, ਜੱਟ, ਤਰਖਾਣ, ਝੀਊਰ, ਸੈਣੀ, ਰੰਘਰੇਟੇ, ਕਲਾਲ, ਰਾਮਦਾਸੀਏ ਆਦਿਕ ਸਭ ਇੱਕ ਹੋ ਗਏ ਹਨ ਅਤੇ ਪਿਛਲੀ ਜਾਤ ਗੋਤ ਪੂਰੀ ਤਰ੍ਹਾਂ ਤਿਆਗ ਚੁੱਕੇ ਹਨ।**

## ੪. ਲਿਖਾਰੀ ਵਲੋਂ ਅਵਤਾਰ ਜੀ ਉੱਤੇ ਨਸ਼ੇਬਾਜ਼ੀ ਦਾ ਕਲੰਕ

ਉਜੈਨ ਦੇ ਰਾਜੇ ਦੀ ਪੁੱਤਰੀ ਨਾਲ ਦੁਰਯੋਧਨ ਵੀ ਸ਼ਾਦੀ ਕਰਨਾ ਚਾਹੁੰਦਾ ਸੀ ਤੇ ਸਾਡੇ ੨੧ਵੇਂ ਅਵਤਾਰ ਜੀ ਵੀ। ਕ੍ਰਿਸ਼ਨ ਜੀ ਨਾਲ ਉਸ ਰਾਜਕੁਮਾਰੀ ਦੀ ਸ਼ਾਦੀ ਹੋ ਜਾਣ ਤੇ ਕ੍ਰਿਸ਼ਨ ਜੀ ਵਲੋਂ ਦਿਮਾਗ਼ੀ ਚਿੰਤਾਵਾਂ ਤੋਂ ਨਜਾਤ ਜਾਂ ਮੁਕਤੀ ਪਾਉਣ ਲਈ ਸ਼ਯਾਮ ਕਵੀ ਅਨੁਸਾਰ ਹੇਠ ਲਿਖੇ ਨਸ਼ੇ ਮੰਗਵਾਏ ਗਏ ਸਨ, ਯਥਾ :-

**ਜੀਤ ਸੁਅੰਬਰ ਮੈਂ ਹਰਿ ਅਉਧ ਕੀ ਦੁਹਤਾ ਜਬ ਆਯੋ॥**
**ਬਾਗ ਕੇ ਭੀਤਰ ਸੈਲ ਕਰੈਂ, ਸੰਗਿ ਪਾਰਥ ਕੇ ਚਿਤ ਮੈਂ ਠਹਰਾਯੋ॥**
**ਪੋਸਤ ਭਾਂਗ ਅਫ਼ੀਮ ਘਨੋ ਮਦ, ਪੀਵਨ ਕੇ ਤਿਨ ਕਾਜ ਮੰਗਾਯੋ॥**
**ਮੰਗਨ ਲੋਗਨ ਬੋਲ ਪਠਯੋ, ਬਹੁ ਆਵਤ ਭੇ ਜਨਿ ਪਾਰ ਨ ਪਾਯੋ ॥੨੧੧੨॥**

**(ਪੰਨਾ ੫੨੧)**

(ਦੁਹਿਤਾ - ਧੀ। ਪਾਰਥ - ਅਰਜਨ। ਘਨੋ - ਬਹੁਤ ਜ਼ਿਆਦਾ। ਮੱਦ - ਸ਼ਰਾਬ)

ਨਸ਼ਿਆਂ ਪਿਛੋਂ ਅਵਤਾਰ ਜੀ ਅਰਜਨ ਨਾਲ ਭੋਜਨ ਲੈ ਰਹੇ ਸਨ। ਨਸ਼ਿਆਂ ਦੇ ਲੋਰ ਵਿੱਚ ਉਹਨਾਂ ਨੇ ਹੋਰ-ਹੋਰ ਸਾਗਰਾਂ ਪਿਛੋਂ ਸ਼ਰਾਬ ਦਾ ਸਾਗਰ ਨਾ ਬਣਾਉਣ ਕਾਰਨ ਬ੍ਰਹਮਾ ਜੀ ਤੇ ਟੀਕਾ-ਟਿੱਪਣੀ ਕੀਤੀ ਤੇ ਇੰਦ੍ਰ-ਸੁਤ ਅਰਜਨ (ਕਿਉਂਕਿ ਉਹ ਆਪਣੇ ਬਾਪ ਪਾਂਡੂ ਦਾ ਨਹੀਂ, ਅਸਲ ਖੋਜ ਮੁਤਾਬਿਕ ਇੰਦ੍ਰ ਦਾ ਪੁੱਤਰ ਸੀ) ਨੂੰ ਕਿਹਾ ਕਿ ਬ੍ਰਹਮਾ ਜੀ ਨੂੰ ਸ਼ਰਾਬ ਦਾ ਅਠਵਾਂ ਸਮੁੰਦਰ ਵੀ ਬਣਾਉਣਾ ਚਾਹੀਦਾ ਸੀ ਜੋ ਉਹਨਾਂ ਨੇ ਨਹੀਂ ਬਣਾਇਆ, ਯਥਾ :-

**ਤਿਨ ਕੌ ਬਹੁ ਸੰਗਿ ਪਾਰਥ ਲੈ, ਹਰਿ ਭੋਜਨ ਕੀ ਭੂਅ ਮੈਂ ਪਗ ਧਾਰਯੋ ॥**
**ਪੋਸਤ ਭਾਂਗ ਅਫ਼ੀਮ ਮੰਗਾਇ, ਪੀਓ ਮਦ ਸ਼ੋਕ ਬਿਦਾ ਕਰਿ ਡਾਰਯੋ ॥**
**ਮੱਤ ਹੋ ਚਾਰੋਂ ਹੀ ਕੈਫ਼ਨ ਸੋਂ ਸੁਤ-ਇੰਦ੍ਰਹਿ ਸੋਂ ਇਮਿ ਸ਼ਯਾਮ ਉਚਾਰਯੋ ॥**
**ਕਾਮ ਕੀਓ ਬ੍ਰਹਮਾ ਘਟ ਕਿਉਂ, ਮਦਰਾ ਕੌ ਨ ਆਠਵੋਂ ਸਿੰਧ ਸਵਾਰਯੋ ॥੨੧੧੫॥**

(ਪੰਨਾ ੫੨੨)

ਅਗੋਂ ਅਰਜਨ (ਇਹ ਵੀ ਤਾਂ ਸ਼ਯਾਮ ਕਵੀ ਅਨੁਸਾਰ ੨੨ਵਾਂ ਅਵਤਾਰ ਹੀ ਹੈ) ਵੀ ਕਿਥੇ ਕਿਸੇ ਤੋਂ ਘਟ ਸੀ? ਉਹ ਬੋਲ ਉਠਿਆ ਕਿ ਇਹ ਬ੍ਰਾਹਮਣ ਬ੍ਰਹਮਾ ਸ਼ਰਾਬ ਦੇ ਅਨੰਦ ਨੂੰ ਕਿੱਥੇ ਜਾਣਦਾ ਸੀ?

**ਤਬ ਪਾਰਥ ਕਰ ਜੋਰਿ ਕੈ, ਹਰਿ ਸੋਂ ਕਹਯੋ ਸੁਨਾਇ ॥**
**ਜੜ ਬਾਮਨ ਇਨ ਰਸਨ ਕੌ ਜਾਨੈ ਕਹਾ ਉਪਾਇ ॥੨੧੧੬॥**

(ਪੰਨਾ ੫੨੨)

(ਪਾਰਥ - ਅਰਜਨ। ਕਰ ਜੋਰਿ - ਹੱਥ ਜੋੜ ਕੇ। ਜੜ ਬਾਮਨ - ਮੂਰਖ ਬਾਹਮਣ।)

ਹੁਣ ਸੁਆਲ ਪੈਦਾ ਹੁੰਦਾ ਹੈ ਕਿ **ਕੀ ਕ੍ਰਿਸ਼ਨ ਜੀ ਪੋਸਤ, ਭੰਗ, ਅਫ਼ੀਮ ਤੇ ਸ਼ਰਾਬ ਦੇ ਨਸ਼ਿਆਂ ਦਾ ਸੇਵਨ ਕਰਦੇ ਸਨ ਅਤੇ ਕੀ ਇਸ ਬਿਆਨ ਨਾਲ ਭਗਵਾਨ ਵਿਸ਼ਨੂੰ ਜੀ ਦਾ ਇਹ ਅਵਤਾਰ ਧਰਮ ਦੀ ਸੰਸਥਾਪਨਾ ਕਰ ਰਿਹਾ ਸੀ? ਇਸ ਸਾਕਤ ਕਵੀ ਨੇ ਕ੍ਰਿਸ਼ਨ ਜੀ ਦਾ ਇਹ ਰੂਪ ਪੇਸ਼ ਕਰ ਕੇ ਉਹਨਾਂ ਨਾਲ ਅਤੇ ਧਰਮ ਨਾਲ ਭਾਰੀ ਧੱਕਾ ਕੀਤਾ ਹੈ।**

**ਜਿਹੜੇ ਸਿੱਖ ਜਾਂ ਵਿਦਵਾਨ ਇਸ ਕਚ-ਘਰੜ ਪੁਸਤਕ ਨੂੰ ਗੁਰੂ ਦਸਮੇਸ਼ ਕ੍ਰਿਤ ਦਸਦੇ ਰਹਿੰਦੇ ਹਨ ਉਹ ਇਹ ਤਾਂ ਵਿਚਾਰ ਕੇ ਦੇਖਣ ਕਿ ਕੀ ਗੁਰੂ ਦਸਮੇਸ਼ ਨਸ਼ਿਆਂ ਦੇ ਮੁਦਈ ਸਨ ਅਤੇ ਕੀ ਉਹ ਆਪਣੇ ਵਲੋਂ ਕ੍ਰਿਸ਼ਨ ਜੀ ਉੱਤੇ ਐਸੇ ਲਾਂਛਨ ਲਗਾ ਸਕਦੇ ਸਨ? ਦਰਅਸਲ, ਇਹ ਸਾਰਾ ਮਸੌਦਾ ਕਾਮੀ, ਨਸ਼ਈ ਤੇ ਸਾਕਤ ਕਵੀ**

**ਸ਼ਯਾਮ ਦੀ ਸ਼ਰਾਰਤ ਮਾਤਰ ਹੀ ਹੈ।**

## ੫. **'ਛਤ੍ਰੀ ਕੋ ਪੂਤ' ਦੇ ਧਰਮ, ਅਕੀਦੇ ਤੇ ਜਾਤਿ ਦੀ ਪਛਾਣਦੇਹੀ**

ਬਚਿਤ੍ਰ ਨਾਟਕ ਨਾਮਕ ਵੱਡ-ਆਕਾਰੀ ਪੁਸਤਕ ਦੇ ਲਿਖਾਰੀ ਕਵੀ ਸ਼ਯਾਮ ਦੀ ਪ੍ਰਮਾਣੀਕ ਜੀਵਨ ਘਟਨਾਵਲੀ ਬਾਰੇ ਸਾਹਿਤ ਜਾਂ ਇਤਿਹਾਸ ਵਿੱਚ ਬਹੁਤੀ ਚਰਚਾ ਨਹੀਂ ਮਿਲਦੀ। ਇਸ ਕਵੀ ਦੀ ਰਚਨਾ ਵਿੱਚੋਂ ਮਿਲਣ ਵਾਲੀਆਂ ਅੰਦਰੂਨੀ ਗਵਾਹੀਆਂ (ਅੰਤਰ ਸਾਖਸ਼) ਦੇ ਆਧਾਰ ਤੇ ਇਸ ਕਵੀ ਦੇ ਜੀਵਨ ਬਾਰੇ ਜੋੜ-ਤੋੜ ਕਰਕੇ ਕੁੱਝ ਕੁ ਤੱਥ ਬਣਾਉਣ ਦਾ ਜਤਨ ਜ਼ਰੂਰ ਕੀਤਾ ਜਾਂਦਾ ਰਿਹਾ ਹੈ ਪਰ ਬਹੁਤਾ ਅਟਕਲ-ਪਚੂ ਹੀ ਲਗਾਣ ਕਾਰਨ ਕਈ ਲੇਖਕਾਂ ਨੇ ਕੁੱਝ ਗ਼ਲਤ ਜਿਹੇ ਸਿਟੇ ਹੀ ਕੱਢੇ ਹਨ ਜਿਹਨਾਂ ਦਾ ਕੋਈ ਠੋਸ ਆਧਾਰ ਹੈ ਹੀ ਨਹੀਂ। ਇਸ ਲਿਖਾਰੀ ਬਾਰੇ ਕੁੱਝ ਕੁ ਗੱਲਾਂ ਤਾਂ ਇਸ ਦੀ ਵੱਡ-ਆਕਾਰੀ ਲਿਖਤ ਦੇ ਵੱਖ-ਵੱਖ ਹਿੱਸਿਆਂ ਦੀਆਂ ਗਵਾਹੀਆਂ ਤੋਂ ਸੁੱਤੇ ਹੀ ਪ੍ਰਾਪਤ ਹੋ ਜਾਂਦੀਆਂ ਹਨ ਜਿਵੇਂ ਕਿ :-

੧. **ਇਹ ਕਵੀ ਆਪਣੇ ਮੂਲ ਵਿੱਚ ਚੰਡੀ ਦੇਵੀ ਦਾ ਆਰਾਧਕ ਹੈ।** ਚੰਡੀ ਦਾ ਭਗਤ ਹੋਣ ਕਾਰਨ ਇਸ ਨੇ **ਵੱਡ ਆਕਾਰੀ ਬਚਿੱਤ੍ਰ ਨਾਟਕ ਵਿੱਚ ਦੇਵੀ ਦੇ ਜੰਗਾਂ ਬਾਰੇ ਇੱਕ ਦੀ ਥਾਂ ਤਿੰਨ ਰਚਨਾਵਾਂ ਲਿਖੀਆਂ ਹਨ** ਅਤੇ ਇਸ ਪ੍ਰਮੁੱਖ ਕਾਰਨ ਕਰਕੇ ਇਹ ਲਿਖਾਰੀ ਭਾਵੇਂ ੨੪ ਅਵਤਾਰਾਂ ਬਾਰੇ ਲਿਖੇ ਤੇ ਭਾਵੇਂ ਤ੍ਰਿਯਾ ਚਰਿਤ੍ਰਾਂ ਬਾਰੇ; ਭਾਵੇਂ ਰਾਮਾਵਤਾਰ ਬਾਰੇ ਲਿਖੇ ਅਤੇ ਭਾਵੇਂ ਕ੍ਰਿਸ਼ਨਾਵਤਾਰ ਬਾਰੇ; ਦੇਵੀ ਦੀ ਅਤਿ ਲੰਮੇਰੀ ਤੇ ਫ਼ਜ਼ੂਲ ਜਿਹੀ ਉਸਤਤਿ ਤੋਂ ਇਹ ਕਿਤੇ ਵੀ ਰਹਿ ਹੀ ਨਹੀਂ ਸਕਿਆ। ਇਹ ਸਾਜਿਸ਼ੀ ਅਤੇ ਸ਼ਰਾਰਤੀ ਲਿਖਾਰੀ ਜਦ ਆਪਣੀ ਨੰਗੀ-ਚਿੱਟੀ ਸਾਜਿਸ਼ ਰੱਚ ਕੇ ਗੁਰੂ ਦਸਮੇਸ਼ ਦੇ ਨਾਮ ਉੱਤੇ ਉਹਨਾਂ ਦੀ ਆਤਮ-ਕਥਾ ਲਿਖਣ ਬੈਠਾ ਤਾਂ ਉਸ ਰਚਨਾ ਵਿੱਚ ਵੀ ਇਸਨੇ ਦੇਵੀ ਪੂਜਾ ਦੇ ਪ੍ਰਚਾਰ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੱਤਾ।

੨. ਘਟ ਪੜ੍ਹੇ-ਲਿਖੇ ਲੋਕਾਂ ਨੂੰ ਭੁਲੇਖਾ ਪਾਉਣ ਲਈ **ਇਸਨੇ ਵੱਡ ਆਕਾਰੀ ਬਚਿੱਤ੍ਰ ਨਾਟਕ ਵਿਚਲੀਆਂ ਆਪਣੀਆਂ ਕਈ ਰਚਨਾਵਾਂ ਦੇ ਆਰੰਭ ਵਿੱਚ "ਪਾਤਿਸ਼ਾਹੀ ੧੦" ਲਿਖਿਆ ਅਤੇ ਐਸਾ ਕਰ ਕੇ ਆਮ ਲੋਕਾਈ ਨੂੰ ਭੁਲੇਖਾ ਪਾਉਣ ਅਤੇ ਗੁੰਮਰਾਹ ਕਰਨ ਵਿੱਚ ਕਿਸੇ ਹੱਦ ਤਕ ਕਾਮਯਾਬ ਵੀ ਹੋ ਗਿਆ।** ਆਤਮਕਥਾ ਵਾਲੀ ਰਚਨਾ ਦੇ ਆਰੰਭ ਵਿੱਚ ਇਸ ਕਵੀ ਨੇ ਕੇਵਲ ਇਸ ਪ੍ਰਕਾਰ ਦਾ ਭਰਮਾਊ ਸਿਰਲੇਖ ਹੀ ਨਹੀਂ ਦਿੱਤਾ ਬਲਕਿ **ਉੱਤਮ ਪੁਰਖ (First person) ਵਾਲੀ ਲਿਖਣ-**

**ਸ਼ੈਲੀ ਨੂੰ ਅਪਨਾ ਕੇ ਲੋਕਾਂ ਨੂੰ ਗੁੰਮਰਾਹ ਕਰਨ ਦਾ ਵੱਡਾ ਕਾਮਯਾਬ ਜਤਨ ਕੀਤਾ ਹੈ ਜਿਸ ਕਾਰਨ ਬਹੁਤੇ ਲੋਕੀਂ ਗੁਰੂ ਦਸਮੇਸ਼ ਜੀ ਨੂੰ ਹੀ ਇਸ ਰਚਨਾ ਦਾ ਲਿਖਾਰੀ ਮੰਨਣ ਲੱਗ ਪਏ।**

ਕ੍ਰਿਸ਼ਨਾਵਤਾਰ ਦੇ ਲਿਖਾਰੀ ਨੇ ਇਸ ਰਚਨਾ ਦੇ ਅੰਤਲੇ ਹਿੱਸੇ ਵਿੱਚ ਬਹੁਤ ਚਤੁਰਾਈ ਭਰੇ ਢੰਗ ਨਾਲ (tactfully) ੨੪੮੯ ਨੰਬਰ ਬੰਦ ਲਿਖਿਆ ਹੈ ਜਿਸ ਤੋਂ **ਇਹ ਪਤਾ ਚਲਦਾ ਹੈ ਕਿ ਜਾਤਿ ਦੇ ਤੌਰ ਤੇ ਉਹ ਛਤ੍ਰੀ ਹੈ ਅਤੇ ਇਸਦਾ ਉਸ ਨੂੰ ਮਾਣ ਵੀ ਹੈ। ਇਸ ਤੋਂ ਇਹ ਵੀ ਆਭਾਸ ਹੁੰਦਾ ਹੈ ਕਿ ਉਹ ਬ੍ਰਾਹਮਣ ਜਾਤਿ ਤੇ ਉਹਨਾਂ ਦੇ ਕਰਮਾਂ ਨੂੰ ਬਹੁਤੀ ਇੱਜ਼ਤ ਨਾਲ ਨਹੀਂ ਦੇਖਦਾ।** ਸੂਰਬੀਰਤਾ ਦੀ ਟਾਹਰ ਮਾਰਨ ਅਤੇ ਲੋਕਾਂ ਨੂੰ ਭੁਲੇਖਾ ਪਾਉਣ ਲਈ ਉਹ ਆਪਣੇ ਇੱਸ਼ਟ ਪਾਸੋਂ ਇਹ ਮੰਗ ਮੰਗਦਾ ਵੀ ਪ੍ਰਤੀਤ ਹੋ ਰਿਹਾ ਹੈ ਕਿ ਜਦ ਉਸਦਾ ਅੰਤ ਸਮਾਂ ਆਵੇ ਤਾਂ ਉਹ ਮੈਦਾਨੇ ਜੰਗ ਵਿੱਚ ਲੜਦਿਆਂ ਹੀ ਮਰੇ ਜਦਕਿ **ਸਾਰੀ ਗੁਰਬਾਣੀ ਵਿੱਚ ਕਿਤੇ ਵੀ ਐਸਾ ਜ਼ਿੱਕਰ ਨਹੀਂ ਆਇਆ ਕਿ ਸਿੱਖ ਲਾਜ਼ਮੀ ਤੌਰ ਤੇ ਮੈਦਾਨੇ ਜੰਗ ਵਿੱਚ ਲੜਦਿਆਂ ਮਰਨ ਦੇ ਆਦਰਸ਼ ਨੂੰ ਆਪਣੇ ਜੀਵਨ ਦੇ ਨਿਸ਼ਾਨੇ ਦੇ ਤੌਰ ਤੇ ਅਪਨਾਏ ਅਤੇ ਅਜਿਹੀ ਤਾਂਘ ਹੀ ਪਾਲੇ।**

ਕ੍ਰਿਸ਼ਨਾਵਤਾਰ ਦੇ ਅੰਤ ਵਿੱਚ ਘਟੋ-ਘਟ ਦੋ ਬੰਦ (ਬੰਦ ਨੰਬਰ ੨੪੮੯ ਤੇ ੨੪੯੨) ਐਸੇ ਹਨ ਜਿਹਨਾਂ ਨੂੰ ਇੱਕ ਗਿਣੀ-ਮਿਥੀ ਸਾਜਿਸ਼ ਅਧੀਨ **ਕਵੀ ਸ਼ਜਾਮ ਨੇ ਐਸਾ ਰੂਪ, ਰੰਗ ਤੇ ਸ਼ਬਦਾਵਲੀ ਦਿੱਤੀ ਹੈ ਜਿਸ ਨਾਲ ਆਮ ਸਿੱਖਾਂ ਨੂੰ ਗੁੰਮਰਾਹ ਕੀਤਾ ਜਾ ਸਕੇ** ਅਤੇ ਉਹਨਾਂ ਦੀ ਹਿਮਾਇਤ ਵੀ ਹਾਸਲ ਕੀਤੀ ਜਾਵੇ। ਦਬ ਕੇ ਦਮਗਜੇ ਮਾਰੇ ਜਾਣ **ਤਾਂ ਜੋ ਸਿੱਖ ਇਸ ਕਵੀ ਨੂੰ ਨਿਰੋਲ ਆਪਣੇ ਘਰ ਦਾ ਤੇ ਆਪਣਾ ਹਮ-ਖ਼ਿਆਲ ਬੰਦਾ ਸਮਝਣ ਅਤੇ ਜੇ ਆਮ ਸਿੱਖ ਇਹ ਭੁਲੇਖਾ ਖਾ ਜਾਣ ਕਿ ਇਹ ਰਚਨਾ ਗੁਰੂ ਦਸਮੇਸ਼ ਦੀ ਹੀ ਹੈ** ਤਾਂ "ਭੇਦ" ਨੀਤੀ ਦੇ ਇਹਨਾਂ ਵਿਪ੍ਰ ਮਾਲਕਾਂ ਲਈ ਇਸ ਤੋਂ ਹੋਰ ਚੰਗੀ ਗੱਲ ਕੀ ਹੋ ਸਕਦੀ ਹੈ।

**ਛਤ੍ਰੀ ਕੋ ਪੂਤ ਹੌਂ ਬਾਮ੍ਹਨ ਕੋ ਨਾਹਿ, ਕੈ ਤਪ ਆਵਤ ਹੈ ਜੋ ਕਰੋਂ॥**
**ਅਰੁ ਅਉਰ ਜੰਜਾਰ ਜਿਤੋ ਗ੍ਰਹਿ ਕੋ, ਤੁਹਿ ਤਿਆਗ ਕਹਾ ਚਿਤ ਤਾ ਮੈ ਧਰੋਂ॥**
**ਅਬ ਰੀਝ ਕੈ ਦੇਹੁ ਵਹੈ ਹਮ ਕਉ, ਜੋਊ ਹਉਂ ਬਿਨਤੀ ਕਰ ਜੋਰਿ ਕਰੋਂ॥**
**ਜਬ ਆਉ ਕੀ ਅਉਧ ਨਿਦਾਨ ਬਨੈ, ਅਤਿ ਹੀ ਰਣ ਮੈਂ ਤਬ ਜੂਝ ਮਰੋਂ॥੨੪੮੯॥**

**(ਪੰਨਾ ੫੭੦)**

**ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁੱਧ ਬਿਚਾਰੈ॥ ਦੇਹ ਅਨਿੱਤ ਨ ਨਿੱਤ ਰਹੈ, ਜਸ ਨਾਵ ਚੜ੍ਹੈ ਭਵ ਸਾਗਰ ਤਾਰੈ ॥੨੪੯੨॥**

(ਪੰਨਾ ੫੭੦)

ਉਕਤ ਬੰਦ ਵਿੱਚ ਤਾਂ ਇਹ ਕਵੀ ਆਪਣੇ ਆਪ ਨੂੰ ਛਤ੍ਰੀ ਦਸ ਰਿਹਾ ਹੈ ਤੇ ਬ੍ਰਾਹਮਣਾਂ ਲਈ ਕੇਵਲ ਹੇਠੀ-ਜਨਕ ਵਿਚਾਰ ਹੀ ਨਹੀਂ ਪੇਸ਼ ਕਰ ਰਿਹਾ ਬਲਕਿ ਉਹਨਾਂ ਨੂੰ ਬ੍ਰਾਹਮਣ ਦੀ ਥਾਂ ਬਾਹਮਣ ਕਹਿ ਕੇ ਜ਼ਲੀਲ ਕਰਨ ਦਾ ਜਤਨ ਕਰ ਰਿਹਾ ਹੈ। ਇਸ ਮੁਲਕ ਅਤੇ ਹਿੰਦੂ ਕੌਮ ਉੱਤੇ ਬੇਅੰਤ ਅਤਿਆਚਾਰ ਹੋ ਰਹੇ ਸਨ। ਸ਼ਯਾਮ ਕਵੀ ਨੂੰ ਜੰਗ ਵਿੱਚ ਹਿੱਸਾ ਲੈਣ ਤੋਂ ਕਿਸੇ ਨੇ ਕੀ ਰੋਕਣਾ ਸੀ? ਅਤੇ ਨਾ ਕਦੀ ਕਿਸੇ ਨੇ ਰੋਕਿਆ ਹੀ ਸੀ। **ਇਤਿਹਾਸ ਪੁਸਤਕਾਂ ਵਿੱਚ ਇਸ ਕਵੀ ਬਾਰੇ ਕਿਤੇ ਇੱਕ ਵੀ ਐਸੀ ਪੰਗਤੀ ਨਹੀਂ ਮਿਲਦੀ ਕਿ ਇਹ ਕਵੀ ਕਿਸੇ ਧਰਮ ਜੰਗ ਵਿੱਚ ਕਦੀ ਵੀ ਲੜਨ ਗਿਆ ਹੋਵੇ। ਇਹ ਫ਼ਜ਼ੂਲ ਦੇ ੪੦੪ ਜਾਂ ੪੦੫ ਤ੍ਰਿਯਾ ਚਰਿਤ੍ਰ ਲਿਖਣ ਵਿੱਚ ਸਮਾਂ ਜ਼ਾਇਆ ਕਰਦਾ ਰਿਹਾ ਹੈ।** ਇਸ ਸ਼ਰਮਨਾਕ ਲਿਖਤ ਰਾਹੀਂ ਇਸਨੇ ਆਪਣੀਆਂ ਕਾਮੀ ਬ੍ਰਿਤੀਆਂ ਤੇ ਕਾਮੀ ਰੁੱਚੀਆਂ ਦਾ ਖੁਲ੍ਹ ਕੇ ਪ੍ਰਗਟਾਵਾ ਕੀਤਾ ਹੈ। **ਇਹਨਾਂ ਕਾਮੀ ਰੁਚੀਆਂ ਤੇ ਬ੍ਰਿਤੀਆਂ ਨਾਲ ਭਰੇ ਇਸ ਸਾਕਤ ਕਵੀ ਨੇ ਜੰਗ ਵਿੱਚ ਕਿੱਥੇ ਜਾਣਾ ਸੀ?** ਜਦ ਤਕ ਕਿ ਵਿਸ਼ਨੂੰ ਭਗਵਾਨ ਅਵਤਾਰ ਨਾ ਲੈਣ ਤੇ ਜਦ ਤਕ ਉਹ ੯੦ ਪਦਮ ਫ਼ੌਜਾਂ ਜਾਂ ੨੩ ਅਛੂਹਣੀਆਂ ਸੈਨਾਵਾਂ ਨਾ ਲੈ ਕੇ ਆਉਣ ਜਾਂ ਜਦ ਤਕ ਵਿਸ਼ਨੂੰ ਜੀ ਨਿਹਕਲੰਕੀ ਰੂਪ ਵਿੱਚ ੪੫੦ ਫੁਟ ਉੱਚੇ ਘੋੜੇ ਉੱਤੇ ਚੜ੍ਹ ਕੇ ਅਜਿਹੇ ਜੰਗ ਦੀ ਅਗਵਾਈ ਨਾ ਕਰਨ।

ਜਿਹੜੇ ਸਜਣ ਇਸ ਬੰਦ ਨੂੰ ਕਲਗੀਧਰ ਸੁਆਮੀ ਦਾ ਹੀ ਸਮਝੀ ਜਾ ਰਹੇ ਹਨ ਉਹ ਵੀ ਬਰੀਕ-ਬੀਨੀ ਨਾਲ ਸੋਚ ਵਿਚਾਰ ਲੈਣ ਕਿ ਪਹਿਲਾਂ ਤਾਂ ਇਹ ਬੰਦ ਇਸ ਸਮੁੱਚੀ ਰਚਨਾ ਸਹਿਤ ਕਲਗੀਧਰ ਪਾਤਿਸ਼ਾਹ ਦਾ ਹੈ ਹੀ ਨਹੀਂ ਅਤੇ ਦੂਜੇ **ਇਹ ਸਿੱਖ ਸਿਧਾਂਤ ਹੀ ਨਹੀਂ ਕਿ ਬਿਨਾ ਮਤਲਬ ਦੇ ਐਵੇਂ ਹੀ ਜੰਗ ਕੀਤੇ ਜਾਣ। ਇਹ ਹੋਰ-ਹੋਰ ਮੱਤਾਂ ਦਾ ਸਿਧਾਂਤ ਜ਼ਰੂਰ ਹੈ ਕਿ ਜੰਗ ਵਿੱਚ ਮਾਰੇ ਜਾਣ ਨਾਲ ਬਹਿੱਸ਼ਤ ਮਿਲੇਗਾ ਜਾਂ ਹੂਰਾਂ ਪ੍ਰਾਪਤ ਹੋਣਗੀਆਂ।** ਸਿੱਖੀ ਸ਼ਾਂਤੀ ਤੇ ਸਹਜ ਅਵਸਥਾ ਵਾਲੀ ਆਦਰਸ਼ਕ ਜੀਵਨ ਜਾਚ ਸਿਖਾਉਂਦੀ ਹੈ, **ਫਜ਼ੂਲ ਦੇ ਜੰਗ ਸਹੇੜੀ ਜਾਣਾ ਸਿੱਖੀ ਦਾ ਅੰਤਿਮ ਨਿਸ਼ਾਨਾ ਕਦਾਚਿਤ ਨਹੀਂ ਰਿਹਾ।** ਗੁਰੂ ਅੰਗਦ ਪਾਤਿਸ਼ਾਹ ਤੇ ਗੁਰੂ ਦਸਮੇਸ਼ ਦੇ ਇਤਿਹਾਸਕ ਉਪਦੇਸ਼ਾਂ ਵਿੱਚ ਤਾਂ ਕੇਵਲ ਇਸ ਸਿਧਾਂਤ ਤੇ ਜ਼ੋਰ ਦਿੱਤਾ ਗਿਆ ਹੈ ਕਿ ਜੇ ਧਰਮ ਦੀ ਰਾਖੀ ਜਾਂ ਧਰਮ ਦੀ

ਬ੍ਰਿਧੀ ਲਈ ਹੋਰ ਸਾਰੇ ਹੀਲੇ ਮੁਕ ਜਾਣ ਤਦ ਹੀ ਤਲਵਾਰ ਹੱਥ ਵਿੱਚ ਫੜ ਕੇ ਜੂਝਣਾ ਬਣਦਾ ਹੈ ਅਤੇ ਧਰਮੀ ਬੰਦਿਆਂ ਨੂੰ ਤਦ ਹੀ ਮਰਨਾ ਮਿੱਥ ਕੇ ਜਦੋ-ਜਹਿਦ ਵਿੱਚ ਕੁਦ ਪੈਣਾ ਚਾਹੀਦਾ ਹੈ।

ਕ੍ਰਿਸ਼ਨਾਵਤਾਰ ਵਿੱਚ ਕ੍ਰਿਸ਼ਨ ਜੀ ਦੇ ਭਰਾ ਬਲਭਦ੍ਰ ਦੀ ਇੱਕ ਤੀਰਥ-ਯਾਤਰਾ ਦਾ ਜ਼ਿੱਕਰ ਆਉਂਦਾ ਹੈ ਜਿਸ ਦੌਰਾਨ ਉਸ ਨੂੰ ਇੱਕ ਬ੍ਰਾਹਮਣ ਮਿਲਿਆ ਸੀ ਜੋ ਆਰਾਧਨਾ ਜਾਂ ਧਿਆਨ ਵਿੱਚ ਮਗਨ ਸੀ ਅਤੇ ਜਿਸਨੇ ਉੱਠ ਕੇ ਬਲਭਦ੍ਰ ਦਾ ਆਦਰ ਸਤਿਕਾਰ ਨਹੀਂ ਸੀ ਕੀਤਾ। ਨਤੀਜੇ ਦੇ ਤੌਰ ਤੇ ਬਲਭਦ੍ਰ ਨੇ ਗੁੱਸੇ ਵਿੱਚ ਆ ਕੇ ਉਸਨੂੰ ਮਾਰ ਦਿੱਤਾ ਸੀ। ਇਸ ਘਟਨਾ ਨੂੰ ਦੇਖਣ ਵਾਲਿਆਂ ਵਿੱਚੋਂ ਮੌਕੇ ਦੇ ਗਵਾਹ, ਇੱਕ ਰਿਖੀ ਨੇ ਬਲਭਦ੍ਰ ਦੀ ਇਸੀ ਹਰਕਤ ਦਾ ਬਹੁਤ ਬੁਰਾ ਮਨਾਇਆ ਸੀ, ਯਥਾ :-

**ਇਕ ਰਿਖ ਥੋ ਤਿਨ ਐਸ ਉਚਾਰਯੋ ॥**
**ਬੁਰਾ ਕੀਓ ਹਲਧਰ ਦਿਜ ਮਾਰਯੋ ॥੨੩੮੪॥** (ਪੰਨਾ ੫੫੭)

(ਰਿਖ - ਰਿਖੀ। ਹਲਧਰ - ਬਲਰਾਮ। ਦਿਜ - ਬ੍ਰਾਹਮਣ।)

ਹਾਲਾਂਕਿ ਇਹ ਬਲਭਦ੍ਰ ਕਵੀ ਦੀ ਇਸ ਰਚਨਾ ਤੋਂ ਅਸਲ ਵਿੱਚ ਛਤ੍ਰੀ ਵੀ ਨਹੀਂ ਸਿੱਧ ਹੁੰਦਾ ਕਿਉਂਕਿ ਉਹ ਤਾਂ ਗਵਾਲਿਆਂ ਜਾਂ ਯਾਦਵਾਂ ਵਿੱਚੋਂ ਸੀ ਪਰ ਉਸ ਨੇ ਇੱਥੇ ਆਪਣੇ ਕਤਲ ਵਾਲੇ ਕੁਕਰਮ ਨੂੰ ਛਤ੍ਰੀ-ਪੁਣੇ ਦੇ ਮਾਣ ਵਿੱਚ ਆ ਕੇ ਜਾਇਜ਼ ਠਹਿਰਾਇਆ ਸੀ, ਯਥਾ :-

**ਛਤ੍ਰੀ ਕੋ ਪੂਤ ਥੋ ਕੋਪ ਭਰੇ, ਤਿਹ ਨਾਸ ਕਿਯੋ ਬਿਨਤੀ ਸੁਨਿ ਲੀਜੈ ॥**
**ਠਾਢ ਭਏ ਉਠ ਕੈ ਰਿਖ ਸੋ, ਜੜ ਬੈਠਿ ਰਹਿਓ ਕਹਿਓ ਸਾਚ ਪਤੀਜੈ** ।੨੩੮੬।

(ਪੰਨਾ ੫੫੭)

(ਕੋਪ - ਗੁੱਸਾ, ਕ੍ਰੋਧ। ਨਾਸ ਕਿਯੋ - ਮਾਰ ਦਿੱਤਾ। ਠਾਢ ਭਏ - ਖੜੇ ਹੋਏ। ਜੜ - ਮੂਰਖ। )

ਇਹ ਗੱਲ ਬਿਲਕੁਲ ਉਸੇ ਤਰ੍ਹਾਂ ਦੀ ਹੈ ਜਿਵੇਂ ਭਾਰਤ ਦੀ ਬਹੁ-ਗਿਣਤੀ ਵਾਲੇ ਫ਼ਿਰਕੂ ਲੋਕਾਂ ਨੇ ਸੰਨ 2002 ਵਿੱਚ ਮੁਸਲਮਾਣਾਂ ਦੀ ਗੁਜਰਾਤ ਵਿੱਚ ਕੀਤੀ ਕਤਲੋਗਾਰਤ ਨੂੰ ਅਤੇ ਸੰਨ 1984 ਵਿੱਚ ਸਿੱਖਾਂ ਦੀ ਦਿੱਲੀ, ਕਾਨਪੁਰ, ਬੋਕਾਰੋ ਅਤੇ ਦੇਸ਼ ਦੇ ਅਨੇਕਾਂ ਸ਼ਹਿਰਾਂ ਵਿੱਚ ਕੀਤੀ ਕਤਲੇਆਮ ਨੂੰ ਜਾਇਜ਼ ਦਸਿਆ ਸੀ। ਇਹ ਫ਼ਿਰਕੂ ਲੋਕ ਇਹ ਰਟਦੇ ਰਹੇ ਸਨ ਕਿ ਜਬ ਏਕ ਬੜਾ ਪੇੜ ਗਿਰਤਾ ਹੈ ਤਬ ਧਰਤੀ ਹਿਲਤੀ ਹੀ ਹੈ ਅਤੇ ਆਪਣੇ ਨਾਜਾਇਜ਼ ਧੱਕੇ, ਆਪਣੀ ਬਹੁ-ਗਿਣਤੀ ਤੇ ਜਾਤਿ-ਅਭਿਮਾਨ ਨੂੰ ਦੇਸ਼ ਭਗਤੀ ਕਹਿੰਦੇ ਰਹੇ ਸਨ।

## ੬. ਕੀ ਜੰਗ ਕਰੀ ਜਾਣਾ ਅਤੇ ਦੁਸ਼ਮਣ ਦੀਆਂ ਧੀਆਂ ਨੂੰ ਵਾਧੂ ਦੀਆਂ

## ਇਸਤ੍ਰੀਆਂ ਦੇ ਤੌਰ ਤੇ ਘਰੀਂ ਪਾਉਂਦੇ ਜਾਣਾ ਧਰਮ ਦੀ ਸੰਸਥਾਪਨਾ ਹੈ ?

## (ੳ) ਭੂਮਾਸੁਰ ਨਾਲ ਸਬੰਧਤ ਸੌਲ੍ਹਾਂ ਹਜ਼ਾਰ ਕੰਨਿਆਵਾਂ ਘਰੀਂ ਪਾਉਣੀਆਂ

ਅਸੀਂ ਇਸੇ ਪੁਸਤਕ ਵਿੱਚ ਵਿਸ਼ਨੂੰ ਜੀ ਦੇ ਛੇਵੇਂ ਅਵਤਾਰ ਵਰਾਹ ਜੀ ਦੇ ਵੇਰਵੇ ਦੇ ਚੁੱਕੇ ਹਾਂ। ਵਿਸ਼ਨੂੰ ਪੁਰਾਣ ਵਿੱਚ ਵੀ ਅਜਿਹੇ ਵੇਰਵੇ ਉਪਲੱਬਧ ਹਨ। ਜਦੋਂ ਵਿਸ਼ਨੂੰ ਜੀ ਨੇ ਵਰਾਹ ਰੂਪ ਵਿੱਚ ਅਵਤਾਰ ਲਿਆ ਸੀ ਤਾਂ ਵਰਾਹ (ਸੂਰ) ਜੀ ਨੂੰ ਧਰਤੀ ਮਾਤਾ (ਪ੍ਰਿਥਵੀ) ਬਹੁਤ ਪਸੰਦ ਆ ਜਾਣ ਕਾਰਨ ਆਪਨੇ ਉਸ ਨਾਲ ਭੋਗ ਕੀਤਾ (ਉਂਝ ਧਰਤੀ ਨਾ ਤਾਂ ਇੱਕ ਇਸਤ੍ਰੀ ਸੀ ਤੇ ਨਾ ਹੀ ਮਨੁੱਖ ਕਿ ਵਰਾਹ ਜੀ ਉਸ ਨਾਲ ਸ਼ਾਦੀ ਜਾਂ ਭੋਗ ਕਰ ਸਕਦੇ) ਅਤੇ ਧਰਤੀ ਮਾਤਾ ਤੋਂ ਭੂਮਾਸੁਰ ਨਾਮ ਦੇ (ਦੂਜਾ ਨਾਮ ਨਰਕਾਸੁਰ) ਦੈਂਤ ਪੁੱਤਰ ਨੂੰ ਜਨਮ ਦਿੱਤਾ ਜੋ ਪ੍ਰਾਗਜਿਓਤਿਸ਼ਪੁਰ (ਗੋਹਾਟੀ) ਦਾ ਰਾਜਾ ਬਣਿਆ ਸੀ। ਵਿਸ਼ਨੂੰ ਪੁਰਾਣ ਵਿੱਚ ਲਿਖਿਆ ਹੈ ਕਿ ਉਸ ਨੇ ੧੬੧੦੦ ਕੰਨਿਆਵਾਂ ਆਪਣੇ ਮਹਲਾਂ ਵਿੱਚ ਇਕੱਠੀਆਂ ਕਰ ਰੱਖੀਆਂ ਸਨ। ਕਲਪਨਾ ਦੀ ਬੇ-ਇੰਤਹਾ ਉੱਚੀਆਂ ਉਡਾਰੀਆਂ ਮਾਰਨ ਵਾਲੇ ਸਾਡੇ ਕਵੀ ਸ਼ਯਾਮ ਜੀ ਦੀ ਮਹਾਨ ਖੋਜ (ਜੋ ਆਮ ਤੌਰ ਤੇ ਗ਼ੈਰ-ਵਿਗਿਆਨਕ ਹੀ ਸਾਬਤ ਹੁੰਦੀ ਰਹੀ ਹੈ) ਮੁਤਾਬਿਕ ਇਕੱਠੀਆਂ ਕਰ ਰੱਖੀਆਂ ਇਹਨਾਂ ਕੰਨਿਆਵਾਂ ਦੀ ਗਿਣਤੀ ੧੬੦੦੦ ਸੀ ੧੬੧੦੦ ਨਹੀਂ। ਉਹ ੨੦੦੦੦ ਤਕ ਦੀ ਗਿਣਤੀ ਪੂਰੀ ਕਰਕੇ ਉਹਨਾਂ ਨੂੰ ਆਪਣੇ ਨਾਲ ਵਿਆਹੁਣਾ ਚਾਹੁੰਦਾ ਸੀ।

**ਜੇ ਸਭ ਜੋਰਿ ਭੂਮਾਸੁਰ ਰਾਖੀ॥**
**ਕਹਿ ਲਗਿ ਗਨਉਂ ਤਿਨਨ ਕੀ ਸਾਖੀ॥**
**ਤਿਨ ਯੌ ਕਹਯੋ ਇਹੀ ਹਉਂ ਕਰਿਹਉਂ॥**
**ਬੀਸ ਹਜ਼ਾਰ ਏਕਠੀ ਬਰਿਹਉਂ॥੨੧੪੨॥** (ਪੰਨਾ ੫੨੫)

(ਜੋਰਿ - ਜੋੜ ਕੇ, ਇਕੱਠੀਆਂ ਕਰਕੇ। ਗਨਉਂ - ਗਿਣਾਂ। ਸਾਖੀ - ਕਹਾਣੀਆਂ। ਹਉਂ - ਮੈਂ। ਏਕਠੀ - ਇਕੱਠੀਆਂ। ਬਰਿਹਉਂ - ਵਿਆਹ ਲਵਾਂਗਾ।)

ਜਦ ਅਵਤਾਰ ਜੀ ਨੇ ਭੂਮਾਸੁਰ ਤੇ ਹਮਲਾ ਕੀਤਾ ਤਦ ਉਸਦੀ ਮਦਦ ਲਈ ਪੁਰਾਣਾਂ ਵਿੱਚ ਬਿਆਨਿਆ ਮੁਰ ਦੈਂਤ ਵੀ ਆਇਆ ਜੋ ਭੂਮਾਸੁਰ ਦਾ ਗੂੜ੍ਹਾ ਮਿੱਤਰ ਸੀ ਅਤੇ ਜਿਸਦੇ ਪੰਜ ਸਿਰ ਸਨ। ਉਸਦੇ ੭੦੦੦ ਬਲਵਾਨ ਪੁੱਤਰ ਵੀ ਸਨ। ਉਹ ਭੂਮਾਸੁਰ ਦੀ ਮਦਦ ਲਈ ਕ੍ਰਿਸ਼ਨ ਜੀ ਨਾਲ ਅੜ ਬੈਠਾ ਅਤੇ ਜੰਗ ਦੌਰਾਨ ਮਾਰਿਆ ਗਿਆ। ਇਸ ਪਿੱਛੋਂ ਕ੍ਰਿਸ਼ਨ ਜੀ ਨੇ

ਘੋਰ ਜੁੱਧ ਕਰ ਕੇ ਭੂਮਾਸੁਰ ਨੂੰ ਵੀ ਮਾਰ ਮੁਕਾਇਆ।

ਭੂਮਾਸੁਰ ਦੇ ਮਾਰੇ ਜਾਣ ਪਿੱਛੋਂ ਕਵੀ ਸ਼ਯਾਮ ਅਨੁਸਾਰ ਉਸ ਵਲੋਂ ਇਕੱਠੀਆਂ ਕੀਤੀਆਂ ਸਾਰੀਆਂ ਕੰਨਿਆਵਾਂ ਕ੍ਰਿਸ਼ਨ ਜੀ ਨੇ ਆਪ ਵਿਆਹ ਲਈਆਂ। ਸਭ ਦੇ ਦਸ ਦਸ ਪੁੱਤਰ ਹੋਏ ਅਤੇ ਭਗਵਾਨ ਦੇ ਪਰਵਾਰ ਦੀ ਵੱਡੀ ਸੈਨਾ ਤਿਆਰ ਹੋ ਗਈ।

**ਵਿਸ਼ਨੂੰ ਜੀ ਦੇ ਅਵਤਾਰ ਨੇ ਤਾਂ ਧਰਮ ਦੀ ਸੰਸਥਾਪਨਾ ਕਰਨੀ ਸੀ ਪਰ ਇੱਥੇ ਤਾਂ ਸ਼ਾਦੀ-ਸ਼ੁਦਾ ਅਵਤਾਰ ਜੀ ਆਪਣੇ ਸ਼ਤਰੂ ਰਾਜੇ ਨੂੰ ਮਾਰਨ ਪਿੱਛੋਂ ੧੬੦੦੦ ਤੋਂ ਉੱਤੇ ਦੀ ਗਿਣਤੀ ਵਾਲੀਆਂ ਕੰਨਿਆਵਾਂ ਦੀ ਵੱਡੀ ਫ਼ੌਜ ਨੂੰ ਘਰੀਂ ਪਾ ਲੈਣ ਦਾ ਕਰਤਬ ਕਰਦੇ ਹੋਏ ਦਿਖਾਏ ਗਏ ਹਨ ਜੋ ਕਿਸੇ ਤਰ੍ਹਾਂ ਵੀ ਧਰਮ ਦੀ ਸੰਸਥਾਪਨਾ ਨਹੀਂ ਮੰਨੀ ਜਾ ਸਕਦੀ।**

**ਜੁੱਧ ਸਮੈਂ ਅਤਿ ਕ੍ਰੋਧ ਹੁਇ ਜਦੁਪਤਿ ਬਧ ਕੈ ਤਾਹਿ॥**
**ਸੋਰਹ ਸਹਸ੍ਰ ਸੁੰਦਰੀ, ਆਪਹਿ ਲਈ ਬਿਵਾਹਿ॥੨੧੪੩॥**

**(ਪੰਨਾ ੫੨੫)**

(ਬਧ ਕੈ - ਮਾਰ ਕੇ। ਤਾਹਿ - ਉਸਨੂੰ। ਸੋਰਹ ਸਹਸ੍ਰ - ਸੋਲ੍ਹਾਂ ਹਜ਼ਾਰ)

ਕ੍ਰਿਸ਼ਨ ਜੀ ਨੇ ਪਹਿਲਾਂ ਭੂਮਾਸੁਰ ਦੇ ਸੱਤ ਪੁੱਤਰ ਮਾਰ ਦਿੱਤੇ ਸਨ ਅਤੇ ਅੰਤ ਭੂਮਾਸੁਰ ਨੂੰ ਵੀ ਮਾਰ ਦਿੱਤਾ ਸੀ। ਕਵੀ ਜੀ ਅਨੁਸਾਰ ਭੂਮਾਸੁਰ ਦੇ ਮਰਨ ਪਿੱਛੋਂ ਉਸਦੀ ਰਾਣੀ ਕ੍ਰਿਸ਼ਨ ਜੀ ਦੇ ਸਨਮੁੱਖ ਬਸਤ੍ਰ-ਹੀਣ ਹੋ ਕੇ ਧਰਤੀ ਤੇ ਲੋਟਣ ਲਗੀ ਅਤੇ ਫ਼ਿਰ ਕ੍ਰਿਸ਼ਨ ਜੀ ਦੀ ਉਸਤਤਿ ਕਰ ਕੇ ਉਸ ਨੇ ਆਪਣੇ ਪੋਤਰੇ ਨੂੰ ਕ੍ਰਿਸ਼ਨ ਜੀ ਦੇ ਚਰਨੀਂ ਲਗਾਇਆ ਅਤੇ ਆਪਣੀ ਅਤੇ ਆਪਣੇ ਬਾਕੀ ਦੇ ਪਰਵਾਰ ਨੂੰ ਬਚਾਉਣ ਦੀ ਜੁਗਤ ਕੱਢੀ।

ਐਸੀ ਦਸ਼ਾ ਜਬ ਭਈ ਇਹ ਕੀ, ਤਬ ਮਾਇ ਭੂਮਾਸੁਰ ਕੀ ਸੁਨਿ ਧਾਈ॥
ਭੂਮ ਕੇ ਊਪਰ ਝੂਮ ਗਿਰੀ, ਸੁਧ ਬਸਤ੍ਰਨ ਕੀ ਚਿਤ ਤੇ ਬਿਸਰਾਈ॥
ਪਾਇਂ ਨ ਡਾਰਤ ਭੀ ਪਨੀਆ ਸੁ, ਉਤਾਵਲ ਸੌ ਚਲਿ ਸਯਾਮ ਪੈ ਆਈ॥
ਦੇਖਤ ਰੀਝਤ ਸਯਾਮ ਕੋ ਰੀਝ ਰਹੀ, ਦੁਖ ਭੂਲ ਗਯੋ ਸੁ ਤੋ ਕੀਨ ਬਡਾਈ॥੨੧੩੯॥

(ਪੰਨਾ ੫੨੫)

**ਕ੍ਰਿਸ਼ਨ ਜੀ ਵਲੋਂ ਰਾਣੀ ਦੇ ਸੱਤ ਪੁੱਤਰਾਂ ਅਤੇ ਰਾਣੀ ਦੇ ਪਤੀ ਭੂਮਾਸੁਰ ਨੂੰ ਮਾਰ ਦੇਣ ਪਿੱਛੋਂ ਕਵੀ ਸ਼ਯਾਮ ਦਾ ਇਹ ਲਿਖਣਾ ਕਿ ਰਾਣੀ ਕ੍ਰਿਸ਼ਨ ਜੀ ਨੂੰ ਦੇਖਦਿਆਂ ਹੀ ਉਹਨਾਂ ਤੇ ਰੀਝ ਗਈ ਬਹੁਤ ਹੀ ਗ਼ੈਰ-ਕੁਦਰਤੀ ਤੇ ਕੁਹਝਾ ਜਿਹਾ ਲਗਦਾ ਹੈ। ਰਾਣੀ**

**ਵਲੋਂ ਬਸਤ੍ਰ-ਹੀਣ ਹੋ ਕੇ ਧਰਤੀ ਤੇ ਪੈ ਜਾਣ ਦੀ ਗੱਲ ਵੀ ਕਹਾਣੀ ਦੇ ਜ਼ਾਇਕੇ ਨੂੰ ਬਹੁਤ ਜ਼ਿਆਦਾ ਖ਼ਰਾਬ ਕਰਦੀ ਹੈ ਅਤੇ ਅਵਤਾਰ ਜੀ ਦੀ ਵੀ ਹੇਠੀ ਕਰਦੀ ਹੈ। ਇਹ ਪ੍ਰਸੰਗ ਅਵਤਾਰ ਜੀ ਲਈ ਸ਼ਰਧਾ ਪੈਦਾ ਕਰਨ ਦੀ ਥਾਂ ਨਫ਼ਰਤ ਨੂੰ ਹੀ ਵਧਾਉਂਦਾ ਹੈ।**

## (ਅ) ਰੁਕਮੀ ਨਾਲ ਜੁੱਧ ਅਤੇ ਰੁਕਮਣੀ-ਹਰਨ (ਉਧਾਲਾ)

ਰੁਕਮਣੀ ਦਾ ਭਰਾ ਰੁਕਮੀ ਆਪਣੇ ਪਿਤਾ ਭੀਸ਼ਮਕ ਦੀ ਖ਼ਾਹਿਸ਼ ਮੁਤਾਬਿਕ ਰੁਕਮਣੀ ਦੀ ਸ਼ਾਦੀ ਚੰਦੇਰੀ ਦੇ ਰਾਜੇ ਸ਼ਿਸ਼ੂਪਾਲ ਨਾਲ ਕਰਨਾ ਚਾਹੁੰਦਾ ਸੀ। ਸ਼ਿਸ਼ੂਪਾਲ ਵੀ ਕ੍ਰਿਸ਼ਨ ਜੀ ਦਾ ਵੱਡਾ ਵਿਰੋਧੀ ਸੀ ਜੋ ਉਂਝ ਉਹਨਾਂ ਦਾ ਮਸੇਰ ਭਰਾ ਵੀ ਲਗਦਾ ਸੀ। ਕ੍ਰਿਸ਼ਨ ਜੀ ਨੇ ਬਲ ਤੇ ਧੱਕੇ ਨਾਲ ਰੁਕਮਣੀ ਨੂੰ ਆਪਣੇ ਰੱਥ ਤੇ ਉਧਾਲ ਕੇ ਲੈ ਆਂਦਾ ਸੀ। ਇਹੋ ਰੁਕਮਣੀ ਕ੍ਰਿਸ਼ਨ ਜੀ ਦੀ ਪਟਰਾਣੀ ਬਣੀ ਸੀ।

ਅਵਤਾਰ ਜੀ ਵਲੋਂ ਉਧਾਲੇ ਵਾਲਾ ਜੋ ਵੱਡਾ ਸਮਾਜ-ਵਿਰੋਧੀ ਅਤੇ ਧਰਮ-ਵਿਰੋਧੀ ਕਿਹਾ ਜਾ ਸਕਣ ਵਾਲਾ ਕਾਰਾ ਕੀਤਾ ਹੋਇਆ ਦਸਿਆ ਗਿਆ ਹੈ, ਉਸ ਨੂੰ ਕੋਈ ਵੀ ਧਰਮੀ ਬੰਦਾ ਪ੍ਰਵਾਨਗੀ ਨਹੀਂ ਦੇ ਸਕਦਾ। ਸਿਰਫ਼ ਇਹੀ ਨਹੀਂ ਹੋਇਆ ਬਲਕਿ **ਬਲਰਾਮ ਜੀ ਤੇ ਕ੍ਰਿਸ਼ਨ ਜੀ ਨੇ ਰੁਕਮਣੀ ਨੂੰ, ਜੋ ਦੇਵੀ ਮੰਦਰ ਤੋਂ ਪੂਜਾ ਕਰ ਕੇ ਵਾਪਸ ਆ ਰਹੀ ਸੀ, ਆਪਣੀਆਂ ਬਾਹਾਂ ਦੇ ਜ਼ੋਰ ਨਾਲ ਅਤੇ ਨਿਰੇ ਧੱਕੇ ਨਾਲ ਆਪਣੇ ਰੱਥ ਵਿੱਚ ਧਰ ਲਿਆ। ਕਵੀ ਅਨੁਸਾਰ ਅਵਤਾਰ ਜੀ ਨੇ ਰੁਕਮਣੀ ਨੂੰ ਬਾਂਹ ਤੋਂ ਫੜ੍ਹ ਲਿਆ,** ਯਥਾ :-

**ਪ੍ਰਭ ਆਇ ਪਰਿਓ ਤਿਹ ਮਧਿ ਬਿਖੈ ਇਹ ਲੇਤ ਹੋ ਰੇ ਇਮ ਉੱਚਰਿ ਕੈ॥**
**ਬਲ ਧਾਰ ਲਈ ਰਥ ਭੀਤਰਿ ਡਾਰ, ਮੁਰਾਰ ਤਬੈ ਬਹਯਾ ਧਰਿ ਕੈ॥੧੯੯੨॥**

(ਪੰਨਾ ੫੦੬)

ਸਿਰਫ਼ ਇਤਨਾ ਹੀ ਨਹੀਂ; ਅਵਤਾਰ ਜੀ ਉਧਾਲਾ ਕਰਨ ਵੇਲੇ ਜ਼ੋਰ ਅਤੇ ਧੱਕੇ ਨਾਲ ਬੇਖੌਫ਼ ਹੋ ਕੇ ਇਸ ਅਣ-ਸਮਾਜਕ ਕਾਰੇ ਨੂੰ ਸਿਰੇ ਚੜ੍ਹਾ ਕੇ ਦੁਨੀਆਦਾਰ ਜ਼ੋਰਾਵਰਾਂ ਦੀ ਤਰ੍ਹਾਂ ਹੇਠ ਲਿਖੇ ਅਨੁਸਾਰ ਬੜ੍ਹਕਾਂ ਮਾਰ ਕੇ ਲੜਕੀ ਦੇ ਭਰਾ, ਰਿਸ਼ਤੇਦਾਰਾਂ ਤੇ ਹਿਮਾਇਤੀਆਂ ਨੂੰ ਚੁਨੌਤੀ ਦੇ ਰਹੇ ਦਿਖਾਏ ਗਏ ਹਨ :-

**ਡਾਰ ਰੁਕੰਮਨ ਸਯੰਦਨ ਪੈ ਸਭ ਸੂਰਨ ਸੋ ਇਹ ਭਾਂਤਿ ਸੁਨਾਈ॥**
**ਜਾਤ ਹੋ ਰੇ ਇਹ ਕੋ ਅਬ ਲੈ ਇਹ ਕੈਂ ਰੁਕਮੈ ਅਬ ਦੇਖਤ ਭਾਈ॥**

**ਪਉਰਖ ਹੈ ਜਿਹ ਸੂਰ ਬਿਖੈ, ਸੋਊ ਯਾਹਿ ਛਡਾਇ, ਨ ਮਾਂਡ ਲਰਾਈ ॥**
**ਆਜ ਸਭੋ ਮਰਿਹੋ ਟਰਿਹੋ ਨਹੀਂ, ਸ਼ਯਾਮ ਭਨੈ ਮੁਹਿ ਰਾਮ ਦੁਹਾਈ ॥੧੯੯੩ ॥**

(ਪੰਨਾ ੫੦੭)

(ਸਯੰਦਨ - ਰੱਥ। ਪਉਰਖ - ਸੂਰਬੀਰਤਾ।)

## (ੲ) ਸਤ੍ਰਾਜਿਤ ਯਾਦਵ ਨੂੰ ਜ਼ਲੀਲ ਕਰਕੇ ਅਵਤਾਰ ਜੀ ਵਲੋਂ ਉਸ ਦੀ ਧੀ ਸਤਭਾਮਾ ਨੂੰ ਪ੍ਰਾਪਤ ਕਰਨਾ

ਸਤਭਾਮਾ ਦੇ ਪਿਤਾ ਸਤ੍ਰਾਜਿਤ ਯਾਦਵ ਨੇ ਸੂਰਜ ਤੋਂ ਨਾਯਾਬ ਕਿਸਮ ਦੀ ਸਯਮੰਤਕ ਮਣੀ ਪ੍ਰਾਪਤ ਕੀਤੀ ਸੀ। ਕਵੀ ਵਲੋਂ ਇਹ ਸਤ੍ਰਾਜਿਤ ਇੱਕ ਘਟੀਆ ਜਿਹਾ ਬੰਦਾ ਕਰਕੇ ਦਸਿਆ ਗਿਆ ਹੈ ਅਤੇ ਇਸ ਮਣੀ ਬਾਰੇ ਉਸਨੇ ਕ੍ਰਿਸ਼ਨ ਜੀ ਤੇ ਇੱਕ ਬੇ-ਬੁਨਿਆਦ ਜਿਹਾ ਦੋਸ਼ ਲਗਾ ਦਿੱਤਾ ਸੀ ਜੋ ਅਸਲ ਵਿੱਚ ਉਸ ਦੀ ਪੱਗ ਸਮੇਤ ਇੱਕ ਸ਼ੇਰ ਖੋਹ ਕੇ ਜੰਗਲਾਂ ਵੱਲ ਲੈ ਗਿਆ ਸੀ।

ਕ੍ਰਿਸ਼ਨ ਜੀ ਜੰਗਲ ਵੱਲ ਸ਼ੇਰ ਦਾ ਪਿੱਛਾ ਕਰਨ ਗਏ। ਇਸ ਤੋਂ ਪਹਿਲਾਂ ਹੀ ਉਸ ਸ਼ੇਰ ਤੋਂ ਇੱਕ ਰਿੱਛ ਪੱਗ ਸਮੇਤ ਉਹ ਮਣੀ ਖੋਹ ਕੇ ਲੈ ਗਿਆ ਸੀ। ਰਿੱਛ ਨੂੰ ਜੰਗ ਵਿੱਚ ਹਰਾ ਕੇ ਜਦੋਂ ਕ੍ਰਿਸ਼ਨ ਜੀ ਇਸ ਨਾਯਾਬ ਮਣੀ ਨੂੰ ਲੈ ਕੇ ਵਾਪਸ ਪੁੱਜੇ ਤਾਂ ਸ਼ਤ੍ਰਾਜਿਤ ਨੂੰ ਦੇਖਦਿਆਂ ਹੀ ਗੁੱਸੇ ਵਿੱਚ ਇਹ ਮਣੀ ਉਸਦੇ ਸਿਰ ਤੇ ਦੇ ਮਾਰੀ ਅਤੇ ਗੁੱਸੇ ਨਾਲ ਉਸਨੂੰ ਕਿਹਾ ਕਿ ਇਹ ਉਹੀ ਮਣੀ ਹੈ ਜਿਸ ਬਾਰੇ ਤੂੰ ਸਾਡੇ ਤੇ ਇਲਜ਼ਾਮ ਲਗਾਇਆ ਸੀ ਯਥਾ :-

**ਹੇਰ ਕੈ ਸ਼ਯਾਮ ਸ਼ਤ੍ਰਾਜਿਤ ਕਉ,**
**ਮਨਿ ਲੈ ਕਰ ਮੈਂ, ਫੁਨਿ ਤਾ ਸਿਰ ਮਾਰੀ ॥**
**ਜਾ ਹਿਤ ਦੋਸ਼ ਦਯੋ ਸੋਈ ਲੈ ਜੜ,**
**ਕੋਪ ਭਰੇ ਇਹ ਭਾਂਤਿ ਉਚਾਰੀ ॥੨੦੬੨ ॥** (ਪੰਨਾ ੫੧੫)

**ਸ਼ਤ੍ਰਾਜਿਤ** ਨੇ ਮਣੀ ਨੂੰ ਆਪਣੇ ਹੱਥ ਵਿੱਚ ਦੇਖ ਕੇ ਬਹੁਤ ਸ਼ਰਮਿੰਦਗੀ ਮਹਿਸੂਸ ਕੀਤੀ ਅਤੇ ਆਪਣੇ ਵਲੋਂ ਕ੍ਰਿਸ਼ਨ ਜੀ ਉੱਤੇ ਲਗਾਏ ਝੂਠੇ ਇਲਜ਼ਾਮ ਕਾਰਨ ਬਹੁਤ ਨਮੋਸ਼ੀ ਮਹਿਸੂਸ ਕੀਤੀ ਅਤੇ **ਨਮੋਸ਼ੀ ਦੇ ਇਸ ਆਲਮ ਵਿੱਚੋਂ ਬਾਹਰ ਨਿਕਲਣ ਲਈ ਆਪਣੀ ਯੋਜਨਾ ਤਹਿਤ ਕ੍ਰਿਸ਼ਨ ਜੀ ਨੂੰ ਆਪਣੀ ਧੀ ਸਤਭਾਮਾ ਪੇਸ਼ ਕਰ ਦਿੱਤੀ ਅਤੇ ਉਸ ਨਾਲ ਵੀ ਚਾਲੂ ਕਹਾਣੀ ਅਨੁਸਾਰ ਅਵਤਾਰ ਜੀ ਨੇ ਸ਼ਾਦੀ ਕਰ ਲਈ, ਯਥਾ :-**

**ਹਾਥਿ ਰਹਿਓ ਮਨਿ ਕੋ ਧਰਿ ਕੈ,**

**ਤਿਨ ਨੈਕ ਨ ਕਾਹੂੰ ਕੀ ਓਰ ਨਿਹਾਰਿਓ॥**
**ਲੱਜਿਤ ਹ੍ਵੈ ਖਿਸਿਆਨੋ ਘਨੋ**
**ਦੁਬਿਧਾ ਕਰਿ ਧਾਮ ਕੀ ਓਰ ਸਿਧਾਰਿਓ॥**
**ਬੈਰ ਪਰਿਯੋ ਹਮਰੋ ਹਰਿ ਸਉਂ**
**ਔ ਕਲੰਕ ਚੜ੍ਹਯੋ ਗਜੋ ਭ੍ਰਾਤਰ ਮਾਰਿਓ॥**
**ਭੀਰ ਪਰੀ ਤੇ ਅਧੀਰ ਭਯੋ ਦੁਹਿਤਾ**
**ਦੇਊਂ ਸ਼ਯਾਮ ਇਹੀ ਚਿਤ ਧਾਰਿਓ॥੨੦੬੩॥**

**(ਪੰਨਾ ੫੧੫)**

(ਨਿਹਾਰਿਓ - ਦੇਖਿਆ। ਖਿਸਿਆਨੋ - ਜ਼ਲੀਲ ਹੋਇਆ। ਧਾਮ - ਘਰ।
ਭ੍ਰਾਤਰ - ਭਰਾ। ਅਧੀਰ - ਪਰੇਸ਼ਾਨ। ਦੁਹਿਤਾ - ਧੀ।)

## (ਸ) ਰਿੱਛ ਨਾਲ ਮਣੀ ਲਈ ਅਵਤਾਰ ਜੀ ਦਾ ੧੨-ਦਿਨਾ ਘੋਰ ਜੁੱਧ ਅਤੇ ਰਿੱਛ ਜੀ ਦੀ ਧੀ ਨਾਲ ਅਵਤਾਰ ਜੀ ਦੀ ਸ਼ਾਦੀ

ਕ੍ਰਿਸ਼ਨ ਜੀ ਉਸ ਮਣੀ ਨੂੰ ਲੈਣ ਲਈ ਸ਼ੇਰ ਦਾ ਪਿੱਛਾ ਕਰਦਿਆਂ ਜੰਗਲਾਂ ਵੱਲ ਗਏ। ਜੰਗਲ ਜਾਣ ਤੇ ਇਹ ਪਤਾ ਚਲਿਆ ਕਿ ਸ਼ੇਰ ਕੋਲੋਂ ਇੱਕ ਭਾਲੂ (ਰਿੱਛ) ਉਹ ਮਣੀ ਖੋਹ ਕੇ ਲੈ ਗਿਆ ਹੈ। ਕ੍ਰਿਸ਼ਨ ਜੀ ਨੇ ਭਾਲੂ ਨਾਲ ਭਿਅੰਕਰ ਗੁਫ਼ਾ ਅੰਦਰ ਬਾਰ੍ਹਾਂ ਦਿਨ ਤਕ ਘੋਰ ਜੁੱਧ ਕੀਤਾ ਅਰ ਰਿੱਛ ਨੂੰ ਬਹੁਤ ਹੀ ਕਮਜ਼ੋਰ, ਨਿਹੱਥਾ ਤੇ ਨਿਮੋਝੂਣਾ ਕਰ ਦਿੱਤਾ। ਉਸ ਸਮੇਂ ਰਿੱਛ ਨੇ ਆਪਣੀ ਜਾਨ ਬਚਾਉਣ ਲਈ ਅਤੇ ਕ੍ਰਿਸ਼ਨ ਜੀ ਨੂੰ ਪ੍ਰਸੰਨ ਕਰਨ ਲਈ ਬੜੀ ਕਾਰਆਮਦ ਸਕੀਮ ਬਣਾ ਕੇ ਆਪਣੀ ਧੀ ਕ੍ਰਿਸ਼ਨ ਜੀ ਨੂੰ ਵਿਆਹ ਲਈ ਪੇਸ਼ ਕੀਤੀ ਅਤੇ ਭੁੱਲ ਲਈ ਵੀ ਖਿਮਾ ਮੰਗੀ, ਯਥਾ :-

**ਭੂਲ ਲਈ ਹਮ ਤੇ ਪ੍ਰਭ ਜੂ ਸੁ ਛਿਮਾ ਕਰੀਐ ਸ਼ਿਵ ਸੂਰਜ ਸਾਖੀ॥**
**ਯੋ ਕਹਿ ਕੈ ਦੁਹਿਤਾ ਜੋ ਹੁਤੀ ਸੋਊ ਲੈ ਬ੍ਰਿਜਨਾਥ ਕੈ ਅਗ੍ਰਜ ਰਾਖੀ॥੨੦੫੨॥** **(ਪੰਨਾ ੫੧੪)**

## (੭) ਕੀ ਕ੍ਰਿਸ਼ਨਾਵਤਾਰ ਦੇ ਜੁੱਧ ਧਰਮ-ਜੁੱਧ ਸਨ ਅਤੇ ਕੀ ਉਹਨਾਂ ਦਾ ਉਦੇਸ਼ ਧਰਮ ਦੀ ਸੰਸਥਾਪਨਾ ਸੀ?

ਕਵੀ ਸ਼ਯਾਮ ਨੇ ਭਾਗਵਤ ਦੇ ਦਸਮ ਸਕੰਧ ਦਾ ਕਮਾਲ ਦਾ ਹੀ ਅਨੁਵਾਦ ਪੇਸ਼ ਕੀਤਾ ਹੈ ਅਤੇ ਫ਼ਿਰ ਇਸ ਵਿੱਚ ਇਹ ਲਿਖ ਕੇ ਕਮਾਲ ਦੇ ਧਰਮ ਜੁੱਧ ਹੀ ਬਿਆਨ ਕੀਤੇ ਹਨ :-

**ਦਸਮ ਕਥਾ ਭਗੌਤ ਕੀ ਭਾਖਾ ਕਰੀ ਬਨਾਇ॥**
**ਅਵਰ ਬਾਸਨਾ ਨਾਹਿੰ ਪ੍ਰਭ ਧਰਮ ਜੁਧੁ ਕੈ ਚਾਇ॥੨੪੯੧॥**
(ਪੰਨਾ ੫੭੦)

**ਕੀ ਰੁਕਮਣੀ ਜੀ ਨੂੰ ਉਧਾਲਣ ਲਈ ਲੜਿਆ ਜੁੱਧ ਧਰਮ ਜੁੱਧ ਸੀ? ਕੀ ਰਿੱਛ ਨਾਲ ੧੨ ਦਿਨ ਘੋਰ ਜੰਗ ਕਰਦੇ ਰਹਿਣਾ ਧਰਮ ਜੁੱਧ ਸੀ ਜਿਸ ਵਿੱਚ ਅੰਤ ਨੂੰ ਰਿੱਛ ਨੇ ਆਪਣੀ ਧੀ ਅਵਤਾਰ ਜੀ ਨਾਲ ਵਿਆਹ ਕੇ ਆਪਣੀ ਜਾਨ ਛੁਡਾਈ ਸੀ? ਕੀ ਘਟੀਆ ਤੇ ਕਮੀਨੇ ਸ਼ਤ੍ਰਾਜਿਤ ਦੇ ਝੂਠ ਨੂ ਨੰਗਾ ਕਰਕੇ ਉਸ ਦੀ ਧੀ ਅਤੇ ਨਾਯਾਬ ਮਣੀ ਪ੍ਰਾਪਤ ਕਰਨ ਲਈ ਕੀਤਾ ਜੁੱਧ ਧਰਮ ਜੁੱਧ ਸੀ? ਕੀ ਭੂਮਾਸੁਰ ਤੇ ਮੁਰ ਦੈਂਤ ਨਾਲ ਘੋਰ ਜੁੱਧ ਧਰਮ ਜੁੱਧ ਸਨ, ਜਿਸ ਰਾਹੀਂ ਕਵੀ ਸ਼ਯਾਮ ਦੇ ਪ੍ਰਭੂ ਨੇ ਇਕੱਠੀਆਂ ਹੀ ੧੬੦੦੦ ਕੰਨਿਆਵਾਂ ਉਸ ਪਾਸੋਂ ਖੋਹ ਕੇ ਆਪਣੇ ਨਾਲ ਵਿਆਹ ਲਈਆਂ ਸਨ?**

ਉਪਰੋਕਤ ਕੇਸਾਂ ਵਿੱਚ ਧਰਮ ਦੀ ਸੰਸਥਾਪਨਾ ਲਈ ਅਵਤਾਰ ਲੈਣ ਦੀ ਗੱਲ ਤਾਂ ਕੁੱਝ ਪੱਲੇ ਨਹੀਂ ਪੈ ਰਹੀ। ਹਾਂ **ਜਿਵੇਂ ਆਮ ਅਵਤਾਰ-ਵਾਦੀ ਭਗਤ ਭਗਵਾਨ ਵਲੋਂ ਗਿਣਤੀ ਵਿੱਚ ਇਤਨੇ ਜ਼ਿਆਦਾ ਕਰਵਾਏ ਗਏ ਵਿਆਹਾਂ ਨੂੰ ਭਗਵਾਨ ਦੀ ਲੀਲਾ ਦਸ ਰਹੇ ਹਨ, ਅਸੀਂ ਗੁਰਮਤਿ ਧਾਰਨੀ ਸਾਕਤ ਕਵੀ ਸ਼ਯਾਮ ਨਾਲ ਰਲ ਕੇ ਐਸਾ ਕਰਨ ਤੋਂ ਅਸਮਰਥ ਹਾਂ।** ਗੁਰਬਾਣੀ ਦੇ ਇਹਨਾਂ ਉਪਦੇਸ਼ਾਂ ਦਾ ਕ੍ਰਿਸ਼ਨਾਵਤਾਰ ਦੇ ਪ੍ਰਸੰਗਾਂ ਨਾਲ ਕਿਸੇ ਤਰ੍ਹਾਂ ਵੀ ਤਾਲ-ਮੇਲ ਨਹੀਂ ਹੋ ਸਕਦਾ।

**ਕਾਮੁ ਕ੍ਰੋਧੁ ਕਾਇਆ ਕਉ ਗਾਲੈ॥** (ਮ: ੧, ੯੩੨)

**ਤਕਹਿ ਨਾਰਿ ਪਰਾਈਆਂ, ਲੁਕਿ ਅੰਦਰਿ ਠਾਣੀ॥**
**ਅਜਰਾਈਲ ਫਰੇਸਤਾ, ਤਿਲ ਪੀੜੇ ਘਾਣੀ॥** (ਮ: ੫, ੫੧੫)

**ਕਾਮਵੰਤ ਕਾਮੀ ਬਹੁ ਨਾਰੀ ਪਰਗ੍ਰਿਹਿ ਜੋਹ ਨ ਚੂਕੇ॥**(ਮ: ੫, ੬੭੨)

**ਘਰ ਕੀ ਨਾਰਿ ਤਿਆਗੈ ਅੰਧਾ॥** (ਨਾਮਦੇਵ ਜੀ ੧੩੬੫)

## (ੲ) ਅਨੁਰੁਧ ਊਸ਼ਾ ਦੇ ਪ੍ਰਸੰਗ ਰਾਹੀਂ ਅਵਤਾਰ ਜੀ ਉੱਤੇ ਜ਼ੋਰ,ਧੱਕੇ ਅਤੇ ਪੁਰਾਣੀਆਂ ਮੂਲ ਵਾਦੀਆਂ ਦੇ ਜਾਰੀ ਰਹਿਣ ਦਾ ਲਾਂਛਨ

ਵਾਣਾਸੁਰ ਨਾਮ ਦੇ ਦੈਂਤ ਦੀ ਪੁੱਤਰੀ ਊਸ਼ਾ ਕ੍ਰਿਸ਼ਨ ਜੀ ਦੇ ਪੋਤੇ ਅਨਿਰੁੱਧ ਦੇ ਪ੍ਰੇਮ ਜਾਲ ਵਿੱਚ ਫਸ ਗਈ। ਅਨਿਰੁਧ ਵੀ ਬੜੇ ਅਨਹੋਣੇ

ਜਿਹੇ ਢੰਗ ਨਾਲ ਉਸਦੇ ਪ੍ਰੇਮ ਵਿੱਚ ਜਕੜਿਆ ਗਿਆ ਅਤੇ ਊਸ਼ਾ ਦੇ ਮਹਿਲ ਵਿੱਚ ਪੁੱਜ ਕੇ ਪ੍ਰੇਮ ਸਬੰਧਾਂ ਦੀ ਕਾਰਵਾਈ ਪਾਉਣ ਲਗਾ। ਵਾਣਾਸੁਰ ਨੂੰ ਇਸ ਦੁਵੱਲੇ ਪ੍ਰੇਮ ਬਾਰੇ ਪਤਾ ਚਲਣ ਤੇ ਬਹੁਤ ਪਰੇਸ਼ਾਨੀ ਹੋਈ ਅਤੇ ਉਸ ਨੇ ਅਨਿਰੁਧ ਨੂੰ ਆਪਣੀ ਕੈਦ ਵਿੱਚ ਪਾ ਦਿੱਤਾ। ਨਾਰਦ ਦੀ ਚੁਕਣਾ ਵਿੱਚ ਆ ਕੇ ਸ੍ਰੀ ਕ੍ਰਿਸ਼ਨ ਜੀ ਨੇ ਬਲਰਾਮ, ਪ੍ਰਦੁਮਨ ਤੇ ਯਾਦਵ ਸੈਨਾ ਨੂੰ ਲੈ ਕੇ ਵਾਣ ਦੈਂਤ ਦੇ ਨਗਰ ਸ਼ੋਣਿਤਪੁਰ ਉੱਤੇ ਚੜ੍ਹਾਈ ਕਰ ਦਿੱਤੀ। ਵਾਣ ਦੈਂਤ ਦੇ ਸਰੀਰ ਦੀ ਗ਼ੈਰ-ਕੁਦਰਤੀ ਤੇ ਅਤਿਅੰਤ ਬਚਿੱਤਰ ਜਿਹੀ ਬਨਾਵਟ ਸੀ ਕਿਉਂਕਿ ਕਵੀ ਸ਼ਯਾਮ ਨੇ ਅਤੇ ਪੁਰਾਣਾਂ ਨੇ ਉਸ ਦੀਆਂ ਹਜ਼ਾਰ ਬਾਹਾਂ ਦਸੀਆਂ ਹਨ।

ਵਾਣ ਸ਼ਿਵ ਭਗਤ ਹੋਣ ਕਾਰਨ ਜੁੱਧ ਵਿੱਚ ਸ਼ਿਵ ਤੋਂ ਵੀ ਮਦਦ ਲੈਣ ਵਿੱਚ ਕਾਮਯਾਬ ਹੋ ਗਿਆ ਸੀ ਪਰ ਉਸਨੂੰ ਉਸ ਦੀਆਂ ਫ਼ੌਜਾਂ ਅਤੇ ਉਸਦੇ ਮਦਦਗਾਰ ਸ਼ਿਵ ਦੀ ਸਹਾਇਤਾ ਦੇ ਬਾਵਜੂਦ ਬੜੀ ਨਮੋਸ਼ੀ ਭਰੀ ਹਾਰ ਹੋਈ। ਇਸ ਮਾਮਲੇ ਵਿੱਚ ਸ਼ਿਵ ਜੀ ਨੇ ਆਪਣੇ ਭਗਤ ਦੀ ਕ੍ਰਿਸ਼ਨ ਜੀ ਤੋਂ ਜਾਨ ਬਚਾਉਣ ਵਿੱਚ ਭਾਰੀ ਮਦਦ ਕੀਤੀ। ਕ੍ਰਿਸ਼ਨ ਜੀ ਵਲੋਂ ਘੋਰ ਜੁੱਧ ਵਿੱਚ ਉਸ ਦੀਆਂ ੧੦੦੦ ਵਿੱਚੋਂ ੯੯੮ ਬਾਹਾਂ ਕੱਟ ਦਿੱਤੀਆਂ ਗਈਆਂ ਸਨ ਅਤੇ ਕ੍ਰਿਸ਼ਨ ਜੀ ਨੇ ਉਸਨੂੰ ਜਾਨ ਤੋਂ ਹੀ ਮਾਰ ਦੇਣਾ ਸੀ।

ਇੱਥੇ ਸ਼ਯਾਮ ਨੇ ਹੱਦ ਦਰਜੇ ਦੀ ਕਮੀਨਗੀ ਕਰਦਿਆਂ ਕਥਾਨਕ ਨੂੰ ਕੇਵਲ ਅਸ਼ਲੀਲ ਹੀ ਨਹੀਂ ਬਣਾਇਆ ਬਲਕਿ **ਕ੍ਰਿਸ਼ਨ ਜੀ ਦੇ ਉਨਮੁਕਤ ਕਾਮ ਸਬੰਧਾਂ ਵਾਲੇ ਪਿਛੋਕੜ ਨੂੰ ਮੁਖ ਰਖ ਕੇ ਵਾਣ ਦੀ ਮਾਤਾ ਨੂੰ ਆਪਣੇ ਪੁੱਤਰ ਦੀ ਜਾਨ ਬਚਾਉਣ ਲਈ ਕ੍ਰਿਸ਼ਨ ਜੀ ਦੇ ਸਨਮੁਖ ਅਲਫ਼ ਨੰਗੀ ਹੋ ਕੇ ਆਉਣ ਦੀ ਵਾਰਦਾਤ ਖੜ੍ਹੀ ਕਰਕੇ ਕ੍ਰਿਸ਼ਨ ਜੀ ਨੂੰ ਅਤਿ ਘਟੀਆ ਅਤੇ ਇਤਰਾਜ਼-ਯੋਗ ਰੂਪ ਵਿੱਚ ਪੇਸ਼ ਕੀਤਾ ਹੈ,** ਯਥਾ :-

**ਜਬ ਤਿਹ ਮਾਇ ਬਾਤ ਸੁਨ ਪਾਈ॥ ਨ੍ਰਿਪ ਹਾਰਯੋ ਜੀਤਯੋ ਜਦੁਰਾਈ॥**

**ਸਭ ਤਜਿ ਬਸਤ੍ਰ ਨਗਨ ਹੁਇ ਆਈ॥ ਆਇ ਸ੍ਯਾਮ ਕੋ ਦਈ ਦਿਖਾਈ॥੨੨੨੭॥** (ਪੰਨਾ ੫੩੬)

**ਤਬ ਪ੍ਰਭ ਦ੍ਰਿਗ ਨੀਚੇ ਹੁਇ ਰਹਯੋ॥ ਨੈਕ ਨ ਜੂਝਬ ਚਿਤ ਮੋ ਚਹਯੋ॥**
**ਭੂਪਤ ਸਮੈ ਭਜਨ ਕੋ ਪਾਯੋ॥ ਭਾਜਿ ਗਯੋ ਨਹਿ ਜੁੱਧ ਮਚਾਯੋ॥੨੨੨੮॥**
(ਪੰਨਾ ੫੩੬)

ਇਸ ਕਹਾਣੀ ਦੇ ਕਥਾਨਕ ਵਿੱਚ ਕੇਵਲ ੧੦੦੦ ਬਾਹਾਂ ਵਾਲੇ ਵਾਣਾਸੁਰ ਦਾ ਜ਼ਿੱਕਰ ਹੀ ਗ਼ੈਰ-ਕੁਦਰਤੀ ਨਹੀਂ, ਅਨਿਰੁਧ ਤੇ ਊਸ਼ਾ ਦੋਨਾਂ

ਦਾ ਪ੍ਰਿਥਮ ਮਿਲਾਪ ਤੇ ਜਾਣ ਪਛਾਣ ਵੀ ਸੁਪਨੇ ਰਾਹੀਂ ਹੋਏ ਦਸੇ ਗਏ ਹਨ। ਇਸ ਕਥਾਨਕ ਵਿੱਚ ਚਾਰ ਕਿਸਮ ਦੇ ਕੋਕ ਸ਼ਾਸਤ੍ਰੀ ਆਸਨਾਂ ਦਾ ਹੀ ਅਸ਼ਲੀਲ ਤੇ ਬੇਸ਼ਰਮੀ ਭਰਿਆ ਚਿੱਤਰਣ ਹੀ ਨਹੀਂ ਬਲਕਿ ਇਸ ਵਿੱਚ ਵਾਣ ਦੀ ਮਾਤਾ ਨੇ ਕ੍ਰਿਸ਼ਨ ਜੀ ਦੀ ਜਵਾਨੀ ਵੇਲੇ ਦੀਆਂ ਕਾਮ-ਖੇਡਾਂ ਤੇ ਰੁਚੀਆਂ ਨੂੰ ਮੁੱਖ ਰਖਦਿਆਂ ਹੋਇਆਂ ਦਾਦਾ ਬਣ ਚੁੱਕੇ ਕ੍ਰਿਸ਼ਨ ਜੀ ਤੋਂ ਵੀ ਪੁਰਾਣੇ ਹਥਿਆਰ ਨੂੰ ਵਰਤ ਕੇ ਹੀ ਆਪਣੇ ਪੁੱਤਰ ਦੀ ਜਾਨ ਬਚਾਉਂਦਿਆਂ ਦਿਖਾਇਆ ਹੈ।

**ਲਿਖਾਰੀ ਸ਼ਜਾਮ ਨੇ ਧਰਮ ਦੀ ਸੰਸਥਾਪਨਾ ਕਰਨ ਦਾ ਵ੍ਰਤ ਪਾਲਣ ਵਾਲੇ ਅਵਤਾਰ ਜੀ ਨੂੰ ਕਿਤਨਾ ਕਰੂਪ ਜਿਹਾ ਕਰਕੇ ਪੇਸ਼ ਕਰਨ ਦਾ ਕੁਹਝਾ ਜਤਨ ਕੀਤਾ ਹੈ।**

## (੯) ਅਵਤਾਰ ਜੀ ਦਾ ਕਾਮ-ਖੇਡਾਂ ਦੇ ਚਿੱਕੜ ਨਾਲ ਲਿਬੜਿਆ ਰੂਪ ਕੀ ਧਰਮ ਦੀ ਸੰਸਥਾਪਨਾ ਹੈ?

ਇਸ ਪੁਸਤਕ ਦੇ ਆਰੰਭਲੇ ਹਿੱਸੇ ਵਿੱਚ ਅਸੀਂ ਅਨਮਤੀ ਗ੍ਰੰਥਾਂ ਦੇ ਹਵਾਲਿਆਂ ਨਾਲ ਦਸ ਚੁੱਕੇ ਹਾਂ ਕਿ ਬ੍ਰਾਹਮਣੀ ਮੱਤ ਅਨੁਸਾਰ ਧਰਮ ਦੀ ਗਲਾਨੀ ਹੋਣ ਦੀ ਹਾਲਤ ਵਿੱਚ ਵਿਸ਼ਨੂੰ ਜੀ ਧਰਮ ਦੀ ਸੰਸਥਾਪਨਾ ਲਈ ਕੋਈ ਨਾ ਕੋਈ ਅਵਤਾਰ ਧਾਰਦੇ ਰਹਿੰਦੇ ਹਨ ਪਰ ਸ਼ਜਾਮ ਕਵੀ ਦੁਆਰਾ **ਕ੍ਰਿਸ਼ਨਾਵਤਾਰ ਦੇ "ਲੁਕਮੀਚਨ ਖੇਲ" ਵਾਲੇ ਅਧਿਆਇ ਵਿੱਚ ਬ੍ਰਿਜ ਭੂਮੀ ਦੀਆਂ ਵਿਆਹੀਆਂ ਤੇ ਕੁਆਰੀਆਂ ਸਭ ਕਿਸਮਾਂ ਦੀਆਂ ਗੋਪੀਆਂ ਅਤੇ ਕ੍ਰਿਸ਼ਨ ਜੀ ਅਨੇਕਾਂ ਪ੍ਰਕਾਰ ਦੀਆਂ ਉਨਮੁਕਤ ਕਾਮ-ਕਲੋਲਾਂ ਰਾਹੀਂ ਸਮਾਜ ਵਲੋਂ ਲਗਾਏ ਅਨੇਕਾਂ ਪ੍ਰਤਿਬੰਧਾਂ ਅਤੇ ਪ੍ਰਵਾਣਤ ਪਰਵਾਰਕ ਸਬੰਧਾਂ ਬਾਰੇ ਸਭ ਨਿਯਮਾਂ, ਉਪ-ਨਿਯਮਾਂ, ਨਿਯੰਤ੍ਰਣਾਂ ਅਤੇ ਰਵਾਇਤਾਂ ਨੂੰ ਤੋੜ ਕੇ ਧਰਮ ਦਾ ਬੁਰੀ ਤਰ੍ਹਾਂ ਬਖੀਆ ਉਧੇੜਦੇ ਹਨ।**

ਉਂਝ, ਲਿਖਾਰੀ ਦੀ ਇਸ ਲਿਖਤ ਵਿੱਚ ਦੋਨੋਂ ਧੜੇ ਹੀ ਕਾਮ ਵਿੱਚ ਅੰਨ੍ਹੇ ਹੋ ਕੇ ਸਭ ਕਾਰਵਾਈਆਂ ਪਾ ਰਹੇ ਹਨ ਪਰ ਲੁਕਮੀਚਨ ਅਤੇ ਚੀਰ-ਹਰਨ ਵਾਲੇ ਪ੍ਰਸੰਗਾਂ ਵਿੱਚ ਜੋ ਕੁੱਝ ਲਿਖਿਆ ਗਿਆ ਹੈ ਉਹ ਸਾਰਾ ਕੁੱਝ ਧਰਮ ਦੀ ਸੰਸਥਾਪਨਾ ਕਰਨ ਵਾਲੇ ਅਵਤਾਰ ਅਤੇ ਉਹਨਾਂ ਨਾਲ ਅਤਿ ਦੇ ਨਜ਼ਦੀਕੀ ਸਬੰਧ ਰਖਣ ਵਾਲੀਆਂ ਗੋਪੀਆਂ ਵਲੋਂ ਕੀਤਾ ਦਸਿਆ ਗਿਆ ਹੈ, ਜਿਸ ਨੂੰ ਪੜ੍ਹ ਕੇ ਤਾਂ ਕਬੀਰ ਸਾਹਿਬ ਵਲੋਂ ਕਿਸੇ ਹੋਰ ਪ੍ਰਸੰਗ ਵਿੱਚ ਕੀਤਾ ਗਿਆ ਸੁਆਲ ਹੀ ਸਾਹਮਣੇ ਆ ਜਾਂਦਾ ਹੈ ਕਿ **ਜੇ ਇਹ ਧਰਮ ਹੈ ਤਾਂ ਅਪਰਾਧ ਜਾਂ ਅਧਰਮ ਕਿਸ ਬਲਾ ਦਾ ਨਾਮ ਹੈ?**

ਵਿਗੜੀਆਂ-ਤਿਗੜੀਆਂ ਕਰਕੇ ਦਿਖਾਈਆਂ ਗੋਪੀਆਂ ਘਰੋਂ ਭਜ ਕੇ ਸਾਰੀ ਸਾਰੀ ਰਾਤ ਅਵਤਾਰ ਜੀ ਨਾਲ ਕਾਮ-ਕਲੋਲਾਂ ਕਰ ਰਹੀਆਂ ਹਨ ਅਤੇ

ਨਦੀ ਦੇ ਜਲ ਵਿੱਚ ਖੁਲ੍ਹੇ ਆਮ ਨੰਗੀਆਂ ਨਹਾਉਂਦੀਆਂ ਅਤੇ ਉਹਨਾਂ ਦੇ ਬਸਤ੍ਰ ਅਵਤਾਰ ਜੀ ਚੁੱਕ ਕੇ ਰੁੱਖ ਉੱਤੇ ਚੜ੍ਹ ਜਾਂਦੇ ਹਨ। ਕਪੜੇ ਵਾਪਸ ਦੇਣ ਲਈ ਪਾਣੀ ਵਿੱਚੋਂ ਉਸੇ ਨਿਰਵਸਤ੍ਰ ਹਾਲਤ ਵਿੱਚ ਬੇਸ਼ਰਮੀ ਨਾਲ ਬਾਹਰ ਨਿਕਲ ਆਉਣ ਅਤੇ ਹੱਥ ਜੋੜ ਕੇ ਝੁਕਣ ਆਦਿਕ ਦੀਆਂ ਸ਼ਰਤਾਂ ਹੀ ਪੇਸ਼ ਨਹੀਂ ਕਰਦੇ ਬਲਕਿ ਉਹਨਾਂ ਤੋਂ ਸਭ ਪ੍ਰਕਾਰ ਦੀਆਂ ਲੱਜਾ-ਜਨਕ ਹਰਕਤਾਂ ਕਰਵਾਉਂਦੇ ਦਸੇ ਗਏ ਹਨ।

ਅਵਤਾਰ ਜੀ ਵਲੋਂ ਗੋਪੀਆਂ ਨੂੰ ਜੋ ਕੁੱਝ ਕਿਹਾ ਗਿਆ ਹੈ ਬਹੁਤ ਹੀ ਸ਼ਰਮਨਾਕ ਸ਼ਬਦਾਵਲੀ ਹੋਣ ਕਰ ਕੇ ਉਸਦਾ ਉੱਲਥਾ ਕਰਨਾ ਉੱਕਾ ਹੀ ਸ਼ੋਭਨੀਕ ਨਹੀਂ ਲਗਦਾ। ਇਸ ਲਈ ਨਮੂੰਨੇ ਦੇ ਤੌਰ ਤੇ ਕੁੱਝ ਕੁ ਬੰਦ ਅਤੇ ਇਹਨਾਂ ਬੰਦਾਂ ਦੇ ਕੁੱਝ ਕੁ ਕਠਿਨ ਸ਼ਬਦਾਂ ਦੇ ਅਰਥ ਮਾਤਰ ਹੇਠਾਂ ਦਿੱਤੇ ਜਾ ਰਹੇ ਹਨ :-

**ਗੋਪੀ ਬਾਚ :**

**ਸ਼ਯਾਮ ਕਹਯੋ ਮੁਖ ਤੇ ਗੁਪੀਆ ਇਹ ਕਾਨ੍ਹ ਸਿਖੇ ਤੁਮ ਬਾਤ ਭਲੀ ਹੈ॥**
**ਨੰਦ ਕੀ ਓਰ ਪਿਖੋ ਤੁਮਹੂੰ, ਦਿਖੋ ਭ੍ਰਾਤ ਕੀ ਓਰ ਕਿ ਨਾਮ ਹਲੀ ਹੈ॥**
**ਚੀਰ ਹਰੇ ਹਮਰੇ ਛਲ ਸੋਂ ਸੁਨਿ, ਮਾਰ ਡਾਰੈ ਤੁਹਿ ਕੰਸ ਬਲੀ ਹੈ॥**
**ਕੋ ਮਰ ਹੈ ਹਮ ਕੋ ਤੁਮਰੋ ਨ੍ਰਿਪ, ਤੋਰ ਡਾਰੈ ਜਿਮ ਕਉਲ ਕਲੀ ਹੈ॥੨੫੨॥**

(ਪੰਨਾ ੨੮੬)

(ਪਿਖੋ - ਦੇਖੋ। ਭ੍ਰਾਤ - ਭਰਾ। ਓਰ - ਤਰਫ਼। ਹਲੀ - ਬਲਰਾਮ। ਚੀਰ - ਬਸਤ੍ਰ। ਨ੍ਰਿਪ - ਰਾਜਾ। ਜਿਮ - ਜਿਵੇਂ, ਦੀ ਤਰ੍ਹਾਂ। ਕਮਲ ਕਲੀ - ਕਮਲ ਦੀ ਕਲੀ ਦੀ ਤਰ੍ਹਾਂ।)

**ਕਾਨ੍ਹ ਬਾਚ :**

**ਕਾਨ੍ਹ ਕਹੀ ਤਿਨ ਕੋ ਇਹ ਬਾਤ,**
**ਨ ਦਯੋਂ ਪਟ ਹਉਂ ਨਿਕਰਯੋ ਬਿਨੁ ਤੋ ਕੋ॥**
**ਕਿਉਂ ਜਲ ਬੀਚ ਰਹੀ ਛਪ ਕੈ, ਤਨ ਕਾਹਿ ਕਟਾਵਤ ਹੋ ਪਹਿ ਜੋਕੋ॥**
**ਨਾਮ ਬਤਾਵਤ ਹੋ ਨ੍ਰਿਪ ਕੋ, ਤਿਹ ਕੋ ਫੁਨਿ ਨਾਹਿ ਕਛੂ ਡਰ ਮੋਕੋ॥**
**ਕੇਸਨ ਤੇ ਗਹਿ ਕੈ ਤਪਕੀ ਅਗਨੀ, ਮਧਿ ਈਂਧਨ ਜਿਉਂ ਉਰਿ ਝੋਕੋ॥੨੫੩**

(ਪੰਨਾ ੨੮੬)

**(ਨ ਦਯੋਂ - ਨਹੀਂ ਦੇਵਾਂਗਾ। ਪਟ - ਕਪੜੇ। ਨਿਕਰਯੋ ਬਿਨੁ - ਨਿਕਲੇ ਬਿਨਾ। ਜੋਕੋ - ਜੋਕਾਂ ਕੋਲੋਂ। ਕੋ - ਮੈਨੂੰ। ਗਹਿ ਕੈ - ਪਕੜ ਕੇ। ਤਪਕੀ - ਤਪੀ। ਮਧਿ - ਵਿੱਚ। ਈਂਧਨ - ਬਾਲਣ।)**

**ਗੋਪੀ ਬਾਚ :**

ਦੈ ਅਗੂਆ ਪਿਛੂਆ ਅਪਨੇ ਕਰ, ਪੈ ਸਭ ਹੀ ਜਲ ਤਿਆਗ ਖਰੀ ਹੈ॥
ਕਾਨ੍ਹ ਕੈ ਪਾਇਁ ਪਰੀ ਬਹੁ ਬਾਰਨ, ਅਉ ਬਿਨਤੀ ਬਹੁ ਭਾਂਤਿ ਕਰੀ ਹੈ॥
ਦੇਹੁ ਕਹਯੋ ਹਮਰੀ ਸਰ੍ਹੀਆ ਤੁਮ ਜੋ, ਕਰਿ ਕੈ ਛਲ ਸਾਥ ਹਰੀ ਹੈ॥
ਜੋ ਕਹਿ ਹੋ ਮਨਿ ਹੈਂ ਹਮ ਸੋ, ਅਤਿ ਹੀ ਸਭ ਸੀਤਹਿਂ ਸਾਥ ਠਰੀ ਹੈ ॥੨੬੫ ॥

(ਅਗੂਆ ਪਿਛੂਆ - ਆਪਣੇ ਸਰੀਰ ਦੇ ਅਗਲੇ ਪਿੱਛੇ ਵਾਲੇ ਗੁਪਤ ਅੰਗ। ਕਰ-ਹਾਥ। ਜਲ ਤਿਆਗ- ਪਾਣੀ ਵਿੱਚੋਂ ਬਾਹਰ ਨਿਕਲ ਕੇ। ਖਰੀ ਹੈ - ਖੜੀਆਂ ਹੋ ਗਈਆਂ। ਪਾਂਇਂ ਪਰੀ - ਪੈਰੀਂ ਪਈਆਂ। ਸਰ੍ਹੀਆਂ - ਸਾੜ੍ਹੀਆਂ ਤੇ ਹੋਰ ਬਸਤ੍ਰ। ਛਲ ਸਾਥ - ਧੋਖੇ ਨਾਲ। ਜੋ ਕਹਿ ਹੋ - ਜੋ ਵੀ ਤੂੰ ਕਹੇਂਗਾ। ਮਨਿ ਹੈਂ - ਮੰਨ ਲਵਾਂਗੀਆਂ। ਸੀਤਹਿਂ - ਠੰਡ ਨਾਲ। ਠਰੀ - ਠੰਡੀਆਂ ਹੋਈਆਂ ਪਈਆਂ ਹਾਂ।)

ਕਾਨ੍ਹ ਬਾਚ :

ਕਾਮ ਕੇ ਬਾਨ ਬਨੀ ਬਰਛੀ, ਭਰੁਟੇ ਧਨ ਸੇ ਦ੍ਰਿਗ ਸੁੰਦਰ ਤੇਰੇ॥
ਆਨਨ ਹੈ ਸਸਿ ਸੋ ਅਲਕੈ, ਹਰਿ ਮੋਹਿ ਰਹੈ ਮਨ ਰੰਚਕ ਹੇਰੇ॥
ਤਉ ਤੁਮ ਸਾਥ ਕਰੀ ਬਿਨਤੀ, ਜਬ ਕਾਮ ਕਰਾ ਉਪਜੀ ਜੀਅ ਮੇਰੇ॥
ਚੁੰਬਨ ਦੇਹੁ ਕਹਯੋ ਸਭ ਹੀ ਮੁਖ, ਸਉਂਹ ਹਮੈ ਕਹਿ ਹੈਂ ਨਹਿ ਡੇਰੇ॥੨੭੯॥

(ਪੰਨਾ ੨੮੭)

(ਬਾਨ - ਤੀਰ। ਭਰੁਟੇ - ਭਰਵੱਟੇ। ਦ੍ਰਿਗ - ਅੱਖਾਂ। ਆਨਨ - ਮੂੰਹ, ਚਿਹਰਾ। ਸਸਿ - ਚੰਦ੍ਰਮਾ। ਅਲਕੈ - ਜ਼ੁਲਫ਼ਾਂ। ਰੰਚਕ - ਥੋੜਾ ਜਿਹਾ ਹੀ। ਹੇਰੇ - ਦੇਖਣ ਨਾਲ। ਕਾਮ-ਕਰਾ - ਕਾਮ-ਕਲਾ, ਕਾਮ (sex) ਦੀ ਖਾਹਿਸ਼। ਸਉਂਹ - (ਮੈਨੂੰ) ਕਸਮ ਹੈ। ਡੇਰੇ - (ਤੁਹਾਡੇ) ਘਰ।)

ਕਾਨ੍ਹ ਬਾਚ :

ਕਾਨ੍ਹ ਕਹੀ ਹਸ ਬਾਤ ਤਿਨੈ, ਕਹਿ ਹੈਂ ਹਮ ਜੋ ਤੁਮ ਸੋ ਮਨਿ ਹੋ॥
ਸਭਹੀ ਮੁਖ ਚੂੰਮਨ ਦੇਹੁ ਕਹਯੋ, ਚੁੰਮ ਹੈ ਹਮਹੂੰ ਤੁਮਹੂੰ ਗਨਿ ਹੋ॥
ਅਰ ਤੋਰਨ ਦੇਹੁ ਕਹਯੋ ਸਭਹੀ ਕੁਚ, ਨਤਰ ਹਉ ਤੁਮ ਕੌ ਹਨਿ ਹੋ॥
ਤਬ ਹੀ ਪਟ ਦੇਉਂ ਸਭੈ ਤੁਮਰੇ, ਇਹ ਝੂਠ ਨਹੀਂ ਸਤ ਕੈ ਜਨਿ ਹੋ॥੨੬੬

(ਪੰਨਾ ੨੮੭)

(ਕਾਨ੍ਹ - ਕ੍ਰਿਸ਼ਨ ਜੀ। ਤਿਨੈ - ਉਹਨਾਂ ਗੋਪੀਆਂ ਨੂੰ। ਮਨਿ ਹੋ - ਮੰਨ ਲਉ। ਗਨਿ ਹੋ - ਗਿਣਦੀਆਂ ਜਾਓ। ਕੁੱਚ - ਪਿਸਤਾਨ, ਛਾਤੀਆਂ। ਹਨਿ ਹੌਂ - ਨੁਕਸਾਨ ਪਹੁੰਚਾਵਾਂਗਾ। ਪਟ - ਕਪੜੇ, ਬਸਤ੍ਰ। ਸਤ ਕੈ ਜਨਿ ਹੋ - ਸੱਚ ਸਮਝਣਾ।)

**ਨਮੂੰਨੇ ਦੇ ਤੌਰ ਤੇ ਦਿੱਤੇ ਗਏ ਇਹਨਾਂ ਕੁੱਝ ਕੁ ਬੰਦਾਂ ਤੋਂ ਹੀ ਸਾਫ਼ ਸਿੱਧ ਹੁੰਦਾ ਹੈ ਕਿ ਕ੍ਰਿਸ਼ਨਾਵਤਾਰ ਦਾ ਇਹ ਹਿੱਸਾ ਵੀ ਕਵੀ ਸ਼ਜਾਮ ਦੁਆਰਾ ਲਿਖੀ ਗਈ ਵੱਡੀ ਅਸ਼ਲੀਲ ਤੇ ਲੱਜਾ-ਜਨਕ ਰਚਨਾ ਤ੍ਰਿਯਾ ਚਰਿਤ੍ਰਾਂ ਦੇ ਪਾਏ ਦੀ ਅਸ਼ਲੀਲ ਤੇ ਫ਼ਾਹਸ਼ ਰਚਨਾ ਹੀ ਹੈ ਅਤੇ ਇਹੋ ਜਿਹੇ ਕੰਮ ਅਤੇ ਹਰਕਤਾਂ ਸੱਚੇ ਧਰਮ ਦੀ ਸੰਸਥਾਪਨਾ ਨਹੀਂ ਕਰਦੀਆਂ ਬਲਕਿ ਮਨੁੱਖ ਦੇ ਸਮਾਜਕ ਅਤੇ ਪਰਵਾਰਕ ਸਬੰਧਾਂ ਦੀ ਪਵਿਤ੍ਰਤਾ ਦਾ ਘਾਣ ਕਰਨ ਵਾਲੀਆਂ ਹਨ। ਸੱਚ ਪੁੱਛੋ ਤਾਂ ਕਵੀ ਸ਼ਜਾਮ ਨੇ ਧਰਮ ਦੇ ਉਪਦੇਸ਼ ਅਤੇ ਧਰਮ ਫ਼ਲਸਫ਼ੇ ਨੂੰ ਉਚਾਰਨ ਵਾਲੇ ਸ੍ਰੀ ਕ੍ਰਿਸ਼ਨ ਜੀ ਦੇ ਚਰਿਤ੍ਰ ਦਾ ਘਾਤ ਕਰ ਕੇ ਉਹਨਾਂ ਦੀ ਤੌਹੀਨ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਐਸੀ ਫਾਹਸ਼ ਅਤੇ ਅਸ਼ਲੀਲ ਰਚਨਾ ਨੂੰ ਕਲਗੀਧਰ ਪਾਤਿਸ਼ਾਹ ਦਾ ਦਸਣਾ ਆਪਣੇ ਆਪ ਵਿੱਚ ਇੱਕ ਵੱਡਾ ਅਪਰਾਧ ਹੈ।**

# (੧੩) ਅਰਜਨ, ਬੌਧ ਅਤੇ ਨਿਹਕਲੰਕੀ ਅਵਤਾਰ

**(੨੨ਵੇਂ ਤੋਂ ੨੪ਵਾਂ ਅਵਤਾਰ)**

## ੨੨. ਅਰਜਨ ਅਵਤਾਰ (ਨਰ ਅਵਤਾਰ) (ਪੰਨਾ ੫੭੦ ਤੋਂ ੫੭੧)

ਪਿੱਛੇ ਪੰਨਾ ੫੬੧ ਤੇ ਆ ਚੁੱਕੀ ਤੀਜੀ ਅਵਤਾਰ ਕਥਾ ਦੇ ਅਵਤਾਰ ਦਾ ਨਾਮ ਵੀ ਨਰ ਸੀ। ਪੰਨਾ ੫੭੦ ਤੇ ਆਏ ਅਵਤਾਰ ਦਾ ਨਾਮ ਵੀ ਨਰ ਅਵਤਾਰ ਹੈ। ਪਹਿਲਾ ਨਰ ਅਵਤਾਰ ਇਸ ਨਰ ਅਵਤਾਰ ਤੋਂ

ਬਿਲਕੁਲ ਵਖਰਾ ਹੋਇਆ ਹੈ। ਦੂਜੇ ਨਰ ਅਵਤਾਰ ਨੂੰ ਪੁਸਤਕ ਦੇ ੨੨ਵੇਂ ਅਵਤਾਰ ਵਿੱਚ ਅਰਜਨ ਨਾਮ ਨਾਲ ਲਿਖਿਆ ਗਿਆ ਹੈ। **ਅਰਜਨ ਨੂੰ ਕਿਸੇ ਵੀ ਦੂਜੀ ਪੁਰਾਣਕ ਪੁਸਤਕ ਵਿੱਚ ਵਿਸ਼ਨੂੰ ਦੇ ਅਵਤਾਰ ਦੇ ਤੌਰ ਤੇ ਨਹੀਂ ਬਿਆਨ ਕੀਤਾ ਗਿਆ।** ਇਸ ਸਾਕਤੀ ਪੁਸਤਕ ਮਾਤਰ ਵਿੱਚ ਹੀ ਇਹ ਅਵਤਾਰ ਰੂਪ ਵਿੱਚ ਪੇਸ਼ ਹੋਇਆ ਹੈ।

ਇਸ ਅਵਤਾਰ ਦੀ ਪੈਦਾਇਸ਼ ਵੀ ਕੁੱਝ ਨਾਜਾਇਜ਼ ਕਿਸਮ ਦੀ ਹੈ ਕਿਉਂਕਿ ਇਹ ਪਾਂਡੂ ਦੀ ਪਤਨੀ ਕੁੰਤੀ ਦਾ ਦੇਵ-ਰਾਜ ਇੰਦ੍ਰ ਨਾਲ ਸਰੀਰਕ ਸਬੰਧ ਬਣ ਜਾਣ ਨਾਲ ਪੈਦਾ ਹੋਇਆ ਸੀ। ਇਸ ਨੇ ਕੌਰਵਾਂ ਨੂੰ ਸੋਧਿਆ ਅਤੇ ਦੁਰਯੋਧਨ ਨੂੰ ਮਾਰਿਆ ਸੀ। ਇਸ ਨੇ ਅਵਤਾਰ ਅਖਵਾਉਣ ਵਾਲੀ ਦੂਜੀ ਹਸਤੀ, ਰੁਦ੍ਰ ਨਾਲ ਜੁੱਧ ਕੀਤਾ ਤੇ ਫੇਰ ਇਸਨੇ ਉਸੇ ਰੁਦ੍ਰ ਤੋਂ ਵਰ ਵੀ ਪ੍ਰਾਪਤ ਕੀਤਾ ਸੀ।

ਅਸਲ ਵਿੱਚ ਅਰਜਨ ਨੂੰ ਨਾ ਤਾਂ ਹੋਰ ਕਿਸੇ ਪੁਰਾਣ ਨੇ ਤੇ ਨਾ ਅਰਜਨ ਨੇ ਖ਼ੁੱਦ ਹੀ ਆਪਣੇ ਆਪ ਨੂੰ ਕਦੇ ਅਵਤਾਰ ਕਿਹਾ ਜਾਂ ਮੰਨਿਆ ਹੈ। ਉਂਝ, ਜਿਥੇ ਅੱਗੇ ਹੀ ਪੰਜ ਛੇ ਦਰਜਨ ਦੇ ਲਗਪਗ ਅਵਤਾਰ ਹਨ ਉਥੇ ਸ਼ਜਾਮ ਕਵੀ ਨੇ ਇਸਨੂੰ ਵੀ ਅਵਤਾਰ ਹੋਣ ਦਾ ਇਹ ਮਾਣ ਦੇ ਕੇ ਵਾਹ-ਵਾਹ ਦੁਬਿਧਾ ਪੈਦਾ ਕਰ ਦਿੱਤੀ ਹੈ।

## ੨੩. ਬੌਧ ਅਵਤਾਰ (ਪੰਨਾ ੫੭੧)

ਕੁਲ ਤਿੰਨ ਬੰਦਾਂ ਵਿੱਚ ਕਵੀ ਸ਼ਜਾਮ ਨੇ ਇਸ ਅਵਤਾਰ ਦਾ ਫਾਹਾ ਵੱਢ ਦਿੱਤਾ ਹੈ। ਇਸ ਸਾਕਤ ਕਵੀ ਨੇ ਇਸ ਅਵਤਾਰ ਦਾ ਖ਼ੁੱਦ ਹੀ ਚੰਗਾ ਮੌਜੂ ਬਣਾਇਆ ਹੈ। ਉਸਦਾ ਕਹਿਣਾ ਹੈ ਕਿ ਚੂੰਕਿ ਇਸ ਅਵਤਾਰ ਦਾ ਕੋਈ ਨਾਮ, ਥਾਂ ਜਾਂ ਪਿੰਡ ਨਹੀਂ ਇਸ ਕਾਰਨ ਇਸਨੂੰ ਬਊਧ ਜਾਂ ਬੌਧ ਅਵਤਾਰ ਕਿਹਾ ਜਾਂਦਾ ਹੈ। ਉਂਝ, ਇਹ ਕੋਈ ਕੰਮ ਦੀ ਦਲੀਲ ਹੀ ਨਹੀਂ ਪ੍ਰਤੀਤ ਹੁੰਦੀ। ਇਸ ਸਾਕਤ ਕਵੀ ਨੇ ਇਹ ਵੀ ਲਿਖਿਆ ਹੈ ਕਿ ਚੂੰਕਿ ਇਸ ਅਵਤਾਰ ਦਾ ਕੋਈ ਵੀ ਰੂਪ, ਰੇਖ, ਕਰਮ ਜਾਂ ਆਕਾਰ ਨਹੀਂ ਇਸ ਲਈ ਇਹ ਸ਼ਿਲਾ ਰੂਪ ਹੋ ਕੇ ਬਊਧ ਅਵਤਾਰ ਅਖਵਾਇਆ। ਸਪੱਸ਼ਟ ਤੌਰ ਤੇ ਮਹਾਤਮਾ ਬੁੱਧ ਨੂੰ ਵਿਪ੍ਰ-ਵਾਦੀ ਸ਼ਜਾਮ ਕਵੀ ਨੇ ਬੜੀ ਅਜੀਬ ਬਿਧੀ ਨਾਲ ਬਹੁਤ ਹੀ ਹੌਲਾ ਕਰਕੇ ਪੇਸ਼ ਕੀਤਾ ਗਿਆ ਹੈ।

ਇਸ ਦੇ ਉੱਲਟ ਅਸਲੀਅਤ ਇਹ ਹੈ ਕਿ ਹੋਰ ਅਨੇਕਾਂ ਅਵਤਾਰਾਂ ਦੇ ਮੁਕਾਬਲੇ ਤੇ ਗੌਤਮ ਬੁੱਧ ਇੱਕ ਇਤਿਹਾਸਕ ਸ਼ਖਸੀਅਤ ਹੋ ਗੁਜ਼ਰੀ ਹੈ ਜਿਸਨੇ ਪੁਰਾਣੇ ਬ੍ਰਾਹਮਣੀ ਮੱਤ ਦੇ ਖਿਲਾਫ਼ ਭਰਵਾਂ ਪ੍ਰਚਾਰ ਕੀਤਾ ਸੀ ਅਤੇ ਜਾਤੀ-ਪਾਤੀ ਦੇ ਵਿਤਕਰਿਆਂ ਅਤੇ ਕਰਮ-ਕਾਂਡਾਂ ਨਾਲ ਭਰੇ ਮਨੂ-ਵਾਦੀਆਂ ਦੇ ਮੱਤ ਨੂੰ ਪੈਰੋਂ ਹਿਲਾ ਕੇ ਰੱਖ ਦਿੱਤਾ ਸੀ।

ਸਮਾਂ ਪਾ ਕੇ ਬ੍ਰਾਹਮਣੀ ਮੱਤ ਵਾਲਿਆਂ ਨੇ ਕਈ ਸਾਜਿਸ਼ਾਂ ਰਚ ਕੇ **ਇਸ ਮੱਤ ਦੇ ਪ੍ਰਚਾਰ ਨੂੰ ਪ੍ਰਭਾਵਹੀਣ ਕਰਨ ਲਈ ਇਸ ਮਹਾਨ ਸ਼ਖਸੀਅਤ ਨੂੰ ਵਿਸ਼ਨੂੰ ਜੀ ਦਾ ਅਵਤਾਰ ਐਲਾਨ ਦਿੱਤਾ ਅਤੇ ਇਸ ਦੀਆਂ ਮੂਰਤੀਆਂ ਨੂੰ ਵੀ ਵੱਡੀ ਚਾਲ ਖੇਡਦਿਆਂ ਆਪਣੇ ਮੰਦਰਾਂ ਵਿੱਚ ਰੱਖ ਕੇ ਉਹਨਾਂ ਦੀ ਰਸਮੀ ਪੂਜਾ-ਪ੍ਰਤਿਸ਼ਠਾ ਤਾਂ ਕਰ ਛੱਡੀ ਪਰ ਮਹਾਤਮਾ ਬੁੱਧ ਵਲੋਂ ਪ੍ਰਚਾਰੇ ਤੇ ਦਿੱਤੇ ਗਏ ਇਖ਼ਲਾਕੀ ਸਿਧਾਂਤਾਂ ਬਾਰੇ ਲੋਕਾਂ ਵਿੱਚ ਵੱਡੀ ਪੱਧਰ ਤੇ ਦੁਬਿਧਾ ਤੇ ਦੁਚਿਤੀ ਖਿਲਾਰ ਦਿੱਤੀ।** ਬੁੱਧ ਮੱਤ ਦੇ ਸਿਧਾਂਤਾਂ ਦੀ ਉਸੇ ਤਰ੍ਹਾਂ ਦੂਰ-ਵਿਆਖਿਆ (misinterpretation) ਕੀਤੀ ਗਈ ਜਿਸ ਤਰ੍ਹਾਂ ਦੀ ਦੂਰ-ਵਿਆਖਿਆ ਉਹ ਅਜ ਕਲ ਸਿੱਖ ਮੱਤ ਦੇ ਸਿਧਾਂਤਾਂ ਨਾਲ ਕਰ ਰਹੇ ਹਨ।

## ੨੪. ਨਿਹਕਲੰਕੀ ਅਵਤਾਰ (ਪੰਨਾ ੫੭੧ ਤੋਂ ੬੧੦)

ਵਿਸ਼ਨੂੰ ਜੀ ਦੇ ੨੪ਵੇਂ ਅਵਤਾਰ ਦੇ ਲੰਬੇ ਵਿਸਥਾਰਾਂ ਵਾਲੇ ਵੇਰਵੇ ਲਿਖਣ ਸਮੇਂ ਕਵੀ ਸ਼ਜਾਮ ਨੇ ੪੦ ਸਫ਼ੇ ਕਾਲੇ ਕੀਤੇ ਹਨ ਅਤੇ ਇਸ ਕਾਂਡ ਵਿੱਚ ਇੱਕ ਬਹੁਤ ਹੀ ਵੱਡੀ ਗਿਣਤੀ ਵਾਲੇ ੪੮੮ ਬੰਦ ਹਨ।

ਸੰਭਲਪੁਰ ਦਾ ਇੱਕ ਚੰਡੀ-ਭਗਤ ਬ੍ਰਾਹਮਣ ਰੋਜ਼ਾਨਾ ਹੀ ਮੰਦਰ ਵਿੱਚ ਅਤੇ ਘਰ ਵਿੱਚ ਚੰਡੀ ਦੇਵੀ ਦੀ ਪੂਜਾ ਕਰਦਾ ਦੱਸਿਆ ਗਿਆ ਹੈ। ਉਸ ਬ੍ਰਾਹਮਣ ਦੀ ਪਤਨੀ ਉਸ ਦੀ ਵਫ਼ਾਦਾਰ ਨਹੀਂ ਸੀ। ਦੇਵੀ ਨੇ ਸੁੰਭ-ਨਿਸੁੰਭ ਆਦਿ ਕਈ ਦੈਂਤਾਂ ਨੂੰ ਮਾਰਿਆ ਸੀ। ਸੰਭਲਪੁਰ ਦਾ ਰਾਜਾ ਦੇਵੀ-ਪੂਜਾ ਦੇ ਬਹੁਤ ਖਿਲਾਫ਼ ਦੱਸਿਆ ਗਿਆ ਹੈ। ਉਸ ਨੇ ਆਪਣੇ ਅਹਿਲਕਾਰਾਂ ਨੂੰ ਹੁਕਮ ਦਿੱਤਾ ਸੀ ਕਿ ਉਹ ਇਸ ਦੇਵੀ-ਭਗਤ ਬ੍ਰਾਹਮਣ ਨੂੰ ਮਾਰ ਦੇਣ। ਜੱਗਾਂ, ਹਵਨਾਂ, ਵੇਦ-ਪਾਠਾਂ ਤੇ ਬ੍ਰਾਹਮਣਾਂ ਨੂੰ ਦਾਨ ਦੇਣ ਸਬੰਧੀ ਪੁਰਾਣਕ ਕਰਮ-ਕਾਂਡ ਬੰਦ ਹੋ ਜਾਣ ਕਾਰਨ ਧਰਤੀ ਕੰਬਣ ਲਗ ਪਈ ਸੀ ਅਤੇ ਵਿਪ੍ਰਨੀ ਮੱਤ ਦੇ ਵੱਡੇ ਨਿਯਮ ਜਾਂ ਅਸੂਲ ਤੇ ਸਾਧਨ ਹੀ ਇਹੋ ਚੀਜ਼ਾਂ ਸਨ। ਵਿਸ਼ਨੂੰ ਜੀ ਨੇ ਨਿਹਕਲੰਕ ਰੂਪ ਵਿੱਚ ੨੪ਵਾਂ ਅਵਤਾਰ ਲੈਣ ਦਾ ਫ਼ੈਸਲਾ ਕੀਤਾ। ਫ਼ੈਸਲਾ ਹੀ ਨਹੀਂ ਕੀਤਾ ਬਲਕਿ ਪਰਗਟ ਹੀ ਹੋ ਗਏ। ਨਿਹਕਲੰਕ ਜੀ ਜਨਮੇ ਨਹੀਂ ਸਨ; ਉੱਤੋਂ ਉਤਰੇ ਜਾਂ ਆਸਮਾਨੋਂ ਡਿਗੇ ਪ੍ਰਤੀਤ ਹੁੰਦੇ ਹਨ। ਉਹ ੪੫੦ ਫੁਟ ਉੱਚੇ ਖ਼ੂਬਸੂਰਤ ਘੋੜੇ ਤੇ ਬੈਠੇ ਹੋਏ ਤੇ ਸ਼ਾਇਦ ਜੰਮੇ-ਜਮਾਏ ਹੋਏ ਹੀ ਕਵੀ ਸ਼ਜਾਮ ਨੂੰ ਟਕਰ ਪਏ ਸਨ ਇਸ ਲਈ ਇਸ ਅਵਤਾਰ ਦੇ ਮਾਤਾ ਪਿਤਾ ਅਤੇ ਖ਼ਾਨਦਾਨੀ ਬਾਰੇ ਕੁੱਝ ਪਤਾ ਨਹੀਂ ਚਲ ਸਕਿਆ।

ਰਾਜੇ ਦੇ ਅਹਿਲਕਾਰ ਬ੍ਰਾਹਮਣ ਨੂੰ ਦੇਵੀ ਦੇ ਮੰਦਰ ਲੈ ਗਏ ਅਤੇ ਉਸ ਦੇ ਸਿਰ ਤੇ ਤਲਵਾਰ ਘੁਮਾਈ। ਐਨ ਉਸੇ ਵੇਲੇ ਨਿਹਕਲੰਕ ਅਵਤਾਰ

ਇੱਕ ਬਹੁਤ ਸੁੰਦਰ ਪੁਰਖ ਦੇ ਰੂਪ ਵਿੱਚ ਆਪਣੇ ਖ਼ੂਬਸੂਰਤ ਪਰ ਦੁਰਲਭ ਕਿਸਮ ਦੇ ਘੋੜੇ ਉੱਤੇ ਬੈਠੇ ਪ੍ਰਗਟ ਹੋ ਜਾਂਦੇ ਹਨ। ਇਹ ਘੋੜਾ ਪੂਰੀ ਤਰ੍ਹਾਂ ਗ਼ੈਰ-ਕੁਦਰਤੀ ਕਿਸਮ ਦਾ ਇੱਕੋ-ਇੱਕ ਖ਼ੂਬਸੂਰਤ ਜਾਨਵਰ ਸੀ ਜੋ ਲਿਖਾਰੀ ਵਲੋਂ ਮਨੁੱਖਾਂ ਦੀ ਤਰ੍ਹਾਂ ਖ਼ੂਬਸੂਰਤ ਦੱਸਿਆ ਗਿਆ ਹੈ।

ਇਸ ਪਿਛੋਂ ਇਸ ਅਵਤਾਰ ਦੇ ਜੰਗ ਦਾ ਭੀ ਉਹੀ ਪਹਿਲੇ ਵਾਲਾ ਘਿਸਿਆ-ਪਿਟਿਆ ਤਰੀਕਾ ਤੇ ਉਹੋ ਜਿਹਾ ਹੀ ਅਤਿ-ਉਕਤੀਆਂ ਭਰਿਆ ਬਿਆਨ ਹੈ। ਫਿਰ ਇਸ ਪਿਛੋਂ ਲੱਖਾਂ ਹਾਥੀਆਂ, ਘੋੜਿਆਂ, ਰੱਥਾਂ ਤੇ ਸਿਪਾਹੀਆਂ ਨਾਲ ਤਬਾਹੀਆਂ ਭਰਿਆ ਜੰਗ।

ਅਖ਼ੀਰ ਸੰਭਲਪੁਰ ਦਾ ਰਾਜਾ ਮਾਰਿਆ ਗਿਆ। ਇਹ ਕਿਵੇਂ ਹੋ ਸਕਦਾ ਸੀ ਕਿ ਵਿਸ਼ਨੂੰ ਜੀ ਦਾ ੨੪ਵਾਂ ਅਵਤਾਰ ਜਨਮ ਲੈ ਲਵੇ ਜਿਸ ਪਾਸ ਅਰਬਾਂ, ਖਰਬਾਂ ਫ਼ੌਜਾਂ, ਹਾਥੀ, ਰੱਥ ਤੇ ਘੋੜੇ ਹੋਣ, ਇੱਕ ਗੁੰਮਨਾਮ ਜਿਹੇ ਪਿੰਡ ਸੰਭਲਪੁਰ ਦੇ ਇੱਕ ਨਿਕੇ ਜਿਹੇ ਰਾਜੇ ਨੂੰ ਨਾ ਮਾਰ ਸਕੇ? ਚੰਡੀ ਦੇਵੀ ਦਾ ਵਿਰੋਧ ਕਰਨ ਵਾਲੇ ਸੰਭਲਪੁਰ ਦੇ ਗੁੰਮਨਾਮ ਰਾਜੇ ਦੇ ਮਾਰੇ ਜਾਣ ਦੇ ਨਤੀਜੇ ਦੇ ਤੌਰ ਤੇ ਲੋਕਾਂ ਨੇ ਚੰਡੀ ਦੇਵੀ ਦੀ ਪੂਜਾ ਆਰੰਭ ਕਰਨੀ ਹੀ ਕਰਨੀ ਸੀ ਅਤੇ ਉਹਨਾਂ ਨੇ ਚੰਡੀ ਦੀ ਪੂਜਾ ਤੇ ਮਾਣਤਾ ਆਰੰਭ ਕਰ ਦਿੱਤੀ। ਬ੍ਰਾਹਮਣਾਂ ਨੂੰ ਦਾਨ, ਜੱਗਾਂ ਦੇ ਆਯੋਜਨ, ਹਵਨ, ਆਰਤੀਆਂ, ਵੇਦ ਪਾਠ ਆਦਿਕ ਸਭ ਬ੍ਰਾਹਮਣੀ ਕਰਮ-ਕਾਂਡ ਸ਼ੁਰੂ ਹੋ ਗਏ।

ਉਂਝ ਇਸ ਚੀਜ਼ ਦਾ ਇਸ ਕਾਂਡ ਵਿੱਚ ਬਿਓਰਾ ਨਹੀਂ ਲੱਭਦਾ ਕਿ ਇਹ ਨਿਹਕਲੰਕ ਅਵਤਾਰ ਆਖ਼ਿਰ ਕਿਹੜੀ ਬਲਾ ਸੀ ਤੇ ਉਸ ਨਾਲ ਸਬੰਧਤ ਬਾਕੀ ਜਾਣਕਾਰੀ ਕੀ ਹੈ। ਨਿਹਕਲੰਕ ਅਵਤਾਰ ਨੇ ਤਲਵਾਰ ਕੀ ਹੱਥ ਵਿੱਚ ਫੜੀ ਸੀ ਕਿ ਸਭ ਵਿਰੋਧੀ ਫ਼ੌਜਾਂ ਜਾਣੋ ਦੇਖਦਿਆਂ ਹੀ ਨੱਠ ਗਈਆਂ ਸਨ।

## ਤਫ਼ਸੀਲ, ਤਸ਼ਰੀਹ, ਤਸ਼ਖ਼ੀਸ ਸਬੰਧੀ ਟਿੱਪਣੀਆਂ

(੧) ਅਵਤਾਰਾਂ ਸਬੰਧੀ ਫ਼ਲਸਫ਼ਾ ਬਿਲਕੁਲ ਹੀ ਆਧਾਰ-ਵਿਹੂਣਾ ਹੈ ਅਤੇ ਬਹੁ-ਗਿਣਤੀ ਅਵਤਾਰ ਦਰਅਸਲ ਬੇ-ਬੁਨਿਆਦ, ਮਨ-ਘੜਤ ਅਤੇ ਕਾਲਪਨਿਕ ਜਿਹੀਆਂ ਹਸਤੀਆਂ ਹਨ। ਇਤਨੀ ਵੱਡੀ ਤੇ ਨਿਰੋਲ ਨੰਗੀ-ਚਿੱਟੀ ਗੱਪ ਨੂੰ ਕਿਵੇਂ ਹਜ਼ਮ ਕੀਤਾ ਜਾ ਸਕਦਾ ਹੈ ਕਿ **ਅਰਜਨ** ਵਿਸ਼ਨੂੰ ਜੀ ਦਾ ੨੨ਵਾਂ ਅਵਤਾਰ ਸੀ? **ਵਿਸ਼ਨੂੰ ਜੀ ਦੀ ਕਾਲਪਨਿਕਤਾ ਬਾਰੇ ਜੇ ਉੱਜ਼ਰ ਨਾਂਹ ਵੀ ਕਰੀਏ ਤਦ ਵੀ ਘੜੇ ਜਿੱਡੀ ਇਹ ਸੱਚਾਈ ਤਾਂ ਸਾਮਰਤਖ ਹੀ ਹੈ ਕਿ ਕਿਸੇ ਹੋਰ ਬ੍ਰਾਹਮਣੀ ਪੁਸਤਕ ਵਿੱਚ ਅਰਜਨ ਨੂੰ ਵਿਸ਼ਨੂੰ ਜੀ ਦਾ ਅਵਤਾਰ ਨਹੀਂ ਕਿਹਾ ਗਿਆ ਅਤੇ ਨਾ ਹੀ ਅਰਜਨ ਦਾ ਕੋਈ ਐਸਾ ਕਥਨ ਸਾਹਮਣੇ ਆਇਆ ਹੈ** ਕਿ ਜਿਸ ਵਿੱਚ ਉਹ ਕਹਿ ਰਿਹਾ ਹੋਵੇ ਕਿ ਉਹ ਅਵਤਾਰ ਸੀ ਜਾਂ ਉਸਨੂੰ ਅਵਤਾਰ ਮੰਨਿਆ ਜਾਏ।

(੨) **ਅਰਜਨ** ਅਵਤਾਰ ਦੀ ਜਨਮ ਕਥਾ ਵਿੱਚ ਉਸਦੀ ਪੈਦਾਇਸ਼ ਜਾਂ ਜਨਮ ਨੂੰ ਨਾਜਾਇਜ਼ ਜਾਂ ਗ਼ੈਰ-ਵਾਜਬ ਦਸਿਆ ਗਿਆ ਹੈ ਅਤੇ ਉਸ ਆਧਾਰ ਤੇ ਇਹ ਹਸਤੀ ਬਹੁਤੀ ਫ਼ਖਰ-ਯੋਗ ਨਹੀਂ ਬਣਦੀ ਕਿਉਂਕਿ **ਇਹ ਕੁੰਤੀ ਦੀ ਕੁਖ 'ਚੋਂ ਦੇਵਰਾਜ ਇੰਦ੍ਰ ਦੇ ਨਾਜਾਇਜ਼ ਸਬੰਧ ਹੋ ਜਾਣ ਤੇ ਪੈਦਾ ਹੋਇਆ ਸੀ। ਇਸ ਭਾਂਤ ਦੇ ਜਨਮ ਕਾਰਨ ਇਸ ਦੀ ਕਹਾਣੀ ਸਮਾਜਕ ਤੇ ਪਰਵਾਰਕ ਸਬੰਧਾਂ ਦੀ ਪਵਿਤ੍ਰਤਾ ਨੂੰ ਮਹੱਤਵ-ਪੂਰਨ ਸਮਝਣ ਵਾਲੇ ਲੋਕਾਂ ਨੂੰ ਬਹੁਤਾ ਉਤਸ਼ਾਹ ਨਹੀਂ ਦੇ ਸਕਦੀ।**

(੩) ਇਸ ਕਾਂਡ ਵਿੱਚ ਬੜੇ ਅਜੀਬ ਢੰਗ ਨਾਲ ਇਹ ਅੰਕਿਤ ਕੀਤਾ ਗਿਆ ਹੈ ਕਿ **ਅਰਜਨ** ਨੇ ਦੁਰਯੋਧਨ ਨੂੰ ਮੁਕਤ ਕੀਤਾ। " ਕਿਵੇਂ ?" ਇਹ ਦਸਣਾ ਇਹਨਾਂ ਪੁਰਾਣ-ਵਾਦੀਆਂ ਦੇ ਵੱਸ ਦੀ ਗੱਲ ਨਹੀਂ। ਇਸ ਕਾਂਡ ਵਿੱਚ ਬੇ-ਤਰਤੀਬੇ ਜਿਹੇ ਢੰਗ ਨਾਲ ਲਿਖਿਆ ਗਿਆ ਹੈ ਕਿ ਇਸ ਅਵਤਾਰ ਨੇ ਕ੍ਰਿਸ਼ਨ ਜੀ ਨੂੰ ਵੀ ਪ੍ਰਸੰਨ ਕੀਤਾ ਸੀ। ਕਵੀ ਵਲੋਂ ਗੱਲ ਖੋਲ੍ਹ ਕੇ ਨਹੀਂ ਦਸੀ ਗਈ । ਅਰਜਨ ਵਲੋਂ ਗੰਗਾ-ਪੁੱਤਰ ਭੀਸ਼ਣ ਤੇ ਸੂਰਜ-ਪੁੱਤਰ ਕਰਨ (ਜੋ ਅਰਜਨ ਦਾ ਉਸ ਦੀ ਤਰ੍ਹਾਂ ਹੀ ਨਾਜ਼ਾਇਜ਼ ਤੌਰ ਤੇ ਕੁੰਤੀ ਅਤੇ ਸੂਰਜ ਦੇਵਤੇ ਦੇ ਸੰਜੋਗ ਨਾਲ ਪੈਦਾ ਹੋਇਆ ਭਰਾ ਸੀ) ਨੂੰ ਵੀ ਮਾਰਿਆ ਗਿਆ ਹੈ। ਵੈਸੇ **ਇਹ ਦੋਵੇਂ ਸੂਰਬੀਰ ਮਹਾਂਭਾਰਤ ਦੇ ਜੁੱਧ ਵਿੱਚ ਪਹਿਲਾਂ ਹੀ ਮਾਰੇ ਜਾ ਚੁੱਕੇ ਸਨ।**

(੪) ਇਸ ਅਵਤਾਰ ਦੀ ਕਹਾਣੀ ਵਿੱਚ ਦਸਿਆ ਗਿਆ ਕਿ **ਅਰਜਨ** ਨਾਮ ਦੇ ਪਾਂਡਵ ਵਲੋਂ ਦੇਵਰਾਜ ਇੰਦ੍ਰ ਨਾਮ ਦੀ ਇੱਕ ਕਾਲਪਨਿਕ ਹਸਤੀ ਅਤੇ ਉਸ ਦੇ ਕਾਲਪਨਿਕ ਜੋਧੇ ਮਾਰੇ ਗਏ ਸਨ ਅਤੇ ਇਸਨੇ ਇੱਕ ਹੋਰ ਕਾਲਪਨਿਕ ਹਸਤੀ ਰੁਦ੍ਰ ਅਵਤਾਰ ਨਾਲ ਵੀ ਜੰਗ ਕੀਤਾ ਸੀ ਅਤੇ ਕਾਲਪਨਿਕ ਰੁਦ੍ਰ ਨੇ ਅਰਜਨ ਨੂੰ ਇੱਕ ਕਾਲਪਨਿਕ ਵਰ ਵੀ ਦਿੱਤਾ ਸੀ। **ਜੰਗ ਵਿੱਚ ਹਾਰੇ ਹੋਏ ਰੁਦ੍ਰ ਵਲੋਂ ਪ੍ਰਾਪਤ ਹੋਏ ਵਰ ਦਾ ਫ਼ਿਰ ਕਿਆ ਕਹਿਣਾ**! ਫ਼ਿਰ ਕਾਲਪਨਿਕ ਗੰਧੱਰਬਰਾਜ ਨੂੰ ਸਾੜ੍ਹਨ ਅਤੇ ਕਾਲਪਨਿਕ ਖਾਂਡਵ ਬਣ ਵਿੱਚ ਲਗੀ ਹੋਈ ਕਾਲਪਨਿਕ ਅੱਗ ਨੂੰ ਕਾਲਪਲਿਕ ਇੰਦ੍ਰ ਦੀ ਮੁਹਲੇਧਾਨ ਬਰਖਾ ਤੋਂ ਕਾਲਪਨਿਕ ਤੀਰਾਂ ਰਾਹੀਂ ਬਚਾਉਣ ਦੀ ਕੀ ਉਪਮਾ ਕੀਤੀ ਜਾਏ ?

(੫) **ਬੌਧ ਅਵਤਾਰ** ਦੇ ਵੇਰਵੇ ਦਿੰਦਿਆਂ ਇਸ ਸ਼ਰਾਰਤੀ ਤੇ ਫ਼ਿਰਕੂ **ਸ਼ਜਾਮ ਨੇ ਮਹਾਤਮਾ ਬੁੱਧ ਨੂੰ ਜਾਣ-ਬੁਝ ਕੇ ਬਹੁਤ ਹੀ ਛੁਟਿਆਇਆ ਹੋਇਆ ਹੈ।** ਲਿਖਾਰੀ ਨੇ ਇਸ ਅਵਤਾਰ ਦੇ ਸਾਰੇ ਹੀ ਵੇਰਵੇ ਤਿੰਨ ਬੰਦਾਂ ਵਿੱਚ ਮੁਕਾ ਦਿੱਤੇ ਹਨ ਜਦ ਕਿ **ਬੁੱਧ ਜੀ ਦਾ ਹਿੰਦੋਸਤਾਨ ਦੇ ਇਤਿਹਾਸ ਵਿੱਚ, ਸੰਸਾਰ ਦੇ ਧਰਮਾਂ ਦੇ ਇਤਿਹਾਸ ਵਿੱਚ ਅਤੇ ਧਰਮ ਰਾਹੀਂ ਇਖ਼ਲਾਕੀ ਗੁਣਾਂ ਦੇ ਪ੍ਰਚਾਰ ਦੇ ਇਤਿਹਾਸ**

**ਵਿੱਚ ਬਹੁਤ ਹੀ ਜ਼ਿੱਕਰ-ਯੋਗ ਅਸਥਾਨ ਹੈ।**

ਸ਼ਯਾਮ ਵਲੋਂ ਗੌਤਮ ਬੁੱਧ ਬਾਰੇ ਇਹ ਲਿਖਣਾ ਕਿ ਉਸਦਾ ਕੋਈ ਰੂਪ, ਰੇਖ, ਪਿੰਡ, ਖ਼ਾਨਦਾਨ ਆਦਿਕ ਨਹੀਂ ਸਨ, ਬੜਾ ਵੱਡਾ ਅਤੇ ਕੁਫ਼ਰ ਅਤੇ ਕੁਹਝਾ ਝੂਠ ਹੈ। **ਗੌਤਮ ਬੁੱਧ ਬਾਰੇ ਸਾਰੀ ਭਰੋਸੇ-ਯੋਗ ਜਾਣਕਾਰੀ ਇਤਿਹਾਸਕ ਤੌਰ ਵੀ ਉਪਲੱਬਧ ਹੈ।**

ਗੌਤਮ ਬੁੱਧ ਜਾਤੀ-ਪਾਤੀ ਵਾਲੇ ਵਿਤਕਰਿਆਂ ਦੇ ਹੀ ਨਹੀਂ, ਬਲਕਿ ਉਹ ਸਾਰੇ ਹੀ ਬ੍ਰਾਹਮਣੀ ਕਰਮ-ਕਾਂਡਾਂ ਦੇ ਵੀ ਸਖ਼ਤ ਖ਼ਿਲਾਫ਼ ਸਨ, ਪਰ ਗੁੱਝੀ ਮਾਰ ਦੁਆਰਾ ਕਿਸੇ ਵੀ ਸ਼ਖਸੀਅਤ ਨੂੰ ਹੌਲਾ, ਹਲਕਾ ਜਾਂ ਨਗੂਣਾ ਬਣਾ ਕੇ ਰੱਖ ਦੇਣ ਦੀਆਂ ਸਾਜਿਸ਼ਾਂ ਦਾ ਮਾਹਿਰ ਤੇ ਅਤਿ ਚਤੁਰ **ਵਿਪ੍ਰ ਇਤਨਾ ਖ਼ਤਰਨਾਕ ਕਲਾਕਾਰ ਸੀ ਕਿ ਅਸਲੀਅਤ ਤਕ ਪਹੁੰਚ ਸਕਣ ਦੇ ਸਾਰੇ ਦੇ ਸਾਰੇ ਰਸਤੇ ਆਪਣੇ ਝੂਠ ਤੇ ਗ਼ਲਤ-ਫ਼ਹਿਮੀਆਂ-ਗ੍ਰਸਤ ਪ੍ਰਚਾਰ ਦੀ ਬੇਆਵਾਜ਼ ਲਾਠੀ ਨਾਲ ਰੋਕ ਛੱਡਦਾ ਸੀ।**

ਮਹਾਤਮਾ ਬੁੱਧ ਵਰਗੇ ਆਪਣੇ ਕਟੱੜ-ਵਿਰੋਧੀ ਨੂੰ ਆਪਣੇ ਹੀ ਮੱਤ ਦਾ ੨੩ਵਾਂ ਅਵਤਾਰ ਮਾਤਰ ਮੰਨ ਲੈਣ ਨਾਲ ਉਸਨੇ ਕੁਦਰਤੀ ਤੌਰ ਤੇ ਆਪਣੇ ਸਾਜਿਸ਼ੀ ਢੰਗਾਂ ਨਾਲ ਇਹ ਹੱਕ ਜਿਹੇ ਹੀ ਪ੍ਰਾਪਤ ਕਰ ਲਏ ਕਿ ਉਹ ਮਹਾਤਮਾ ਬੁੱਧ ਦੇ ਸਿਧਾਂਤਾਂ ਦੀ ਜਿਵੇਂ ਚਾਹੇ ਵਿਆਖਿਆ ਕਰ ਸਕਦਾ ਹੈ ਤੇ ਜਿਵੇਂ ਚਾਹੇ ਉਹਨਾਂ ਨੂੰ ਬਦਲ ਕੇ ਰਖ ਸਕਦਾ ਹੈ ਜਾਂ ਬਿਲਕੁਲ ਉੱਲਟੇ ਰੂਪ ਵਿੱਚ ਹੀ ਪੇਸ਼ ਕਰ ਸਕਦਾ ਹੈ। ਬੁੱਧ ਜੀ ਬਾਰੇ ਇਹ ਕਾਰਜ ਉਸਨੇ ਬਹੁਤ ਹੀ ਕਾਮਯਾਬੀ ਨਾਲ ਕਰ ਲਿਆ ਸੀ। ਵਿਪ੍ਰ ਪ੍ਰਚਰਕਾਂ ਨੇ ਸਪੱਸ਼ਟ ਰੂਪ ਵਿੱਚ ਆਪਣੇ ਇਸ ਕੱਟੜ ਵਿਰੋਧੀ ਪਰ ਵੱਡੇ ਸੁਧਾਰਕ ਦੀਆਂ ਮੂਰਤੀਆਂ ਬਣਾ ਕੇ ਆਪਣੇ ਮੰਦਰਾਂ ਵਿੱਚ ਟਿਕਾ ਲਈਆਂ ਸਨ ਅਤੇ **ਬੁੱਧ ਜੀ ਦੇ ਸਿਧਾਂਤਾਂ ਦੀ ਦੁਰ-ਵਿਆਖਿਆ (mis-interpretation) ਕਰ-ਕਰ ਕੇ ਬੁੱਧ ਜੀ ਦੇ ਸ਼ਰਧਾਲੂਆਂ ਸਮੇਤ ਸਭ ਨੂੰ ਵੱਡੀ ਦੁਬਿਧਾ ਅਤੇ ਗ਼ਲਤ-ਫ਼ਹਿਮੀਆਂ ਦੇ ਟੋਏ ਵਿੱਚ ਸੁੱਟ ਦਿੱਤਾ।** ਬਿਲਕੁਲ ਇਹੋ ਜਿਹੀ ਕਾਰਵਾਈ ਹੀ ਅਜ ਉਹ ਵਿਪ੍ਰ ਪ੍ਰਚਾਰਕ ਆਰ.ਐਸ.ਐਸ. ਆਦਿਕ ਸੰਸਥਾਂਵਾਂ ਦੀ ਅਗਵਾਈ ਹੇਠ ਸਿੱਖ ਮੱਤ ਵਿਰੁੱਧ ਪਾ ਰਿਹਾ ਹੈ।

(੬) ਵਿਸ਼ਨੂੰ ਜੀ ਦਾ ੨੪ਵਾਂ ਅਵਤਾਰ ਭਾਵ **ਨਿਹਕਲੰਕੀ ਅਵਤਾਰ** ਕਿਵੇਂ ਜੰਮਿਆ ਅਤੇ ਕਿਸਦੇ ਘਰ ਜਨਮਿਆ ਆਦਿਕਾਂ ਦਾ ਜ਼ਿੱਕਰ ਕਰਨ ਦੀ ਥਾਂ ਇੱਕ ਬ੍ਰਾਹਮਣ ਦੇਵੀ ਭਗਤ ਉੱਤੇ ਬਿਪਤਾ ਪੈਣ ਸਾਰ ਹੀ ਨਿਹਕਲੰਕੀ ਅਵਤਾਰ ਦੁਰਲਭ ਕਿਸਮ ਦੇ ਘੋੜੇ ਤੇ ਬੈਠੇ ਹੋਏ ਪ੍ਰਗਟ ਹੋ ਗਿਆ। **੪੫੦ ਫੁਟ ਉੱਚੇ ਘੋੜੇ ਦੀ ਕਲਪਨਾ ਇੱਕ ਵਾਰ ਤਾਂ ਹਰ ਪਾਠਕ ਨੂੰ ਇਹ ਸੋਚਣ ਤੇ ਮਜਬੂਰ ਕਰਦੀ ਹੈ ਕਿ ਕਵੀ ਸ਼ਯਾਮ ਦਾ ਦਿਮਾਗ਼ੀ ਮੁਆਇਨਾ ਕਿਹੜੀ ਮਾਨਸਕ ਰੋਗਾਂ ਵਾਲੀ ਮੈਡੀਕਲ**

**ਸੰਸਥਾ ਤੋਂ ਕਰਵਾਇਆ ਜਾਏ। ੪੫੦ ਫੁਟ ਉੱਚਾਈ ਵਾਲੇ ਖ਼ੂਬਸੂਰਤ ਘੋੜੇ ਤੇ ਬੈਠੇ ਹੋਏ ਰੇਡੀ-ਮੇਡ ਨਿਹਕਲੰਕੀ ਅਵਤਾਰ ਨੇ ਬੇਸ਼ੁਮਾਰ ਹਾਥੀਆਂ, ਘੋੜਿਆਂ, ਰੱਥਾਂ ਅਤੇ ਪੈਦਲ ਫ਼ੌਜਾਂ ਸਹਿਤ ਜਗਤ ਦੇ ਲੋਕਾਂ ਨੂੰ ਆ ਦੀਦਾਰ ਦਿੱਤੇ ਸਨ।**

(੭) ੪੮੮ ਬੰਦਾਂ ਵਾਲੀ ਇਸ ਲੰਬੀ ਅਵਤਾਰ ਕਥਾ ਵਿੱਚੋਂ ਇਸ ਸ਼ੈਤਾਨ ਸਾਕਤ ਕਵੀ ਸ਼ਯਾਮ ਬਾਰੇ ਬਹੁਤ ਸਾਰੀਆਂ ਗੱਲਾਂ ਆਪ ਮੁਹਾਰੇ ਹੀ ਪੂਰੀ ਤਰ੍ਹਾਂ ਖੁਲ੍ਹ ਗਈਆਂ ਹਨ। **ਜਾਤ-ਪਾਤੀ ਵਿਤਕਰਿਆਂ ਦੇ ਗੰਦੇ ਚਿੱਕੜ ਨਾਲ ਪੂਰੀ ਤਰ੍ਹਾਂ ਲਿਬੜਿਆ ਹੋਇਆ ਕਰਮ-ਕਾਂਡੀ ਸਾਕਤੀ ਬ੍ਰਾਹਮਣ ਆਪਣੀ ਨਾਕਸ ਬੁਧੀ ਅਤੇ ਅਤਿ ਗੰਦੇ ਅਰ ਗੁਰਮਤਿ-ਵਿਰੋਧੀ ਵਿਚਾਰਾਂ ਸਹਿਤ ਸਪੱਸ਼ਟ ਉਘੜ ਆਉਂਦਾ ਹੈ।**

ਗੁਰਮਤਿ ਵਿਚਾਰਧਾਰਾ ਨੇ ਸਪੱਸ਼ਟ ਤੌਰ ਤੇ ਬੇਬਾਕੀ ਨਾਲ ਦਸਿਆ ਹੈ - "ਸਭਨਾ ਜੀਆਂ ਕਾ ਇਕੁ ਦਾਤਾ" (੨) ਅਤੇ ਬੁਲੰਦ ਆਵਾਜ਼ ਨਾਲ ਸਭ ਨੂੰ ਕੰਨ੍ਹ ਖੋਲ੍ਹ ਕੇ ਸੁਣਨ ਦੀ ਤਾਕੀਦ ਕੀਤੀ ਹੈ - "ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ" (੧੩੪੯) ਅਤੇ ਇਸ ਸਿਧਾਂਤ ਤੋਂ ਥੋੜੀ ਜਿਹੀ ਥਿੜਕਣਾ ਨੂੰ ਵੀ ਗੁਰਮਤਿ ਨੇ ਬਰਦਾਸ਼ਤ ਕਰਨ ਤੋਂ ਸਦਾ ਸਾਫ਼ ਇਨਕਾਰ ਕੀਤਾ, ਯਥਾ:-

**ਜਾਤਿ ਕਾ ਗਰਬੁ ਨ ਕਰੀਅਹੁ ਕੋਈ॥**
**ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥**
**ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥**
**ਇਸੁ ਗਰਬ ਤੇ ਚਲਹਿ ਬਹੁਤ ਵਿਕਾਰਾ॥**(ਮ: ੩, ੧੧੨੮ )

**ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥**
**ਬਾਮਨ ਕਹਿ ਕਹਿ ਜਨਮੁ ਮਤ ਖੋਏ॥੧॥ ਰਹਾਉ॥**
**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥**
**ਤਉ ਆਨ ਬਾਟ ਕਾਹੇ ਨਹੀਂ ਆਇਆ॥** (ਕਬੀਰ ਜੀ, ੩੨੪ )

ਚੌਬੀਸ ਅਵਤਾਰਾਂ ਦੀ ਰਚਨਾ ਦਾ ਕਰਤਾ ਸਾਕਤ **ਕਵੀ ਸ਼ਯਾਮ ਜਾਤਿ-ਪਾਤੀ ਵਿਤਕਰਿਆਂ ਦਾ ਕਟੜ ਹਾਮੀ ਹੈ ਅਤੇ ਉਸ ਤੋਂ ਉੱਲਟ ਪ੍ਰਚਲਨ ਉਸਨੂੰ ਪੂਰੀ ਤਰ੍ਹਾਂ ਸਖ਼ਤ ਧਰਮ-ਵਿਰੋਧੀ ਲਗਦਾ ਹੈ**। ਗੁਰੂ ਨਾਨਕ ਪਾਤਿਸ਼ਾਹ ਨੇ ਜਾਤਿ-ਪਾਤੀ ਤੇ ਸੁੱਚ-ਭਿਟ ਦੇ ਵਿਤਕਰਿਆਂ ਨੂੰ ਅਸਰਦਾਰ ਖੋਰਾ ਲਗਾਉਣ ਲਈ ਸਿੱਖਾਂ ਵਿੱਚ ਸਾਂਝੇ ਲੰਗਰਾਂ ਦੀ ਪ੍ਰਥਾ ਤੋਰੀ ਸੀ। ਦਸਵੇਂ ਨਾਨਕ, ਗੁਰੂ ਦਸਮੇਸ਼ ਨੇ ਇੱਕੋ ਅੰਮ੍ਰਿਤੀ ਬਾਟੇ ਨੂੰ ਸਭ ਦਾ ਮੂੰਹ ਲਗਵਾ ਕੇ ਅੱਡ-ਅੱਡ ਉੱਚੀਆਂ ਨੀਵੀਆਂ ਅਖਵਾਉਣ ਵਾਲੀਆਂ

ਜਾਤਾਂ ਦੇ ਮਨਾਂ 'ਚੋਂ ਜਾਤਿ-ਪਾਤੀ ਨਾਲ ਸਬੰਧਤ ਦੁਬਿਧਾ ਵਾਲੀ ਨਾਕਸ ਵਿਚਾਰਧਾਰਾ ਨੂੰ ਜੜ੍ਹੋਂ ਹੀ ਵੱਢ-ਟੁਕ ਛੱਡਿਆ ਸੀ।

ਨਿਹਕਲੰਕੀ ਅਵਤਾਰ ਦਾ ਲਿਖਾਰੀ ਸ਼ਯਾਮ ਥਾਂ-ਥਾਂ ਆਪਣੇ ਆਪ ਨੂੰ ਜਾਤ-ਪਾਤੀ ਵਿਤਕਰਿਆਂ ਦਾ ਕਟੱੜ ਹਾਮੀ ਜ਼ਾਹਿਰ ਕਰਦਾ ਹੈ। ਇਹਨਾਂ ਵਿਤਕਰਿਆਂ ਨੂੰ ਕਿਸੇ ਤਰ੍ਹਾਂ ਵੀ ਟੁਟਦਿਆਂ ਦੇਖ ਸਕਣਾ ਇਸ ਸਾਕਤ ਕਵੀ ਦੇ ਬਰਦਾਸ਼ਤ ਤੋਂ ਬਾਹਰ ਦੀ ਗੱਲ ਹੈ। **ਇਸ ਸਵਾਲ ਉੱਤੇ ਉਸਦੇ ਬੇਹੱਦ ਵਿਗੜਦੇ ਦਿਮਾਗ਼ੀ ਤਵਾਜ਼ਨ ਨੂੰ ਦੇਖ ਕੇ ਸੁਤੇ ਹੀ ਸਾਬਤ ਹੁੰਦਾ ਹੈ ਕਿ ਜੋ ਲੋਕ ਵੀ ਗੁਰੂ ਦਸਮੇਸ਼ ਨੂੰ ਇਸ ਅਤਿ ਦੀ ਨਾਕਸ ਸਾਕਤੀ ਪੁਸਤਕ ਦਾ ਕਰਤਾ ਮੰਨ ਬੈਠੇ ਹਨ, ਉਹ ਬਹੁਤ ਵੱਡੇ ਭੁਲੇਖੇ ਦਾ ਸ਼ਿਕਾਰ ਹੋਏ ਪਏ ਹਨ।**

ਪ੍ਰਤੱਖ ਨੂੰ ਪ੍ਰਮਾਣ ਦੀ ਕਦੀ ਲੋੜ ਨਹੀਂ ਪਈ। ਜਾਤ-ਪਾਤੀ ਵਿਤਕਰਿਆਂ ਅਰ ਤੁਫ਼ਰਕਾਤ ਦੇ ਕਿਲ੍ਹੇ ਦੀਆਂ ਰੇਤ ਨਿਰਮਿਤ ਕੰਧਾਂ ਦੀ ਰੇਤ ਦੇ ਕਿਰ-ਕਿਰ ਪੈਣ ਨਾਲ ਇਸ ਲਿਖਾਰੀ ਦਾ ਦਿਲ ਫੇਲ੍ਹ ਹੋਣ ਨੂੰ ਫਿਰਦਾ ਹੈ, ਯਥਾ:-

**ਏਕ ਏਕ ਮਤ ਐਸਉ ਚੈ ਹੈ॥ ਜਾ ਤੇ ਸਗਲ ਸ਼ੂਦ੍ਰ ਹੁਇ ਜੈ ਹੈ॥**
**ਛਤ੍ਰੀ ਬ੍ਰਹਮਨ ਰਹਾ ਨ ਕੋਈ॥ ਸ਼ੰਕਰ ਬਰਨ ਪਰਜਾ ਸਭ ਹੋਈ॥੧੫॥**
**ਸ਼ੂਦ੍ਰ ਧਾਮ ਬਸਿ ਹੈ ਬ੍ਰਹਮਨੀ॥ ਵੈਸ਼ ਨਾਰ ਹੋਇ ਛਤ੍ਰਾਨੀ॥੧੬॥**

(ਪੰਨਾ ੫੭੨)

**ਛਤ੍ਰਿਆਨੀ ਛੋਰ ਕੈ ਨਰ ਨਾਹ ਨੀਚਨ ਰਾਵ ਹੈ॥**
**ਤਜ ਰਾਜ ਅਉਰ ਸਮਾਜ ਕੋ ਗ੍ਰਿਹਿ ਨੀਚ ਰਾਨੀ ਜਾਵ ਹੈ॥**
**ਸ਼ੂਦ੍ਰ ਬ੍ਰਹਮਸੁਤਾ ਭਏ ਰਤ, ਬ੍ਰਹਮ ਸੂਦ੍ਰੀ ਹੋਹਿੰ ਗੇ॥**
**ਬੇਸਯਾ ਬਾਲ ਬਿਲੋਕ ਕੈ ਮੁਨਿਰਾਜ ਧੀਰਜ ਖੋਹਿੰ ਗੇ॥੨੪॥**

(ਪੰਨਾ ੫੭੩)

ਸ਼ਯਾਮ ਦੇ ਦੇਵੀ ਭਗਤ ਹੋਣ ਕਾਰਨ ਉਹ ਦੇਵੀ ਦੇ ਉਹਨਾਂ ਕੰਮਾਂ ਨੂੰ ਬਹੁਤ ਸ਼ਾਨ ਤੇ ਫ਼ਖ਼ਰ ਨਾਲ ਬਿਆਨ ਕਰਦਾ ਹੈ ਜਿਹਨਾਂ ਨੂੰ ਕਹਿਣ ਸੁਣਨ ਮਾਤਰ ਨਾਲ ਮਨ ਵਿੱਚ ਅੰਤਾਂ ਦੀ ਘਿਰਨਾ, ਗਲਾਨੀ ਤੇ ਨਮੋਸ਼ੀ ਜਿਹੀ ਪੈਦਾ ਹੁੰਦੀ ਹੈ। ਮੈਦਾਨੇ ਜੰਗ ਵਿੱਚ ਕੇਵਲ ਦੇਵੀ ਦਾ **ਸ਼ੇਰ ਹੀ ਰੱਤ-ਪੀਣਾ ਨਹੀਂ ਦਸਿਆ ਗਿਆ ਬਲਕਿ ਦੇਵੀ ਦਾ ਆਪਣਾ ਵਤੀਰਾ ਤੇ ਵਿਓਹਾਰ ਵੀ ਵੀਭਤਸ ਭਾਵ ਨੂੰ ਹੀ ਪੈਦਾ ਕਰਦਾ ਹੈ। ਢੋਲ ਵਜ ਰਹੇ ਹਨ ਅਤੇ ਚੰਡੀ ਦੇਵੀ ਜੰਗ ਵਿੱਚ ਮਾਰੇ ਗਏ ਬੰਦਿਆਂ ਦੀਆਂ ਖੋਪਰੀਆਂ ਨਾਲ ਆਪਣੇ ਗਲ ਵਿੱਚ ਪਾਉਣ ਲਈ ਮਾਲਾ ਪਰੋ ਰਹੀ ਹੈ,** ਯਥਾ:-

**ਪੋਅੰਤ[1] ਮਾਲ[2] ਕਾਲੀ ਕਪਾਲ[3] ॥**
**ਚਲਚਿੱਤ[4] ਚੱਖ[5] ਛਾਡੰਤ ਜ੍ਵਾਲ[6] ॥੪੨੩॥** (ਪੰਨਾ ੫੯੯)

੧. ਪਰੋ ਰਹੀ ਹੈ। ੨. ਮਾਲਾ। ੩. ਖੋਪਰੀਆਂ ਦੀ। ੪. ਚੰਚਲ। ੫. ਅੱਖਾਂ। ੬. ਅੱਗ।

ਸੰਭਲਪੁਰ ਦੇ ਦੇਵੀ ਪੂਜਾ ਦੇ ਵਿਰੋਧੀ ਰਾਜੇ ਨੂੰ ਫ਼ਨਾਹ ਕਰਨ ਵਾਲੇ ਮਹਾਨ ਕੰਮ ਨੂੰ ਕਰ ਕੇ ਨਿਹਕਲੰਕ ਜੀ ਨੇ ਧਰਮ ਦੀ ਵੱਡੀ ਸੰਸਥਾਪਨਾ ਕਰ ਲਈ ਸੀ। ਇਸ ਪਿਛੋਂ ਇਸੇ ਪੁਸਤਕ ਵਿੱਚ ਲੱਖਾਂ ਕਰੋੜਾਂ ਦੀਆਂ ਫ਼ੌਜਾਂ ਨਾਲ **ਉੱਤਰ, ਦੱਖਣ, ਪੂਰਬ ਅਤੇ ਪੱਛਮ ਦੇ ਅਨੇਕਾਂ ਦੇਸ਼ਾਂ ਦੇ ਰਾਜਿਆਂ ਤੇ ਉਹਨਾਂ ਦੀਆਂ ਫ਼ੌਜਾਂ ਨੂੰ ਤਬਾਹ ਕਰਨ ਜਾਂ ਜ਼ੇਰ ਕਰਨ ਪਿੱਛੋਂ ਨਿਹਕਲੰਕ ਜੀ ਦਾ ਹੰਕਾਰ ਬਹੁਤ ਵੱਧ ਗਿਆ ਦਸਿਆ ਗਿਆ ਹੈ ਅਤੇ ਉਹ ਆਪਣੇ ਆਪ ਨੂੰ ਹੀ ਸਭ ਕੁੱਝ ਦਸਣ ਲਗ ਗਏ ਸਨ,** ਯਥਾ:-

**ਜਗ ਜੀਤਿਓ ਜਬੁ ਸਰਬ॥ ਤਬ ਬਾਢਿਓ ਅਤਿ ਗਰਬ॥**
**ਦਿਯ ਕਾਲ ਪੁਰਖ ਬਿਸਾਰ॥ ਇਹ ਭਾਂਤ ਕੀਨ ਬਿਚਾਰ॥** ੬੮੩..

**ਨਹਂ ਕਾਲ ਪੁਰਖ ਜਪੰਤ॥ ਨਹਂ ਦੇਵ ਜਾਪ ਭਣੰਤ॥**
**ਤਬ ਕਾਲ ਦੇਵ ਰਿਸਾਇ॥ ਇਕ ਅਉਰ ਪੁਰਖ ਬਨਾਏ॥** ੫੮੬॥

(ਪੰਨਾ ੬੧੦)

**ਰੱਬ ਜੀ ਦਾ ਅਵਤਾਰ ਕੀ ਤੇ ਉਸ ਨੂੰ ਹੰਕਾਰ ਹੋ ਜਾਣਾ ਕੀ ਆਖੇ? ਇਸ ਚਰਿਤ੍ਰ ਦੇ ਅੰਤਲੇ ਹਿੱਸੇ ਵਿੱਚ ਇਸ ਸਾਕਤ ਕਵੀ ਨੇ ਲਿਖਿਆ ਹੈ ਕਿ ਨਿਹਕਲੰਕੀ ਅਵਤਾਰ ਦੀ ਇਸ ਹਰਕਤ ਤੋਂ ਦੁਖੀ ਹੋ ਕੇ ਸਾਕਤੀ ਇੱਸ਼ਟ, ਕਾਲ ਪੁਰਖ ਨੇ ਇੱਕ ਹੋਰ ਮਨੁੱਖ ਉਸਨੂੰ ਕਤਲ ਕਰਨ ਲਈ ਪੈਦਾ ਕਰ ਦਿੱਤਾ। ਉਹ ਮਨੁੱਖ ਸੀ ਬੜਾ ਕਰੜਾ ਅਤੇ ਬਲਵਾਨ ਮਹਿੰਦੀ ਮੀਰ, ਜਿਸਨੇ ਰੱਬ ਜੀ ਦੇ ਇਸ ਨਿਹਕਲੰਕੀ ਅਵਤਾਰ ਨੂੰ ਵੀ ਕਤਲ ਕਰ ਕੇ ਰੱਖ ਦਿੱਤਾ,** ਯਥਾ:-

**ਰਚਿ ਅਸ ਮਹਿੰਦੀ ਮੀਰ॥ ਰਿਸਵੰਤ ਹਾਠ ਹਮੀਰ॥**
**ਤਿਹ ਤਉਨ ਕੋ ਬਧੁ ਕੀਨ॥ ਪੁਨ ਆਪ ਮੋ ਕਿਯ ਲੀਨ॥੫੮੭॥**
(ਪੰਨਾ ੬੧੦)

ਇਸ ਲਿਖਾਰੀ ਨੇ ਮੀਰ ਮਹਿੰਦੀ ਨੂੰ ਸ਼ਾਇਦ ਮੁਸਲਮਾਣ ਹੋਣ ਕਾਰਨ ਚੌਵੀ ਅਵਤਾਰਾਂ ਵਿੱਚੋਂ ਬਾਹਰ ਰਖਿਆ ਹੈ। **ਉਸ ਬਾਰੇ ਇਹ ਲਿਖ ਕੇ ਕਿ ਉਸਨੂੰ ਵੀ ਹੰਕਾਰ ਬਹੁਤ ਹੋ ਜਾਣ ਕਾਰਨ "ਕਾਲ ਪੁਰਖ" ਨੇ ਉਸਦੇ**

ਕੰਨ੍ਹ ਵਿੱਚ ਇੱਕ ਕੀੜਾ ਵਾੜ ਕੇ ਉਸਨੂੰ ਬਹੁਤ ਦੁਖ ਦਿੱਤਾ ਅਤੇ ਉਸ ਕੀੜੇ ਨੇ ਉਸ ਨੂੰ ਮਾਰ ਮੁਕਾਇਆ,

ਯਥਾ :-

ਮਹਿੰਦੀ ਭਰਯੋ ਤਬ ਗਰਬ॥ ਜਗ ਜੀਤਯੋ ਜਬ ਸਰਬ॥
ਸਿਰ ਅਤ੍ਰ ਪਤ੍ਰ ਫਿਰਾਇ॥ ਜਗ ਜੇਰ ਕੀਨ ਬਨਾਇ॥੨॥

ਤਬ ਜਾਨ ਕਾਲ ਪ੍ਰਬੀਨ॥ ਤਿਹ ਮਾਰਜੋ ਕਰਿ ਦੀਨ॥
ਇਕ ਕੀਟ ਦੀਨ ਉਪਾਇ॥ ਤਿਸ ਕਾਨ ਪੈਠੋ ਜਾਇ॥੧੦॥

ਧਸ ਕੀਟ ਕਾਨਨ ਬੀਚ॥ ਤਿਸ ਜੀਤਿਓ ਜਿਮ ਨੀਚ॥
ਬਹੁ ਭਾਂਤਿ ਦੇ ਦੁਖ ਤਾਹਿ॥ ਇਹ ਭਾਂਤਿ ਮਾਰਜੋ ਵਾਹਿ॥੧੧॥

(ਪੰਨਾ ੬੧੧)